TO THE READER

KINDLY use this book very carefully. If the book is disfigured or marked or written on while in your possession the book will have to be replaced by a new copy or paid for. In case the book be a volume of set of which single volumes are not available the price of the whole set will be realized.

AMARSINGH COLLEGE

Library

Class No. G83.1

Book No. G97 A

Acc. No. 6785

CHECKED
2005-10

THE KASHMIR BOOKSHOP,
RESIDENCY ROAD, SRINAGAR (KASHMIR).

# ਆਸਮਾਨੀ ਮਹਾਂ-ਨਦੀ

ਤੇ

## ਹੋਰ ਬਦੇਸ਼ੀ ਕਹਾਣੀਆਂ

★

—ਸੰਗ੍ਰਹਿ ਕਰਤਾ—

ਗੁਰਬਖ਼ਸ਼ ਸਿੰਘ

— ਲਾਹੌਰ —

ਪ੍ਰੀਤ ਨਗਰ ਸ਼ਾਪ — ੩੦, ਨਿਸਬਤ ਰੋਡ

ਪਹਿਲੀ ਵਾਰ
1945

## ਐਡੀਟਰ ਪ੍ਰੀਤ-ਲੜੀ ਰਚਿਤ ਪੁਸਤਕਾਂ

*

| | |
|---|---|
| ਪ੍ਰਣ ਪੁਸਤਕ | ੨–੮ |
| ਸਾਵੀਂ ਪਧਰੀ ਜ਼ਿੰਦਗੀ | ੧–੧੨ |
| ਸੁਖਾਵੀਂ ਸੁਧਰੀ ਜ਼ਿੰਦਗੀ | ੧–੮ |
| ਮਨੋਹਰ ਸ਼ਖ਼ਸੀਅਤ | ੧–੮ |
| ਫ਼ੈਸਲੇ ਦੀ ਘੜੀ | ੦–੧੨ |
| ਕੁਦਰਤੀ ਮਜ਼੍ਹਬ | ੧–੦ |
| ਏਸ਼ੀਆ ਦਾ ਚਾਨਣ | ੨–੪ |
| ਸੁਪਨੇ | ੧–੪ |
| ਪਰਮ ਮਨੁਖ | ੧–੧੨ |
| ਪ੍ਰੀਤ ਮਾਰਗ | ੦–੮ |
| ਨਾਗ ਪ੍ਰੀਤ ਦਾ ਜਾਦੂ | ੧–੮ |
| ਪ੍ਰੀਤ ਕਹਾਣੀਆਂ | ੨–੪ |
| ਅਨੋਖੇ ਤੇ ਇਕਲੇ | ੨–੪ |
| ਵੀਣਾ ਵਿਨੋਦ | ੧–੪ |
| ਰੋਸ਼ਾਨਾ ਜ਼ਿੰਦਗੀ ਦੀ ਸਿਖਿਆ (ਦੋਵੇਂ ਹਿਸੇ) | ੩–੪ |
| ਅਣ ਵਿਆਹੀ ਮਾਂ | ੧–੪ |
| ਰਾਜ ਕੁਮਾਰੀ ਲਤਿਕਾ (ਕਠੇ ਚਾਰ ਡਰਾਮੇ) | ੨–੪ |
| ਪ੍ਰੀਤ ਮੁਕਟ | ੧–੦ |
| ਪੂਰਬ ਪਛਮ | ੧–੦ |
| ਪ੍ਰੀਤ ਮਣੀ | ੧–੮ |
| ਰਾਜ ਕੁਮਾਰੀ ਲਤਿਕਾ | ੧–੮ |
| ਨਾਗ ਪ੍ਰੀਤ ਦਾ ਜਾਦੂ | ੧–੮ |

*

ਪ੍ਰੀਤ ਨਗਰ ਸ਼ਾਪ
੩੦, ਨਿਸਬਤ ਰੋਡ, ਲਾਹੌਰ

ਪ੍ਰਿੰਟਰ : ਅਮਰ ਸਿੰਘ — ਮਾਡਲ ਇਲੈਕਟ੍ਰਿਕ ਪ੍ਰੈਸ, ੧੩ ਮੈਕਲੋਗਨ ਰੋਡ, ਲਾਹੌਰ
ਪਬਲਿਸ਼ਰ : ਸ: ਗੁਰਬਖ਼ਸ਼ ਸਿੰਘ — ਪ੍ਰੀਤ ਨਗਰ (ਅੰਮ੍ਰਿਤਸਰ)

# ਆਸਮਾਨੀ ਮਹਾਂ-ਨਦੀ

## ਤੇ ਹੋਰ ਬਦੇਸ਼ੀ ਕਹਾਣੀਆਂ

SINGH COLLEGE
6785
Rs 1/12/-

ਲਾਹੌਰ

**ਪ੍ਰੀਤ ਨਗਰ ਸ਼ਾਪ**

੩੦, ਨਿਸਬਤ ਰੋਡ

cat 83.1


| | |
|---|---|
| ਆਸਮਾਨੀ ਮਹਾਂ-ਨਦੀ | ੯ |
| ਨਬੋਥੇ ਦਾ ਅੰਗੂਰ-ਵਾੜਾ | ੧੪ |
| ਰੂਸੀ ਰਾਤਾਂ | ੩੩ |
| ਪੀਂਘ | ੪੦ |
| ਪ੍ਰੀਤ ਪੁਰਾਣੀ ਨਾ ਥੀਏ | ੫੫ |
| ਪੁਰਾਣੀਆਂ ਦੀ ਥਾਂ ਨਵੀਆਂ ਜਿੰਦਾਂ | ੬੮ |
| ਉਤਸਿਕਤਾ | ੮੩ |
| ਤਿੰਨ ਹਜ਼ਾਰ ਮੀਲ ਦੀ ਵਿਥ | ੮੭ |
| ਅਖ਼ੀਰਲਾ ਸਬਕ਼ | ੧੦੫ |
| ਜ਼ਿੰਦਗੀ | ੧੧੩ |


★

# ਅਸਮਾਨੀ ਮਹਾ ਨਦੀ

੧੯੧੮ ਦੇ ਹੁਨਾਲੇ ਵਿਚ ਮੈਂ ਇਕ ਕਾਫ਼ਿਲੇ ਦੇ ਨਾਲ ਬਗ਼ਦਾਦ ਜਾ ਰਿਹਾ ਸਾਂ। ਇਕ ਦਿਨ ਸਵੇਰੇ ਤੁਰਦਿਆਂ ਸਾਨੂੰ ਦੇਰ ਹੋ ਗਈ, ਇਸ ਲਈ ਮੰਜ਼ਲ ਮੁਕਣ ਤੋਂ ਪਹਿਲਾਂ ਹੀ ਗ਼ਜ਼ਬ ਦੀ ਗਰਮੀ ਵਰ੍ਹਨੀ ਸ਼ੁਰੂ ਹੋ ਗਈ। ਚਿੱਟੀ ਸੜਕ ਵਿਚੋਂ ਸੂਰਜ ਦਾ ਅੱਕਸ ਲੱਭਦਾ ਸੀ ਤੇ ਸੱਜੇ ਖੱਬੇ ਰੇਤ ਲਾਲ ਭਖ਼ਦੀ ਸੀ। ਉਹ ਮੇਰੀ ਜ਼ਿੰਦਗੀ ਦਾ ਸਭ ਤੋਂ ਗਰਮ ਦਿਨ ਸੀ; ਹਰਾਰਤ ਇਕ ਸੌ ਤੇਈ ਡਿਗਰੀ ਤੋਂ ਟੱਪ ਚੁੱਕੀ ਸੀ। ਹਵਾ ਤੱਪ ਤੱਪ ਕੇ ਕੰਬ ਰਹੀ ਸੀ, ਤੇ ਏਡੀ ਹੌਲੀ ਹੋਈ ਜਾਪਦੀ ਸੀ ਕਿ ਖਿਚ ਭਰਕੇ ਲਏ ਹੋਏ ਸਾਹ ਨਾਲ ਭੀ ਫੇਫੜੇ ਖਾਲੀ ਭਾਸਦੇ ਸਨ। ਪਾਣੀ ਦੇ ਤਰਸੇਂਵੇ ਤੋਂ ਮੈਂ ਜਾਣੂ ਸਾਂ, ਜਦੋਂ ਪਟਰੌਲ ਕਨਸਤਰ ਵਿਚੋਂ ਵੀ ਘੁੱਟ ਭਰਨ ਨੂੰ ਜੀ ਆ ਜਾਂਦਾ ਹੈ, ਪਰ ਸਾਹ ਲੈਣ ਦਾ ਤਰਸੇਂਵਾਂ ਮੇਰੇ ਲਈ ਨਵੀਂ ਗਲ ਸੀ। ਠੰਡੀ ਪੌਣ ਦੇ ਚੌਂਹ ਭਰਵੇਂ ਸਵਾਸਾਂ ਲਈ ਜੀ ਲੋਚਦਾ ਸੀ; ਹੌ ਹੌ ਕਰਦੀ ਹਿੱਕ ਧੁੰਨਖੁਣੀ ਵਾਂਗ ਹੰਭ ਰਹੀ ਸੀ। ਦੋ ਵਰ੍ਹੇ ਜ਼ਿੰਦਗੀ ਦੇ ਦਿਤਿਆਂ ਜੇ ਦੋ ਠੰਡੇ ਸਾਹ ਮਿਲ ਪੈਂਦੇ ਤਾਂ ਖ਼ਰੀਦ ਲੈਂਦਾ।

ਕੁਦਰਤ ਬੜੀ ਕਾਰ ਸਾਜ਼ ਹੈ! ਜੇ ਉਸ ਘੜੀ ਉਸ ਭੁਜਦੇ ਰੇਗਿਸਤਾਨ ਵਿਚ ਪਾਣੀ ਦੀ ਝੀਲ ਪੈਦਾ ਕਰਨੀ ਅਸੰਭਵ ਸੀ ਤਾਂ ਉਸਨੇ ਮੇਰੇ ਲਈ ਮੇਰੇ ਦਿਮਾਗ਼ ਵਿਚ ਇਕ ਠੰਡਾ ਮਿੱਠਾ ਸੋਮਾ ਵਗਾ ਦਿੱਤਾ। ਮੇਰਾ ਸਿਰ ਪਹਿਲੋਂ ਧੜਕਣ, ਫੇਰ ਚੱਕਰ ਖਾਣ ਲੱਗ ਪਿਆ ਮੇਰੀ ਨਜ਼ਰ ਕੰਬੀ ਤੇ ਇਕ ਗ਼ਸ਼ੀ ਜਿਹੀ ਦਾ ਗ਼ਲਬਾ ਜਾਪਿਆ, ਤੇ

ਦੂਜੇ ਪਲ ਮੈਂ ਅਚੇਤ ਮਨ (Sub-Concious) ਦੀ ਸਲਤਨਤ ਦੇ, ਅਤਿ ਸੁੰਦਰ ਭਾਗ ਵਿਚ ਪਹੁੰਚ ਗਿਆ। ਉਥੇ ਕੀ ਵੇਖਦਾ ਹਾਂ :

"ਕਿ ਮੇਰੀ ਤਪਦੀ ਆਤਮਾ, ਢੂੰਡਦੀ ਲਭਦੀ ਇਕ ਹਰੀ ਢਲਾਣ ਦੇ ਕੋਲ ਜਾ ਪਹੁੰਚੀ। ਠੰਡੀ ਪੌਣ ਨੇ ਮੇਰੇ ਅੰਦਰ ਉਬਲਦਾ ਲਹੂ ਯਖ਼ ਕਰ ਦਿਤਾ; ਹਿਕ ਠਰ ਗਈ ਤੇ ਅੱਖਾਂ ਚੌੜੀਆਂ ਹੋ ਕੇ ਖੁਲ੍ਹੀਆਂ। ਸਾਹਮਣੇ ਸੁਹਣਾ ਸਮਾਨੀ ਜਲ ਛੱਲਾਂ ਮਾਰ ਰਿਹਾ ਸੀ। ਪਾਰਲਾ ਕੰਢਾ ਅਲੋਪ ਸੀ; ਉਰਾਰਲਾ ਗੋਲਾਈ ਵਿਚ ਸੀ; ਮੈਂ ਆਖ ਨਹੀਂ ਸਕਦਾ ਕਿ ਉਹ ਝੀਲ ਸੀ ਜਾਂ ਸਮੁੰਦਰ, ਪਰ ਪਾਣੀ ਦਾ ਅਗੇ ਵਲ ਰੋੜ੍ਹ ਕਿਸੇ ਸੁਹਣੀ ਸਮਾਨੀ ਮਹਾਂ ਨਦੀ ਦਾ ਪਤਾ ਦੇਂਦਾ ਸੀ,। ਮੈਂ ਹੇਠਾਂ ਉਤਰਿਆ; ਦੋਏਂ ਹੱਥ ਜੋੜ ਕੇ ਬੁਕ ਭਰ ਲਿਆ, ਪਰ ਇਸ ਬੁਕ ਵਿਚ ਪਾਣੀ ਬੇ-ਰੰਗ ਸੀ; ਨਾ ਉਹਦੇ ਵਿਚ ਮਹਾਂ ਨਦੀ ਵਾਲੀ ਜ਼ਿੰਦਗੀ ਸੀ। ਮੈਂ ਹੱਥ ਖੋਲ੍ਹ ਦਿੱਤੇ, ਬੁਕ ਵਿੱਚੋ ਡੁਲ੍ਹ ਪਿਆ। ਫੇਰ ਮੈਂ ਲੱਤਾਂ ਵਿਛਾਕੇ ਬਾਂਹ ਟੇਕ ਕੇ ਬੁਲ੍ਹ ਪਾਣੀ ਵਿਚ ਡੋਬ ਦਿੱਤੇ। ਕਿਹੀ ਤਾਜ਼ਗੀ, ਕਿਹਾ ਰੰਗ! ਨਾ ਕਾਲੇ, ਨਾ ਚਿਟੇ, ਨਾ ਸਮਾਨੀ, ਮੇਰੇ ਬੁਲ੍ਹਾਂ ਦਾ ਕੋਈ ਅਨੋਖਾ ਸਾਵਾ ਬਲੌਰੀ ਰੰਗ ਸੀ।

ਵਾਹ ਜ਼ਿੰਦਗੀ, ਜੀ ਕੀਤਾ ਉਸ ਜੀਉਂਦੇ ਪਾਣੀ ਦੀ ਇਕ ਨਚਦੀ ਲਹਿਰ ਬਣ ਜਾਵਾਂ! ਕਪੜੇ ਲਾਹ ਵਗਾਏ ਤੇ ਧੜੱਮ ਵਿਚ ਕੁੱਦ ਪਿਆ।– ਸਾਰਾ ਸਰੀਰ ਰੰਗ ਘੱਤਾ, ਮੇਰੇ ਰੋਮ ਰੋਮ ਵਿਚੋਂ ਮਹਾਂ ਨਦੀ ਦੀ ਰੌ ਆਰ ਪਾਰ ਵਹਿੰਦੀ ਅਨੁਭਵ ਹੋ ਰਹੀ ਸੀ ਤੇ ਬੇ-ਯਤਨ, ਬੇ-ਫ਼ਿਕਰ ਤੇ ਬੇ-ਰੋਕ ਉਹਦੀਆਂ ਛਲ੍ਹਾਂ ਨਾਲ ਛਲ੍ਹਕ ਛੁਲ੍ਹਕ ਕੇ ਸਰੂਰਿਆ ਜਾ ਰਿਹਾ ਸਾਂ।

ਪਰ ਤੱਦੇ ਇਕ ਛਲ੍ਹ ਐਸੀ ਆਈ ਕਿ ਮੈਨੂੰ ਕੰਢੇ ਉੱਤੇ ਛੁਲ੍ਹਕਾ ਕਢਿਆ। ਕੁਝ ਚਿਰ ਸਾਹਮਣੇ ਜ਼ਿੰਦਗੀ ਦੀ ਭਰਪੂਰਤਾ ਵਲ ਤੱਕਦਾ ਰਿਹਾ, ਫੇਰ ਪਾਲੇ ਨਾਲ ਅੰਗ ਕੰਬਣ ਲਗੇ। ਮੈਂ ਆਪ-ਣੀਆਂ ਲੀਰਾਂ ਢੂੰਡ ਕੇ ਮੁੜ ਤਨ ਨਾਲ ਘੁਟ ਕੇ ਪਹਿਣ ਲਈਆਂ।

ਪਾਰ ਸਾਹਮਣਿਓਂ ਸੂਰਜ ਵੀ ਟੁੱਭੀ ਦਾ ਮੁਸ਼ਤਾਕ ਦਿਸਿਆ। ਉਹਦੇ ਸੁਨਹਿਰੀ ਪਹਿਰਣ ਦੀਆਂ ਹੇਠਲੀਆਂ ਕੰਨੀਆਂ, ਮੇਰੇ ਵੂਲ੍ਹਾਂ ਵਾਂਗ ਉਸ ਪੰਘਰੇ ਨੀਲਮ ਦੀ ਧਾਰਾਂ ਨਾਲ ਅਜੇ ਛੁਹੀਆਂ ਹੀ ਸਨ। ਸੁਨਹਿਰੀ ਮੁਖੜਾ ਪਲੋ ਪਲੀ ਨੀਲੇ ਵਿਚ ਧਸਦਾ ਗਿਆ। ਦੁਨੀਆ ਦਾ ਚਾਨਣ ਹਨੇਰਾ ਹੋਣ ਲਗ ਪਿਆ ਤਾਂ ਮੈਂ ਘਰ ਵਲ ਮੂੰਹ ਕੀਤਾ। ਸਾਹਮਣੇ ਕੀ ਵੇਖਦਾ ਹਾਂ ਘਾਹ ਉਤੇ ਇਕ ਸੁੰਦਰ ਮਟਕੀ ਪਈ ਹੈ ਨੀਲੇ ਅੰਮ੍ਰਿਤ ਦੀ ਭਰ ਲਈ, ਸਿਰ ਉਤੇ ਧਰ ਲਈ, ਆਖਿਆ, ਰੇਗਿਸਤਾਨ ਦੀ ਵਸੋਂ ਨੂੰ ਘੁਟ ਘੁਟ ਪਿਲਾਵਾਂਗਾ।

ਥੋੜੀ ਵਾਟ ਹੀ ਗਿਆ ਹੋਵਾਂਗਾ ਕਿ ਕਈ ਹੋਰ ਆਦਮੀ ਸਜਿਓਂ ਖਬਿਓਂ ਢਲਾਣ ਚੜ੍ਹ ਕੇ ਥਲ ਵਲ ਆਉਂਦੇ ਦਿੱਸੇ। ਸਭ ਦੇ ਸਿਰਾਂ ਉਤੇ ਇਕ ਇਕ ਮਟਕੀ ਸੀ; ਸਭ ਮਟਕੀਆਂ ਦੇ ਨਮੂਨੇ ਵਖੋ ਵਖ ਸਨ; ਸਭੇ ਸੁੰਦਰ, ਪਰ ਮੇਰੇ ਵਾਲੀ ਮੈਨੂੰ ਕੁਝ ਵਧੇਰੇ ਸੁੰਦਰ ਦਿਸਦੀ ਸੀ, ਪਰ ਅਗੇ ਚਲ ਕੇ ਮੈਨੂੰ ਇਸ ਗਲ ਦਾ ਸ਼ਕ ਪੈ ਗਿਆ, ਜਦੋਂ ਮੈਂ ਵੇਖਿਆ ਕਿ ਸਭੇ ਆਪਣੀ ਮਟਕੀ ਨੂੰ ਦੂਜੇ ਦੀ ਨਾਲੋਂ ਸੁੰਦਰ ਖ਼ਿਆਲ ਕਰਦੇ ਸਨ। ਇਕ ਦੂਜੇ ਨੂੰ ਵੇਖ ਕੇ ਸਾਰੇ ਇਕੱਠੇ ਹੋ ਗਏ। ਮਹਾਂ ਮੰਦੀ ਦਾ ਹਾਲ ਪੁਛਿਆ ਗਿਛਿਆ; ਪਰ ਕਿਸੇ ਨੂੰ ਦੂਜੇ ਦਾ ਯਕੀਨ ਨਾ ਆਇਆ। ਸਭ ਇਹੀ ਸਮਝਦੇ ਸਨ ਕਿ ਦੂਜਾ ਕਿਤੋਂ ਛੱਪੜ ਟੋਭੇ 'ਚੋਂ ਮਟਕੀ ਭਰ ਲਿਆਇਆ ਹੈ, ਕਿਉਂਕਿ ਕੰਢੇ ਦੀ ਗੋਲਾਈ ਕਰਕੇ ਇਕ ਦੂਜੇ ਨੂੰ ਵੇਖ ਨਹੀਂ ਸੀ ਸਕਿਆ। ਆਪਣੀ ਸਚਾਈ ਦੀਆਂ ਸਭ ਸੁਗੰਧਾਂ ਖਾਂਦੇ ਸਨ, ਪਰ ਇਤਬਾਰ ਕਿਸੇ ਦਾ ਕਿਸੇ ਨੂੰ ਨਹੀਂ ਸੀ ਆਇਆ। ਦੋਂਹ ਚੌਂਹ ਦੀ ਬਹਿਸ ਕੁਝ ਵਧੇਰੇ ਗਰਮ ਹੋ ਗਈ ਤੇ ਉਨ੍ਹਾਂ ਦੀਆਂ ਮਟਕੀਆਂ ਢੇ ਕੇ ਭੱਜ ਪਈਆਂ।

ਐਨੇ ਨੂੰ ਰੇਗਿਸਤਾਨ ਦੀ ਤਰਫ਼ੋਂ ਇਕ ਪਿਆਸੀ ਆਤਮਾ ਭੌਂਦੀ ਭਟਕਦੀ ਓਧਰ ਆ ਨਿਕਲੀ। ਆਪਣੀ ਪਿਆਸ ਦਾ ਧਿਆਨ ਕਰ ਕੇ ਤੇ ਉਨ੍ਹਾਂ ਦੀਆਂ ਵਿਅਰਥ ਭਜੀਆਂ ਮਟਕੀਆਂ ਵੇਖ

ਕੇ ਬੜਾ ਸ਼ੋਕ ਕੀਤਾ। ਉਸ ਨੇ ਮਟਕੀਆਂ ਦੇ ਮੰਬੇ ਦਾ ਹਾਲ ਪੁਛਿਆ। ਸਾਰਿਆਂ ਨੇ ਵਖੋ ਵਖ ਦਸ਼ਾ ਵਿਚ ਉਂਗਲਾਂ ਸਿੱਧੀਆਂ ਕਰ ਦਿਤੀਆਂ। ਆਪਣੀ ਦਸ਼ਾ ਦੀ ਜ਼ੋਰਦਾਰ ਸਿਫਾਰਸ਼ ਕਰਕੇ ਦੂਜਿਆਂ ਦੇ ਦਗ਼ੇ ਫ਼ਰੇਬ ਤੋਂ ਜਾਣੂ ਕਰਨ ਲਈ ਹਰ ਇਕ ਨੇ ਬੜੀ ਦਿਆਨਤਦਾਰੀ ਤੇ ਤਨਦਿਹੀ ਨਾਲ ਜਤਨ ਕੀਤਾ। ਪਿਆਸੇ ਨੂੰ ਇਨ੍ਹਾਂ ਕਿਸੇ ਕੋਲੋਂ ਰਾਹਨੁਮਾਈ ਨਾ ਹੋਈ। ਓੜਕ ਉਸ ਨੇ ਆਖਿਆ ਕਿ ਅਸੀਂ ਸਾਰੇ ਉਹਨੂੰ ਆਪਣੀ ਆਪਣੀ ਮਟਕੀ ਚੋਂ ਬੁਕ ਬੁਕ ਪਿਲਾਈਏ। ਉਹ ਆਪੇ ਵੇਖ ਲਵੇਗਾ। ਸਾਰੇ ਰਾਜ਼ੀ ਹੋ ਗਏ। ਬੜੇ ਉਤਸ਼ਾਹ ਨਾਲ ਮਟਕੀਆਂ ਉੜੀਆਂ ਤੇ ਗ਼ਰ ਗ਼ਰ ਹੋਈ। ਹਰ ਘੁਟ ਪਿਆਸੇ ਨੂੰ ਨਵੀਂ ਤਾਜ਼ਗੀ ਦੇਂਦਾ ਸੀ। ਉਹ ਬੜੇ ਉਮਾਹ ਨਾਲ ਮਟਕੀਓ ਮਟਕੀ ਤੁਰਦਾ ਗਿਆ, ਬੁਕ ਪੀਂਦਾ ਗਿਆ। ਅਖ਼ੀਰ ਸੱਭੇ ਬੋਲ ਉਠੇ:—

"ਹੁਣ ਤੇ ਸਚ ਝੂਠ ਦਾ ਨਿਰਨਾ ਹੋ ਗਿਆ ਹੋਵੇਗਾ — (ਆਪਣੀ ਮਟਕੀ ਵਲ ਇਸ਼ਾਰਾ ਕਰਕੇ) ਇਸ ਅੰਮ੍ਰਿਤ ਨਾਲ ਭਲਾ ਕਿਸੇ ਛਪੜ ਟੋਬੇ ਦਾ ਜ਼ੋਕਾ ਮਿਲ ਸਕਦਾ ਹੈ?"

ਪਿਆਸੇ ਨੇ ਬੁਲ੍ਹਾਂ ਉਤੇ ਇਕਠੇ ਹੁੰਦੇ ਤੁਪਕਿਆਂ ਨੂੰ ਚੂਸਦਿਆਂ ਹੋਇਆਂ ਮੁਸਕਰਾ ਕੇ ਆਖਿਆ:

"ਹੇ ਵਡੇ ਆਦਮੀਓ! ਤੁਹਾਡੀਆਂ ਮਟਕੀਆਂ ਦੇ ਨਮੂਨੇ ਜ਼ਰੂਰ ਅਡੋ ਅੱਡ ਹਨ, ਪਰ ਇਨ੍ਹਾਂ ਵਿਚੋਂ ਇਕੋ ਅੰਮ੍ਰਿਤ ਦਾ ਰਸ ਆਇਆ ਹੈ, ਇਕੋ ਸੋਮੇ ਦੀ ਠੰਡ ਪ੍ਰਾਪਤ ਹੋਈ ਹੈ।— ਮੈਂ ਤੁਹਾਡੇ ਸਾਰਿਆਂ ਦਾ ਧੰਨਵਾਦੀ ਹਾਂ।—ਤੁਸੀ ਮੇਰੇ ਰਸਤੇ ਦੀ ਚਿੰਤਾ ਨਾ ਕਰੋ, ਮੇਰੇ ਭੁਲ ਜਾਣ ਦਾ ਫ਼ਿਕਰ ਨਾ ਕਰੋ। ਤੁਹਾਡੀਆਂ ਉਂਗਲਾਂ ਤੋਂ ਮੈਨੂੰ ਪਤਾ ਲਗ ਗਿਆ ਹੈ, ਕਿ ਜਿਹੜੇ ਪਾਸੇ ਵੀ ਮੈਂ ਦ੍ਰਿੜ੍ਹ ਹੋ ਕੇ ਤੁਰ ਪਵਾਂਗਾ, ਇਨ੍ਹਾਂ ਮਟਕੀਆਂ ਦੇ ਮੰਬੇ ਉਤੇ ਜਾ ਪਹੁੰਚਾਂਗਾ।——ਚੰਗਾ ਤੁਹਾਡਾ ਤੇ ਮੇਰਾ ਰੱਬ ਰਾਖਾ।"

ਤੇ ਬੜੇ ਅਦਬ ਨਾਲ ਸਿਰ ਨੀਵਾਂ ਕਰਕੇ ਉਸ ਸਾਡੇ ਵਲ ਪਿੱਠ ਮੋੜ ਲਈ ਤੇ ਉਹ ਜਿਧਰ ਮੂੰਹ ਆਇਆ ਤੁਰ ਪਿਆ। ਅਸਾਂ ਕਿਸੇ ਨੇ ਉਹਦੀ ਗਲ ਦਾ ਇਤਬਾਰ ਨਾ ਕੀਤਾ। ਮਗਰੋਂ ਪੁਕਾਰ ਪੁਕਾਰ ਕੇ ਠੀਕ ਰਸਤੇ ਜਾਣ ਦੀ ਤਾੜਨਾ ਕੀਤੀ – ਇਕ ਅੱਧੇ ਨੇ ਗੁੱਸੇ ਵਿਚ "ਜਾ ਜਹੰਨਮ ਨੂੰ" ਵੀ ਆਖਿਆ। ਕਈਆਂ ਬੋਲਦਿਆਂ ਦੇ ਸੰਘੇ ਬਹਿ ਗਏ। ਪਰ ਉਸ ਅਨੋਖੇ ਆਦਮੀ ਨੇ ਇਕ ਵਾਰੀ ਭੌਂ ਕੇ ਸਾਡੇ ਵੱਲ ਨਾ ਤੱਕਿਆ, ਤੇ ਗੋਡੇ ਗੋਡੇ ਰੇਤ ਵਿਚ ਕਦਮ ਮਾਰਦਾ ਤੁਰੀ ਗਿਆ। ਨਾ ਉਸ ਨੇ ਉਤੋਂ ਪਈ ਆਉਂਦੀ ਰਾਤ ਦਾ ਕੋਈ ਸਹਿਮ ਕੀਤਾ।

ਜਦੋਂ ਉਹ ਦਿਸਨੋਂ ਹਟ ਗਿਆ ਤਾਂ ਅਸਾਂ ਸਾਰਿਆਂ ਨੇ ਆਪਣੀਆਂ ਮਟਕੀਆਂ ਸਿਰਾਂ ਉਤੇ ਧਰ ਲਈਆਂ ਤੇ ਘਰਾਂ ਵਲ ਤੁਰ ਪਏ। ਪਰ ਇਸ ਧਰਨ ਚੁਕਣ ਵਿਚ ਮੇਰੀ ਮਟਕੀ ਕਿਤੇ ਤਿੜਕ ਗਈ ਹੋਵੇਗੀ, ਕਿਉਂਕਿ ਮੇਰਾ ਸਾਰਾ ਸਿਰ ਗਿੱਲਾ ਹੋ ਗਿਆ, ਤੇ ਕੰਨਾਂ ਬਾਈਂ ਵਗਕੇ ਧਾਰਾਂ ਮੇਰੇ ਗਲਮੇਂ ਵਿਚ ਡਿਗੀਆਂ ਤੇ ਇਕ ਜਲੂਣ ਜਿਹੀ ਹੋਈ। ਜਿਦ੍ਹੇ ਨਾਲ ਮੇਰੀਆਂ ਅੱਖਾਂ ਖੁਲ੍ਹ ਗਈਆਂ ਤੇ ਕੀ ਵੇਖਦਾ ਹਾਂ, ਕਿ ਜਿੱਥੇ ਮੈਨੂੰ ਗ਼ਸ਼ ਆਈ ਸੀ, ਉਥੋਂ ਮੀਲਾਂ ਦੂਰ, ਇਕ ਭਲੇ ਆਦਮੀ ਦੇ ਘਰ, ਜਿਹੜਾ ਸੂਰਤੋਂ ਯਹੂਦੀ ਦਿਸਦਾ ਸੀ, ਦੋ ਪਿਆਰੀਆਂ ਜਹੀਆਂ ਮੂਰਤਾਂ, ਇਕ ਤੀਵੀਂ ਤੇ ਇਕ ਮਰਦ, ਮੇਰੇ ਉਤੇ ਉੜੇ ਖੜੇ ਸਨ, ਤੇ ਚਿੰਤਾਤੁਰ ਹੋਕੇ ਮੇਰੇ ਤਪਦੇ ਸਿਰ ਉਤੇ ਵਾਰੋ ਵਾਰੀ ਠੰਡੇ ਤੌਲੀਏ ਭਿਉਂ ਭਿਉਂ ਕੇ ਰਖ ਰਹੇ ਸਨ!

# ਨਬੋਥੇ ਦਾ ਅੰਗੂਰ-ਵਾੜਾ

ਕਚਹਿਰੀ ਦੇ ਅੰਦਰ ਬਾਹਰ ਬੜੀ ਭੀੜ ਸੀ, ਸਾਰੇ ਪਿੰਡ ਉਥੇ ਆ ਜਮਾਂ ਹੋਏ ਜਾਪਦੇ ਸਨ। ਇਹ ਇਕ ਬੜਾ ਮਸ਼ਹੂਰ ਹੋ ਚੁਕਾ ਮੁਕੱਦਮਾ ਸੀ।

ਮਿਸਟਰ ਮਾਰਸ਼ ਨੂੰ ਕਿਸੇ ਨੇ ਉਸ ਦੇ ਘਰ ਵਿਚ ਹੀ ਗੋਲੀ ਨਾਲ ਮਾਰ ਦਿਤਾ ਦਿਤਾ ਸੀ। ਉਹ ਆਪਣੇ ਕਮਰੇ ਵਿਚ ਲੰਮਾ ਪਿਆ ਲੱਭਾ ਸੀ, ਤੇ ਉਸਦੇ ਜਿਸਮ ਉਤੇ ਏਡਾ ਵਡਾ ਛੇਕ ਸੀ ਕਿ ਅੰਗੂਠਾ ਵਿਚ ਪੈ ਜਾਂਦਾ ਸੀ।

ਮਿਸਟਰ ਮਾਰਸ਼ ਛਿਥੇ ਸੁਭਾ ਵਾਲਾ ਬੁੱਢਾ ਆਦਮੀ ਸੀ, ਆਪਣੇ ਪਰਵਾਰ ਦਾ ਅਖ਼ੀਰਲਾ ਮੈਂਬਰ ਸੀ, ਤੇ ਇਸ ਲਈ ਇਕੱਲਾ ਹੀ ਰਿਹਾ ਕਰਦਾ ਸੀ। ਉਸਦੀਆਂ ਜ਼ਮੀਨਾਂ ਚੰਗੀਆਂ ਸਨ, ਪਰ ਉਨ੍ਹਾਂ ਉਤੇ ਉਸਦਾ ਹੱਕ ਜ਼ਿੰਦਗੀ ਤਕ ਹੀ ਸੀ, ਫੇਰ ਉਹ ਪ੍ਰਦੇਸ ਵਿਚ ਰਹਿੰਦੇ ਦੁਰਾਡੇ ਰਿਸ਼ਤੇਦਾਰਾਂ ਦਾ ਹੱਕ ਸਨ। ਗੁਆਂਢੀ ਫ਼ਾਰਮ ਦੀ ਇਕ ਕੁੜੀ ਉਸਦੀ ਰੋਟੀ ਪਕਾਣ ਆਉਂਦੀ ਸੀ ਤੇ ਘਰ ਵੀ ਸਾਂਭਦੀ ਸੀ, ਤੇ ਆਪਣੇ ਫ਼ਾਰਮ ਦੇ ਕਾਮਿਆਂ ਵਿਚੋਂ ਇਕ ਨੂੰ ਉਹ ਘਰ ਦੇ ਕੰਮ ਲਈ ਰਖਿਆ ਕਰਦਾ ਸੀ।

ਘਰ ਵਿਚੋਂ ਕੋਈ ਚੀਜ਼ ਹਿੱਲੀ ਜੁਲੀ ਨਹੀਂ ਸੀ, ਜਦੋਂ ਗੁਆ-ਢੀਆਂ ਨੇ ਮਾਰਸ਼ ਨੂੰ ਮੋਇਆਂ ਵੇਖਿਆ, ਕੋਈ ਚੋਰੀ ਨਹੀਂ ਸੀ ਹੋਈ, ਕਿਉਂਕਿ ਮਾਰਸ਼ ਦੇ ਬੋਝੇ ਵਿਚੋਂ ਬਹੁਤ ਸਾਰਾ ਰੁਪਈਆ ਅਨਛੋਹ ਮਿਲਿਆ ਸੀ।

ਇਸ ਕਤਲ ਬਾਬਤ ਬਹੁਤੀ ਵਡੀ ਗੁੰਝਲ ਨਹੀਂ ਸੀ ਦਿਸਦੀ, ਕਿਉਂਕਿ ਕਾਮਾ ਗ਼ਾਇਬ ਹੋ ਗਿਆ ਸੀ। ਇਹ ਕਾਮਾ ਉਥੇ ਪ੍ਰਦੇਸੀ ਸੀ, ਕੁਝ ਮਹੀਨੇ ਹੋਏ ਇਹ ਪਹਾੜੀ ਇਲਾਕੇ ਤੋਂ ਮਾਰਸ਼ ਲਈ ਕੰਮ ਕਰਨ ਲਈ ਆਇਆ ਸੀ। ਇਹ ਬੜਾ ਤਕੜਾ, ਗੋਰਾ ਤੇ ਸਨੁਖਾ ਗਭਰੂ ਸੀ, ਆਮ ਕਾਮਿਆਂ ਨਾਲੋਂ ਚੰਗੇ ਘਰਾਣੇ ਦਾ ਜਾਪਦਾ ਹੁੰਦਾ ਸੀ। ਉਸ ਨੇ ਆਪਣਾ ਨਾਂ ਟੇਲਰ ਦਸਿਆ ਹੋਇਆ ਸੀ, ਪਰ ਉਹ ਬਹੁਤੀਆਂ ਗੱਲਾਂ ਨਹੀਂ ਸੀ ਕਰਦਾ, ਇਸ ਲਈ ਉਸ ਦੀ ਬਾਬਤ ਕਿਸੇ ਨੂੰ ਬਹੁਤਾ ਕੁਝ ਮਲੂਮ ਨਹੀਂ ਸੀ।

ਸਾਰੇ ਇਲਾਕੇ ਦੀ ਪੜਤਾਲ ਕੀਤੀ ਗਈ, ਤੇ ਇਹ ਆਦਮੀ ਪਹਾੜਾਂ ਦੇ ਕੋਲੋਂ ਫੜਿਆ ਗਿਆ। ਉਸਨੇ ਆਪਣੇ ਕਪੜੇ ਇਕ ਗੰਢ ਵਿਚ ਬੰਨ੍ਹ ਕੇ ਫੜੇ ਹੋਏ ਸਨ ਉਸਦੇ ਮੋਢੇ ਉਤੇ ਲੰਮੀ ਨਾਲੀ ਵਾਲੀ ਬੰਦੂਕ ਸੀ। ਉਸ ਨੇ ਜਿਹੜੀ ਕਹਾਣੀ ਦੱਸੀ ਉਹ ਇਹ ਸੀ, ਕਿ ਸਵੇਰੇ ਮਿਸਟਰ ਮਾਰਸ਼ ਨੇ ਉਸਦਾ ਫ਼ੈਸਲਾ ਕਰ ਦਿੱਤਾ ਸੀ, ਤੇ ਉਹ ਦੁਪਹਿਰੀਂ ਉਥੋਂ ਵਿਦਾ ਹੋ ਆਇਆ ਸੀ, ਪਰ ਉਹ ਆਪਣੀ ਬੰਦੂਕ ਮਾਰਸ਼ ਦੇ ਘਰ ਭੁਲ ਆਇਆ ਸੀ, ਤੇ ਮੁੜ ਲੈਣ ਗਿਆ ਸੀ। ਚਾਰ ਕੁ ਵਜੇ ਨਾਲ ਉਥੇ ਪਹੁੰਚਾ ਸੀ, ਰਸੋਈ ਵਿਚ ਗਿਆ ਸੀ, ਤੇ ਬੰਦੂਕ ਲੈਕੇ ਚਲਿਆ ਆਇਆ ਸੀ। ਉਸ ਨੇ ਮਾਰਸ਼ ਨੂੰ ਵੇਖਿਆ ਨਹੀਂ ਸੀ ਤੇ ਨਾ ਉਸਨੂੰ ਪਤਾ ਸੀ ਕਿ ਉਹ ਕਿਥੇ ਸੀ।

ਉਸ ਨੇ ਇਹ ਇਕਬਾਲ ਕੀਤਾ ਕਿ ਉਸਦੀ ਬੰਦੂਕ ਵਿਚ ਇਕ ਮੋਟੀ ਸਿੱਕੇ ਦੀ ਗੋਲੀ ਸੀ। ਉਸ ਨੇ ਬੰਦੂਕ ਨੂੰ ਇਕ ਕੁੱਤੇ ਲਈ ਭਰਿਆ ਸੀ ਜਿਹੜਾ ਕਈ ਵਾਰੀ ਉਸ ਦੇ ਘਰ ਆਕੇ ਉਹਨੂੰ ਤਕਲੀਫ਼ ਦਿਆ ਕਰਦਾ ਸੀ। ਉਸ ਨੇ ਬੜੀ ਹਰਾਨੀ ਪ੍ਰਗਟ ਕੀਤੀ ਜਦੋਂ ਉਸਨੂੰ ਦਸਿਆ ਗਿਆ ਕਿ ਉਸ ਵੇਲੇ ਬੰਦੂਕ ਵਿਚ ਕੋਈ ਗੋਲੀ ਨਹੀਂ ਸੀ। ਉਸ ਨੇ ਏਨਾਂ ਆਖਿਆ, ਕਿ ਉਸ ਨੇ ਗੋਲੀ ਚਲਾਈ ਨਹੀਂ, ਤੇ ਉਸ ਘੜੀ ਤੋਂ ਪਹਿਲਾਂ ਉਸ ਇਹ ਨਹੀਂ ਸੀ

ਜਾਚਿਆ ਕਿ ਬੰਦੂਕ ਖਾਲੀ ਹੋ ਗਈ ਹੋਈ ਸੀ। ਜਦੋਂ ਉਸਨੂੰ ਪੁਛਿਆ ਕਿ ਕਿਉਂ ਉਸ ਨੇ ਏਸ ਤਰ੍ਹਾਂ ਅਚਾਨਕ ਉਥੋਂ ਚਲੇ ਜਾਣ ਦਾ ਫ਼ੈਸਲਾ ਕੀਤਾ ਸੀ, ਤਾਂ ਉਹ ਚੁਪ ਕਰ ਰਿਹਾ।

ਉਹਨੂੰ ਗ੍ਰਿਫ਼ਤਾਰ ਕਰਕੇ ਮੋੜ ਲਿਆਏ ਤੇ ਹਵਾਲਾਤ ਵਿਚ ਦੇ ਦਿਤਾ, ਤੇ ਹੁਣ ਸਰਕਿਟ ਕੋਰਟ ਵਿਚ ਉਸਦਾ ਮੁਕੱਦਮਾ ਚਲ ਰਿਹਾ ਸੀ।

ਕਚਹਿਰੀ ਸਵੇਰੇ ਲਗਦੀ ਸੀ। ਜੱਜ ਸਾਈਮਨ ਇਕ ਜ਼ਿਮੀਂਦਾਰ ਸੀ ਤੇ ਛੇਆਂ ਕੁ ਮੀਲਾਂ ਉਤੇ ਆਪਣੀ ਜ਼ਮੀਨ ਉਤੇ ਰਿਹਾ ਕਰਦਾ ਸੀ, ਤਾਂ ਭੀ ਉਹ ਸਵੇਰੇ ਹੀ ਘੋੜੇ ਉਤੇ ਚੜ੍ਹ ਕੇ ਕਚਹਿਰੀ ਆ ਜਾਂਦਾ ਸੀ, ਤੇ ਰਾਤੀਂ ਮੁੜ ਜਾਂਦਾ ਸੀ, ਆਪਣੇ ਕਾਗਜ਼ ਪੱਤ੍ਰ ਉਹ ਕਾਠੀ ਦੇ ਬੋਝਿਆਂ ਵਿਚ ਹੀ ਪਾ ਲੈਂਦਾ ਸੀ।

ਸਿਰਫ਼ ਕਚਹਿਰੀ ਦੇ ਸਮੇਂ ਹੀ ਉਹ ਜੱਜ ਜਾਪਦਾ ਸੀ। ਬਾਕੀ ਸਮਾਂ ਉਹ ਆਪਣੀ ਖੇਤੀ ਕਰਦਾ ਸੀ, ਜਾਨਵਰ ਚਰਾਂਦਾ ਸੀ, ਤੇ ਆਪਣੇ ਇਲਾਕੇ ਦੇ ਹਰੇਕ ਆਦਮੀ ਵਾਂਗ ਆਪਣੀ ਜ਼ਮੀਨ ਵਧਾਣ ਦੀ ਧੁਨ ਵਿਚ ਲਗਾ ਰਹਿੰਦਾ ਸੀ। ਬੜਾ ਚੰਗਾ ਵਿਹਾਰੀ ਸੀ, ਤੇ ਜ਼ਮੀਨ ਦਾ ਬੜਾ ਭੁੱਖਾ ਸੀ।

ਵਰਜੀਨੀਆਂ ਕੌਂਟੀ (ਜ਼ਿਲੇ) ਵਿਚ ਜ਼ਮੀਨ ਦੀ ਮਾਲਕੀ ਬੜੀ ਵਡਿੱਤਨ ਸਮਝੀ ਜਾਂਦੀ ਸੀ। ਪਹਿਲੋਂ ਵਲਾਇਤ ਵਾਂਗੂ ਅਮ੍ਰੀਕਾ ਵਿਚ ਵੀ ਖ਼ਿਤਾਬ ਦਿਤੇ ਜਾਂਦੇ ਸਨ, ਪਰ ਪ੍ਰੈਜ਼ੀਡੈਂਟ ਜੈਫ਼ਰਸਨ ਨੇ ਬਾਦਸ਼ਾਹ ਤੀਜੇ ਜਾਰਜ ਦੇ ਦਿੱਤੇ ਹੋਏ ਸਭ ਖ਼ਿਤਾਬ ਮਨਸੂਖ਼ ਕਰ ਦਿੱਤੇ ਸਨ, ਇਸ ਲਈ ਜ਼ਮੀਨ ਹੀ ਹੁਣ ਸਾਊਪੁਣੇ ਦਾ ਨਿਸ਼ਾਨ ਰਹਿ ਗਿਆ ਸੀ। ਜੱਜ ਸਾਈਮਨ ਆਪਣੇ ਇਲਾਕੇ ਦੇ ਵਡੇ ਜ਼ਿਮੀਦਾਰਾਂ ਵਿਚੋਂ ਗਿਣਿਆਂ ਜਾਣਾ ਚਾਹੁੰਦਾ ਸੀ, ਤੇ ਉਸ ਨੇ ਚੋਖੀ ਜ਼ਮੀਨ ਬਣਾ ਭੀ ਲਈ ਸੀ। ਜਦੋਂ ਕੋਰਟ ਲਗਦਾ ਸੀ, ਤਾਂ ਉਹ ਇਕ ਬੇਦਿਲੇ ਕਾਨੂੰਨਦਾਨ ਵਾਂਗ ਬੈਂਚ ਉਤੇ ਬੈਠਦਾ ਸੀ, ਤੇ

ਅੰਗਰੇਜ਼ੀ ਜੱਜਾਂ ਵਾਂਗ ਉਸਦੀ ਜ਼ਬਾਨ ਵੀ ਬੜੀ ਬੇ-ਰਹਿਮ ਸੀ ।

ਮੈਨੂੰ ਜਾਪਦਾ ਸੀ ਜੀਕਰ ਸਾਰੀ ਦੁਨੀਆ ਉਸ ਮੁਕੱਦਮੇ ਉਤੇ ਬੈਠੀ ਸੀ। ਮੇਰਾ ਚਾਚਾ ਐਬਨਰ ਤੇ ਅਨੋਖਾ ਬੁੱਢਾ ਡਾਕਟਰ ਸਟਾਰਮ ਕਚਹਿਰੀ-ਕਮਰੇ ਦੇ ਵਿਚਕਾਰਲੇ ਬੈਂਚ ਉਤੇ ਬੈਠੇ ਸਨ । ਮੈਂ ਉਨ੍ਹਾਂ ਦੇ ਪਿਛੇ ਬੈਠਾ ਸਾਂ, ਮੈਂ ਓਦੋਂ ਪੰਦਰਾਂ ਵਰ੍ਹਿਆਂ ਦਾ ਮੁੰਡਾ ਸਾਂ ।

ਕੈਦੀ ਸਭ ਦੀ ਦਿਲਚਸਪੀ ਦਾ ਕੇਂਦਰ ਸੀ। ਉਹਦਾ ਚਿਹਰਾ ਬੇ-ਰਹਿਮ ਸੀ, ਤੇ ਐਉਂ ਜਾਪਦਾ ਸੀ ਜੀਕਰ ਉਸ ਨੂੰ ਫੈਸਲੇ ਦੀ ਕੋਈ ਪਰਵਾਹ ਹੀ ਨਹੀਂ ਸੀ। ਪਰ ਸਾਰੇ ਉਸੇ ਵਲ ਹੀ ਨਹੀਂ ਸਨ ਤਕਦੇ, ਮੇਰਾ ਚਾਚਾ ਤੇ ਡਾਕਟਰ ਸਟਾਰਮ ਕੁੜੀ ਨੂੰ ਘੋਖ ਰਹੇ ਸਨ, ਜਿਹੜੀ ਮਾਰਸ਼ ਦੇ ਘਰ ਰੋਟੀ ਪਕਾਇਆ ਕਰਦੀ ਸੀ ।

ਉਹ ਆਪਣੀ ਸ੍ਰੇਣੀ ਦੀ ਇਕ ਖ਼ੂਬਸੂਰਤੀ ਸੀ; ਕਾਲੇ ਵਾਲ, ਤੇ ਮਿਸਰੀ ਖ਼ਾਨਾ-ਬਦੋਸ਼ਾਂ ਵਰਗੀਆਂ ਕਾਲੀਆਂ ਅੱਖਾਂ, ਤੇ ਅਪ੍ਰੈਲ ਦੇ ਸੂਰਜ ਤੇ ਹਨ੍ਹੇਰੀ ਵਰਗੀ ਉਸਦੀ ਖ਼ਸਲਤ ਜਾਪਦੀ ਸੀ। ਉਹ ਗਵਾਹਾਂ ਵਿਚ ਬੈਠੀ ਹੋਈ ਸੀ, ਤੇ ਉਹ ਹੱਥਾਂ ਵਿਚ ਇਕ ਰੁਮਾਲ ਘੁਟ ਰਹੀ ਸੀ। ਉਹ ਬੜੀ ਘਬਰਾਈ ਦਿਸਦੀ ਸੀ ਤੇ ਸ਼ਾਇਦ ਇਸੇ ਲਈ ਡਾਕਟਰ ਸਟਾਰਮ ਉਸ ਵਲ ਤੱਕ ਰਿਹਾ ਸੀ। ਕਦੇ ਉਸਦੀਆਂ ਅੱਖਾਂ ਵਿਚ ਹੰਝੂ ਭਰ ਆਉਂਦੇ, ਤੇ ਫੇਰ ਉਹ ਇਰਾਦੇ ਦੇ ਜ਼ੋਰ ਨਾਲ ਧੌਣ ਉੱਚੀ ਕਰ ਲੈਂਦੀ, ਤੇ ਕਦੀ ਆਪਣੀਆਂ ਉਂਗਲਾਂ ਵਿਚ ਰੁਮਾਲ ਨਾਲ ਗੰਢਾਂ ਪਾਂਦੀ । ਇਹ ਬੜਾ ਇਮਤਿਹਾਨ ਦਾ ਵੇਲਾ ਸੀ, ਤੇ ਕਈ ਗਵਾਹ ਘਬਰਾਏ ਹੋਏ ਸਨ ।

ਮੁਕੱਦਮਾ ਤੁਰੀ ਗਿਆ; ਤੇ ਇਸ ਗਲ ਦਾ ਯਕੀਨ ਹੋਣ ਲਗ ਪਿਆ ਕਿ ਕੈਦੀ ਨੂੰ ਫਾਂਸੀ ਮਿਲ ਜਾਏਗੀ। ਉਹ ਹਠ ਨਾਲ ਇਸ ਸਵਾਲ ਦਾ ਉੱਤ੍ਰ ਦੇਣੋਂ ਇਨਕਾਰ ਕਰ ਰਿਹਾ ਸੀ, ਕਿ ਉਹ ਕਿਉਂ ਇਸ ਤਰ੍ਹਾਂ ਅਚਾਨਕ ਫ਼ੈਸਲਾ ਕਰਾ ਕੇ ਨੌਕਰੀ ਛਡ ਗਿਆ। ਹੋਰ ਗਵਾਹੀਆਂ ਵੀ ਉਸ ਦੇ ਵਿਰੁਧ ਹੀ ਜਾਂਦੀਆਂ ਸਨ। ਗਵਾਹੀ ਤੇ

ਮੁਕੰਮਲ ਸੀ, ਸਿਰਫ਼ ਮਨੋਰਥ (Motive) ਬਾਰੇ ਸ਼ੱਕ ਸੀ, ਜੱਜ ਕੈਦੀ ਦੇ ਬੜਾ ਵਿਰੁਧ ਜਾਪਦਾ ਸੀ ਤੇ ਹੋਰ ਵੀ ਦਰਸ਼ਕਾਂ ਵਿਚ ਕੈਦੀ ਨਾਲ ਹਮਦਰਦੀ ਘੱਟ ਹੀ ਸੀ – ਕਿਉਂਕਿ ਇਕ ਬੁੱਢੇ ਮਾਲਕ ਨੂੰ ਬਿਨਾਂ ਕਿਸੇ ਉਕਸਾਹਟ ਦੇ ਠੰਡੇ ਲਹੂ ਵਿਚ ਮਾਰ ਦੇਣਾ ਮਾਫ਼ੀ ਦੇ ਯੋਗ ਨਹੀਂ ਸੀ।

ਟੇਲਰ ਦਾ ਮੁਕੱਦਮਾ ਹੁਣ ਉਸ ਹੱਦ ਤਕ ਅੱਪੜ ਗਿਆ, ਜਦੋਂ ਕਚਹਿਰੀ ਵਿਚ ਬੈਠੇ ਲੋਕਾਂ ਦੀ ਇਕੋ ਫ਼ੈਸਲੇ ਨਾਲ ਚੁਪ ਕੀਤੀ ਸੰਮਤੀ ਹੋ ਜਾਂਦੀ ਹੈ। ਹਰ ਕੋਈ ਕੈਦੀ ਨੂੰ ਮੁਜਰਮ ਮੰਨ ਲੈਂਦਾ ਹੈ।

ਤੱਦੇ ਗਵਾਹਾਂ ਵਿਚ ਬੈਠੀ ਕੁੜੀ ਇਕ ਦਮ ਉੱਚੀ ਉੱਚੀ ਰੋਣ ਲਗ ਪਈ। ਉਹ ਖੜੀ ਹੋ ਗਈ, ਤੇ ਹੌਕਿਆਂ ਨਾਲ ਉਸਦਾ ਸਾਰਾ ਸ੍ਰੀਰ ਕੰਬ ਰਿਹਾ ਸੀ, ਉਸਦਾ ਗਲਾ ਬੰਦ ਹੋ ਰਿਹਾ ਸੀ, ਤੇ ਉਸਦੀਆਂ ਅੱਖਾਂ ਉਤੇ ਰਖੀਆਂ ਉਂਗਲਾਂ ਵਿਚੋਂ ਹੰਝੂ ਤ੍ਰਿਪ ਤ੍ਰਿਪ ਕਰ ਰਹੇ ਸਨ।

ਜੋ ਕੁਝ ਕੁੜੀ ਨੇ ਆਖਿਆ, ਲੋਕ ਸੁਣ ਨਾ ਸਕੇ, ਪਰ ਸੁਣ ਕੇ ਜੱਜ ਕੁਰਸੀ ਤੋਂ ਉਠ ਬੈਠਾ ਤੇ ਜਿਊਰੀ ਸਾਰੀ ਉਸ ਕੁੜੀ ਦੇ ਦੁਆਲੇ ਹੋ ਗਈ, ਤੇ ਜਿਹੜਾ ਕੈਦੀ ਅਜੇ ਤਕ ਨਿਹਾਇਤ ਬੇਪ੍ਰਵਾਹ ਸੀ ਉਹ ਬੜੇ ਜੋਸ਼ ਵਿਚ ਆ ਗਿਆ। ਸਾਰਿਆਂ ਦੀ ਹਫ਼ੜਾ ਦਫ਼ੜੀ ਵਿਚ ਅਸੀ ਉਸ ਦੀ ਆਵਾਜ਼ ਸੁਣ ਰਹੇ ਸਾਂ, ਤੇ ਉਹ ਕੁੜੀ ਕੋਲ ਜਾ ਕੇ ਉਸਨੂੰ ਚੁਪ ਕਰਾਣ ਲਈ ਅਗਾਂਹ ਆਉਣ ਦਾ ਜਤਨ ਕਰ ਰਿਹਾ ਸੀ। ਪਰ ਦੂਜੇ ਪਲ ਕੁੜੀ ਦਾ ਬਿਆਨ ਲੈ ਕੇ ਦਸਤਖ਼ਤ ਕਰਾ ਲਿਆ ਗਿਆ, ਤੇ ਸਾਰੇ ਲੋਕ ਹੈਰਾਨ ਹੋ ਗਏ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਟੇਲਰ ਦਾ ਹੁਣ ਮੁਕਦਮੇ ਨਾਲ ਕੋਈ ਵਾਸਤਾ ਹੀ ਬਾਕੀ ਨਹੀਂ ਰਹਿ ਗਿਆ ਸੀ।

ਕੁੜੀ ਨੇ ਮਾਰਸ਼ ਨੂੰ ਆਪੀਂ ਮਾਰਿਆ ਸੀ, ਤੇ ਮਾਰਨ ਦਾ ਕਾਰਨ ਤੇ ਸਾਧਨ ਕੁੜੀ ਨੇ ਇਸ ਤਰ੍ਹਾਂ ਬਿਆਨ ਕੀਤਾ : ਉਹ ਟੇਲਰ ਨੂੰ ਪਿਆਰ ਕਰਦੀ ਸੀ, ਤੇ ਉਨ੍ਹਾਂ ਦਾ ਵਿਆਹ ਹੋਣ ਵਾਲਾ ਸੀ।

ਪਰ ਮਾਰਸ਼ ਦੀ ਮੌਤ ਤੋਂ ਪਹਿਲੀ ਰਾਤ ਉਹ ਕਿਸੇ ਗੱਲੇ ਝਗੜ ਪਏ ਸਨ, ਤੇ ਦੂਜੇ ਦਿਨ ਸਵੇਰੇ ਟੇਲਰ ਤਨਖ਼ਾਹ ਲੈਕੇ ਆਪਣੇ ਘਰ ਮੁੜ ਗਿਆ ਸੀ। ਝਗੜੇ ਦਾ ਕਾਰਨ ਇਹ ਸੀ ਕਿ ਮਾਰਸ਼ ਨੇ ਕੁੜੀ ਦੇ ਚਾਲ ਚਲਣ ਬਾਬਤ ਟੇਲਰ ਨੂੰ ਕੁਝ ਆਖਿਆ ਸੀ। ਉਹ ਜਦੋਂ ਲੌਢੇ ਵੇਲੇ ਦੀ ਚਾਹ ਬਨਾਣ ਲਈ ਆਈ ਤਾਂ ਉਸਦਾ ਪ੍ਰਿਯ ਟੇਲਰ ਚਲਾ ਗਿਆ ਹੋਇਆ ਸੀ, ਤਾਂ ਮਾਰਸ਼ ਦਾ ਦਰਸ਼ਨ ਹੀ ਉਸ ਨੂੰ ਝਲਿਆਂ ਕਰ ਦੇਂਦਾ ਸੀ, ਜਿਸਨੇ ਉਸਦਾ ਪਿਆਰਾ ਉਸ ਕੋਲੋਂ ਖੋਹ ਲਿਆ ਸੀ। ਤਾਂ ਕੁੜੀ ਨੇ ਟੇਲਰ ਦੀ ਬੰਦੂਕ ਲਿਆਕੇ ਮਾਰਸ਼ ਨੂੰ ਮਾਰ ਦਿਤਾ, ਤੇ ਬੰਦੂਕ ਫੇਰ ਥਾਂ ਸਿਰ ਰਖ ਦਿਤੀ, ਤੇ ਘਰ ਛਡ ਕੇ ਤੁਰ ਗਈ। ਇਹ ਕੋਈ ਦੋ ਵਜੇ ਦੀ ਗਲ ਸੀ, ਤੇ ਤਿੰਨ ਕੁ ਵਜੇ ਨਾਲ ਟੇਲਰ ਆਪਣੀ ਭੁੱਲੀ ਹੋਈ ਬੰਦੂਕ ਲੈਣ ਆ ਗਿਆ।

ਜਨਤਾ ਦੇ ਖ਼ਿਆਲ ਫ਼ੌਰਨ ਬਦਲ ਗਏ, ਓੜਕ ਸਚਿਆਈ ਦਾ ਪਤਾ ਲਗ ਗਿਆ। ਕੁੜੀ ਦਾ ਬਿਆਨ ਟੇਲਰ ਦੀ ਕਹਾਣੀ ਅਨੁਸਾਰ ਸੀ, ਤੇ ਮਨੋਰਥ ਪ੍ਰਤੱਖ ਸੀ। ਉਸਦੀ ਖ਼ਾਮੋਸ਼ੀ ਦਾ ਕਾਰਨ ਵੀ ਪ੍ਰਗਟ ਸੀ, ਕਿਉਂਕਿ ਉਹ ਆਪਣੀ ਪ੍ਰੇਮਿਕਾ ਨਾਲ ਝਗੜਾ ਹੋਣ ਦੀ ਗੱਲ ਨਹੀਂ ਸੀ ਸੁਨਾਣਾ ਚਾਹੁੰਦਾ। ਟੇਲਰ ਰੌਲਾ ਪਾਂਦਾ ਸੀ ਕਿ ਕੁੜੀ ਝੂਠ ਕਹਿ ਰਹੀ ਸੀ, ਤੇ ਉਸ ਨੂੰ ਰੋਕਣ ਦਾ ਜਤਨ ਵੀ ਕਰਦਾ ਸੀ। ਪਰ ਇਸ ਸਾਰੀ ਗਲ ਦਾ ਅਸਰ ਇਹੀ ਪੈ ਰਿਹਾ ਸੀ, ਕਿ ਕੈਦੀ ਮਰਦ ਬੰਦਾ ਹੈ, ਤੇ ਆਪਣੀ ਪ੍ਰੇਮਿਕਾ ਨੂੰ ਆਪਣੇ ਉਤੋਂ ਕੁਰਬਾਨ ਨਹੀਂ ਹੋਣ ਦੇਣਾ ਚਾਂਹਦਾ।

ਕੁੜੀ ਆਪਣੇ ਬਿਆਨ ਤੋਂ ਮੁਨਕਰ ਨਾ ਹੋਈ, ਤੇ ਸਭ ਕਾਗ਼ਜ਼ਾਂ ਉਤੇ ਦਸਤਖ਼ਤ ਕਰ ਕਰਾ ਕੇ ਕੁੜੀ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ, ਤੇ ਦੂਜੇ ਦਿਨ ਸਵੇਰੇ ਹਾਜ਼ਰ ਕਰਨ ਦਾ ਹੁਕਮ ਦਿਤਾ ਗਿਆ।

ਟੇਲਰ ਨੂੰ ਰਿਹਾ ਨਾ ਕੀਤਾ ਗਿਆ, ਭਾਵੇਂ ਹੁਣ ਉਸ ਦੇ ਵਿਰੁਧ ਕੋਈ ਕੇਸ ਨਹੀਂ ਸੀ ਰਹਿ ਗਿਆ। ਕੈਦੀ ਦੇ ਵਕੀਲ ਨੇ ਫ਼ੈਸਲੇ

ਲਈ ਛੋੜ ਦਿਤਾ, ਪਰ ਜੱਜ ਨੇ ਹੋਰ ਤਫ਼ਤੀਸ਼ ਜ਼ਰੂਰੀ ਸਮਝੀ।

ਉਸ ਰਾਤ ਅਸੀ ਵੀ ਜੱਜ ਦੇ ਨਾਲ ਨਾਲ ਘੋੜਿਆਂ ਉਤੇ ਚੜ੍ਹੇ ਗਏ। ਉਹ ਮੇਰੇ ਚਾਚੇ ਤੇ ਡਾਕਟਰ ਸਟਾਰਮ ਨਾਲ ਡੰਗਰਾਂ ਦੀਆਂ ਕੀਮਤਾਂ ਤੇ ਫ਼ਸਲਾਂ ਬਾਬਤ ਗੱਲਾਂ ਕਰਦਾ ਸੀ, ਪਰ ਮੁਕੱਦਮੇ ਬਾਬਤ ਇਕ ਹਰਫ਼ ਤਕ ਨਹੀਂ ਸੀ ਕਹਿੰਦਾ।

ਜਦੋਂ ਅਸੀ ਜੱਜ ਦੇ ਘਰ ਦੇ ਫਾਟਕ ਕੋਲ ਅਪੜੇ ਤਾਂ ਰਸਮੀ ਲਿਹਾਜ਼ ਦਾ ਸਦਕਾ ਉਸ ਨੇ ਸਾਨੂੰ ਅੰਦਰ ਚੜ੍ਹੇ ਜਾਣ ਲਈ ਆਖਿਆ, ਪਰ ਮੈਂ ਹੈਰਾਨ ਹੋ ਗਿਆ ਜਦੋਂ ਮੇਰੇ ਚਾਚੇ ਤੇ ਡਾਕਟਰ ਨੇ ਜੱਜ ਦਾ ਸੱਦਾ ਪ੍ਰਵਾਨ ਕਰ ਲਿਆ। ਮੈਂ ਵੇਖ ਸਕਦਾ ਸਾਂ ਕਿ ਜੱਜ ਬੜਾ ਹੈਰਾਨ ਹੋ ਗਿਆ ਤੇ ਕੁਝ ਗੁੱਸੇ ਜਿਹਾ ਵੀ, ਪਰ ਉਹ ਸਾਨੂੰ ਆਪਣੀ ਲਾਇਬ੍ਰੇਰੀ ਵਿਚ ਲੈ ਗਿਆ।

ਮੈਂ ਸਮਝ ਨਹੀਂ ਸਾਂ ਸਕਿਆ ਕਿ ਕਿਉਂ ਮੇਰੇ ਚਾਚੇ ਨੇ ਏਡੇ ਰਸਮੀ ਸੱਦੇ ਦਾ ਫ਼ਾਇਦਾ ਉਠਾ ਲਿਆ, ਪਰ ਮੈਂ ਖ਼ਿਆਲ ਕੀਤਾ ਕਿ ਉਹ ਕੁੜੀ ਵਲ ਹਮਦਰਦੀ ਨਾਲ ਵੇਖ ਰਹੇ ਸਨ, ਤੇ ਉਸ ਦੀ ਸਿਫ਼ਾਰਸ਼ ਕਰਨ ਲਈ ਠਹਿਰ ਗਏ ਸਨ।

ਤੇ ਇਹ ਠੀਕ ਸੀ ਕਿ ਉਹ ਕੁੜੀ ਦੀ ਬਾਬਤ ਹੀ ਕੁਝ ਕਹਿਣ ਲਈ ਆਏ ਸਨ, ਪਰ ਕੁੜੀ ਦੇ ਹੱਕ ਵਿਚ ਨਹੀਂ। ਜੱਜ ਸੁਣਦਾ ਰਿਹਾ। ਉਨ੍ਹਾਂ ਦਸਿਆ : ਕਿ ਸ਼ੁਰੂ ਤੋਂ ਹੀ ਉਨ੍ਹਾਂ ਨੂੰ ਟੇਲਰ ਦੇ ਦੋਸ਼ ਦਾ ਵਿਸ਼ਵਾਸ਼ ਨਹੀਂ ਸੀ। ਉਨ੍ਹਾਂ ਦਾ ਖ਼ਿਆਲ ਸੀ, ਕਿ ਤਫ਼ਤੀਸ਼ ਦੇ ਅਫ਼ਸਰ ਨੇ ਕੁਝ ਗਵਾਹੀਆਂ ਨੂੰ ਨਜ਼ਰ-ਅੰਦਾਜ਼ ਕਰ ਦਿਤਾ ਸੀ ਤੇ ਇਹ ਗਵਾਹੀਆਂ ਟੇਲਰ ਦੀ ਬੇ-ਕਸੂਰੀ ਤੇ ਕੁੜੀ ਦਾ ਦੋਸ਼ ਸਾਬਤ ਕਰਦੀਆਂ ਸਨ। ਜਦੋਂ ਡਾਕਟਰ ਸਟਾਰਮ ਨੇ ਲੋਥ ਦਾ ਇਮਤਿਹਾਨ ਕੀਤਾ ਸੀ, ਤਾਂ ਉਸ ਦਾ ਇਹ ਖ਼ਿਆਲ ਸੀ ਕਿ ਮਾਰਸ਼ ਨੂੰ ਪਹਿਲੋਂ ਜ਼ਹਿਰ ਨਾਲ ਮਾਰਿਆ ਗਿਆ ਸੀ, ਤੇ ਪਿਛੋਂ ਲੋਥ ਵਿਚ ਗੋਲੀ ਚਲਾਈ ਗਈ ਸੀ। ਇਸ ਦਾ ਭਾਵ ਸੀ ਕਿ ਗੋਲੀ ਸਿਰਫ਼ ਟੇਲਰ

ਵਿਰੁਧ ਸ਼ੱਕ ਪੈਦਾ ਕਰਨ ਲਈ ਵਰਤੀ ਗਈ ਸੀ। ਕੁੜੀ ਨੇ ਮਾਰਸ਼ ਦੀ ਸਵੇਰ ਦੀ ਰੋਟੀ ਪਕਾਈ ਸੀ, ਤੇ ਉਸ ਵਿਚ ਜ਼ਹਿਰ ਮਿਲਾਇਆ ਸੀ।

ਮੇਰਾ ਚਾਚਾ ਹੋਰ ਕੁਝ ਕਹਿ ਹੀ ਰਿਹਾ ਸੀ ਕਿ ਨੌਕਰ ਵਕਤ ਪੁਛਣ ਲਈ ਆਇਆ। ਜੱਜ ਇਸ ਕਹਾਣੀ ਤੋਂ ਬਹੁਤ ਮੁਤਾਸਰ ਹੋਇਆ ਸੀ ਤੇ ਬੈਠਾ ਡੂੰਘੀ ਸੋਚ ਕਰ ਰਿਹਾ ਸੀ। ਉਸ ਨੇ ਘੜੀ ਬੋਝੇ ਚੋਂ ਕੱਢੀ ਤੇ ਵੇਖੀ, ਤੇ ਪਿਛੋਂ ਪਤਾ ਲਗਾ ਕਿ ਘੜੀ ਦੀ ਚਾਬੀ ਮੁਕ ਗਈ ਹੋਈ ਸੀ, ਤੇ ਉਹ ਖਲੋਤੀ ਸੀ। ਨਾਲੇ ਘੜੀ ਦੀ ਚਾਬੀ ਵੀ ਜ਼ੰਜੀਰ ਨਾਲੋਂ ਕਿਤੇ ਡਿਗ ਪਈ ਸੀ।

ਮੇਰੇ ਚਾਚੇ ਨੇ ਵਕਤ ਦੱਸਿਆ ਤੇ ਆਖਿਆ ਕਿ ਸ਼ਾਇਦ ਉਸਦੀ ਘੜੀ ਦੀ ਚਾਬੀ ਲਗ ਜਾਏ। ਜੱਜ ਨੇ ਆਪਣੀ ਘੜੀ ਉਹਨੂੰ ਫੜਾ ਦਿੱਤੀ, ਚਾਬੀ ਪੂਰੀ ਫ਼ਿਟ ਆ ਗਈ ਤੇ ਚਾਚੇ ਨੇ ਚਾਬੀ ਲਾਕੇ ਘੜੀ ਮੇਜ਼ ਉਤੇ ਰਖ ਦਿੱਤੀ। ਡਾਕਟਰ ਸਟਾਰਮ ਬੜੀ ਖਚਰੀ ਨਜ਼ਰ ਨਾਲ ਮੇਰੇ ਚਾਚੇ ਨੂੰ ਤਾੜ ਰਿਹਾ ਸੀ, ਪਰ ਜੱਜ ਦਾ ਇਸ ਗਲ ਵਲ ਕੋਈ ਧਿਆਨ ਨਹੀਂ ਸੀ। ਓੜਕ ਜੱਜ ਨੇ ਆਖਿਆ :–

"ਇਹ ਤੁਹਾਡੀ ਗੱਲ ਮਾਮਲੇ ਨੂੰ ਬਿਲਕੁਲ ਸਾਫ਼ ਕਰ ਦੇਂਦੀ ਹੈ। ਕੁੜੀ ਨੇ ਮਾਰਸ਼ ਨੂੰ ਮਾਰਿਆ; ਮਨੋਰਥ ਉਸ ਆਪੀ ਮੰਨਿਆਂ। ਉਸ ਨੇ ਦੋ ਬਦਲੇ ਇਕੱਠੇ ਮੁਕਾਣੇ ਚਾਹੇ – ਟੇਲਰ ਨੂੰ ਉਸਦੀ ਬੰਦੂਕ ਵਰਤ ਕੇ ਫਸਾ ਦਿਤਾ – ਪਰ ਫੇਰ ਆਪਣੇ ਪ੍ਰੇਮੀ ਦਾ ਲਿਹਾਜ਼ ਆ ਗਿਆ ਤੇ ਇਕਬਾਲ ਕਰ ਲਿਆ।"

ਤਦ ਮੇਰੇ ਚਾਚੇ ਨੇ ਜਾਣ ਦੀ ਆਗਿਆ ਮੰਗੀ। ਜੱਜ ਘੋੜਿਆਂ ਨੂੰ ਅਸਤਬਲੋਂ ਲਿਆਉਣ ਲਈ ਹੁਕਮ ਦੇਣ ਬਾਹਰ ਗਿਆ, ਅਸੀ ਸਾਰੇ ਚੁੱਪ ਬੈਠੇ ਰਹੇ। ਚਾਚਾ ਮੇਰਾ ਗੰਭੀਰ ਬੈਠਾ ਸੀ, ਪਰ ਡਾਕਟਰ ਬਿੱਲੀ ਵਾਂਗ ਕਾਹਲਾ ਪਿਆ ਹੋਇਆ ਸੀ। ਜੱਜ ਬਾਹਰ ਨਿਕਲਿਆ ਕਿ ਉਹ ਕੁਰਸੀ ਤੋਂ ਉਠ ਬੈਠਾ ਤੇ ਅਲਮਾਰੀ ਵਿਚ ਪਈਆਂ

ਕਿਤਾਬਾਂ ਵਲ ਵੇਖਣ ਲਗ ਪਿਆ। ਉਹ ਅਚਾਨਕ ਖੜੋ ਗਿਆ ਤੇ ਇਕ ਕਿਤਾਬ ਉਸ ਬਾਹਰ ਕੱਢ ਲਈ। ਛੇਤੀ ਛੇਤੀ ਉਸਦੇ ਵਰਕੇ ਫੋਲੇ, ਤੇ ਇਕ ਵਡੀ ਸਾਰੀ ਸੌਂਹ ਮੂੰਹੋਂ ਕੱਢੀ, ਤੇ ਉਹ ਕਿਤਾਬ ਉਸ ਆਪਣੇ ਬੋਝੇ ਵਿਚ ਲੁਕਾ ਲਈ, ਤੇ ਉਸ ਨੇ ਮੇਰੇ ਚਾਚੇ ਨੂੰ ਇਸ਼ਾਰਾ ਕੀਤਾ। ਤੇ ਦੋਵੇਂ ਇਕ ਬਾਰੀ ਅਗੇ ਹੌਲੀ ਹੌਲੀ ਗੱਲਾਂ ਕਰਦੇ ਰਹੇ।

ਅਸੀ ਘੋੜਿਆਂ ਤੇ ਚੜ੍ਹਕੇ ਤੁਰ ਪਏ। ਰਾਹ ਵਿਚ ਭੀ ਉਹ ਗਲਾਂ ਕਰਦੇ ਆਏ।

"ਪਰ ਇਸ ਦਾ ਮਨੋਰਥ ਕੀ ਹੋ ਸਕਦਾ ਹੈ ?" ਡਾਕਟਰ ਨੇ ਆਖਿਆ, ਤੇ ਮੇਰੇ ਚਾਚੇ ਨੇ ਉੱਤ੍ਰ ਦਿੱਤਾ "ਬਾਦਸ਼ਾਹਾਂ ਦੀ ਕ੍ਰਿਤਾਬ ਦੇ ਇਕੀਵੇਂ ਕਾਂਡ ਵਿਚ।"

ਦੂਜੇ ਭਲਕ ਅਸੀਂ ਸਵੇਰੇ ਹੀ ਕਚਹਿਰੀ ਪਹੁੰਚ ਗਏ, ਤੇ ਇਹ ਸਾਡੇ ਲਈ ਚੰਗੀ ਗਲ ਵੀ ਸੀ ਕਿਉਂਕਿ ਕਚਹਿਰੀ ਦਾ ਕਮਰਾ ਬੂਹਿਆਂ ਤਕ ਭਰਿਆ ਪਿਆ ਸੀ। ਮੇਰੇ ਚਾਚੇ ਨੇ ਦਫ਼ਤ੍ਰ ਦੇ ਕਲਰਕ ਕੋਲੋਂ ਇਕ ਵਡੀ ਸਾਰੀ ਰੀਕਾਰਡ ਬੁਕ ਮੰਗੀ ਹੋਈ ਸੀ, ਜਿਹੜੀ ਉਹ ਵੇਖ ਰਿਹਾ ਸੀ, ਤੇ ਹੁਣ ਉਸ ਨੇ ਮੈਨੂੰ ਥੱਲੇ ਰਖ ਕੇ ਬਹਿਣ ਲਈ ਦੇ ਦਿਤੀ, ਜਿਦ੍ਹੇ ਨਾਲ ਮੈਂ ਕੁਝ ਉਚੇਰਾ ਹੋ ਗਿਆ। ਡਾਕਟਰ ਸਟਾਰਮ ਵੀ ਹਾਜ਼ਰ ਸੀ, ਗਲ ਕੀ, ਜਿਹੜਾ ਕੋਈ ਵੀ ਤੇਰਾਂ ਜਾਂ ਤੀਨਾਂ ਵਿਚ ਸੀ, ਉਹ ਉਸ ਦਿਨ ਉਥੇ ਪੁੱਜਾ ਹੋਇਆ ਸੀ।

ਸ਼ੇਰਿਫ਼ ਨੇ ਅਦਾਲਤ ਨੂੰ ਖੋਹਲਿਆ। ਦੋਵੇਂ ਕੈਦੀ ਅੰਦਰ ਲਿਆਂਦੇ ਗਏ, ਤੇ ਜੱਜ ਅਦਾਲਤੀ ਬੈਂਚ ਉਤੇ ਬਿਰਾਜ ਗਿਆ। ਉਸਦਾ ਮੂੰਹ ਅੱਜ ਏਸ ਤਰ੍ਹਾਂ ਲਿੱਸਾ ਜਿਹਾ ਸੀ ਜੀਕਰ ਉਹ ਰਾਤੀਂ ਸੁਤਾ ਨਹੀਂ ਸੀ।

ਉਸ ਨੇ ਹੁਕਮ ਦਿਤਾ ਕਿ ਕੁੜੀ ਦਾ ਇਕਬਾਲ ਪੜ੍ਹ ਕੇ ਸੁਣਾਇਆ ਜਾਏ, ਤੇ ਕੁੜੀ ਨੂੰ ਖੜੇ ਹੋਣ ਦਾ ਹੁਕਮ ਦਿੱਤਾ। ਟੇਲਰ ਨੇ ਫੇਰ ਜ਼ੋਰ ਨਾਲ ਆਖਿਆ, ਕਿ ਕੁੜੀ ਸਿਰਫ਼ ਉਸ ਨੂੰ ਬਚਾਣ ਲਈ ਬਿਲਕੁਲ ਝੂਠ ਬੋਲ ਰਹੀ ਹੈ, ਪਰ ਉਸ ਨੂੰ ਜ਼ੋਰ ਨਾਲ ਕੁਰਸੀ ਉਤੇ

ਬਿਠਾ ਦਿਤਾ ਗਿਆ। ਕੁੜੀ ਬੜੀ ਬਹਾਦਰੀ ਨਾਲ ਉਠ ਖਲੋਤੀ, ਪਰ ਉਸ ਦਾ ਮੂੰਹ ਚੂਨੇ ਵਰਗਾ ਚਿੱਟਾ ਸੀ, ਤੇ ਅੱਖਾਂ ਚੌੜੀਆਂ ਖੁਲ੍ਹੀਆਂ ਸਨ। ਉਸਨੂੰ ਪੁਛਿਆ ਗਿਆ, ਕੀ ਉਹ ਆਪਣੇ ਇਕਬਾਲ ਉਤੇ ਅਜੇ ਕਾਇਮ ਸੀ? ਤੇ ਕੀ ਉਹ ਇਸ ਇਕਬਾਲ ਦੇ ਨਤੀਜਿਆਂ ਦੀ ਜਾਣੂ ਸੀ। ਪਰ ਭਾਵੇਂ ਉਹ ਸਿਰ ਤੋਂ ਪੈਰਾਂ ਤਕ ਕੰਬ ਰਹੀ ਸੀ, ਉਸਦਾ ਬੋਲ ਮਜ਼ਬੂਤ ਤੇ ਸਾਫ਼ ਸੀ। ਉਹ ਆਪਣੇ ਇਕਬਾਲ ਉਤੇ ਕਾਇਮ ਸੀ। ਇਕ ਘੜੀ ਲਈ ਦੁਤਰਫ਼ੀ ਚੁਪ ਹੋ ਗਈ, ਤੇ ਜੱਜ ਕੁਝ ਕਹਿਣ ਹੀ ਲੱਗਾ ਸੀ ਕਿ ਜਦੋਂ ਇਕ ਹੋਰ ਆਵਾਜ਼ ਨੇ ਚੁਪ-ਕਮਰਾ ਭਰ ਦਿੱਤਾ। ਮੈਂ ਭੌਂ ਕੇ ਵੇਖਿਆ ਤਾਂ ਮੇਰਾ ਸਿਰ ਚਾਚੇ ਦੀਆਂ ਲੱਤਾਂ ਨਾਲ ਲਗਿਆ। ਉਹ ਖੜੋਤਾ ਹੋਇਆ ਸੀ।

"ਮੈਂ ਕਹਿੰਦਾ ਹਾਂ ਕਿ ਕੁੜੀ ਦਾ ਬਿਆਨ ਸੱਚਾ ਨਹੀਂ।" ਉਸ ਆਖਿਆ।

ਸਾਰੀ ਕਚਹਿਰੀ ਹਿਲ ਪਈ। ਸਾਰਿਆਂ ਦੀਆਂ ਅੱਖਾਂ ਉਹਨਾਂ ਦੋ ਸੋਗੀ ਸੂਰਤਾਂ ਉਤੇ ਲੱਗੀਆਂ ਹੋਈਆਂ ਸਨ: ਪਤਲੀ, ਪੀਲੀ ਕੁੜੀ, ਤੇ ਵੱਡੀ ਗੰਭੀਰ ਮੇਰੇ ਚਾਚੇ ਦੀ ਦੇਹ। ਜੱਜ ਹੱਕਾ ਬੱਕਾ ਰਹਿ ਗਿਆ।

"ਕਿਸ ਦਲੀਲ ਨਾਲ?" ਜੱਜ ਨੇ ਪੁਛਿਆ।

"ਇਸ ਦਲੀਲ ਨਾਲ" ਮੇਰੇ ਚਾਚੇ ਉੱਤਰ ਦਿੱਤਾ, "ਕਿ ਕੁੜੀ ਦਾ ਇਕਬਾਲ ਸਰਾਸਰ ਝੂਠਾ ਹੈ।"

ਉਸ ਵੇਲੇ ਕਮਰੇ ਵਿਚ ਸੂਈ ਡਿੱਗੀ ਭੀ ਸੁਣੀ ਜਾ ਸਕਦੀ ਸੀ। ਕੁੜੀ ਨੇ ਕਾਹਲਾ ਸਾਹ ਲਿਆ, ਤੇ ਟੇਲਰ ਅੱਧਾ ਉਠਿਆ ਤੇ ਬਹਿ ਗਿਆ। ਜੱਜ ਦਾ ਮੂੰਹ ਖੁਲ੍ਹਿਆ, ਪਰ ਪਲ ਦੇ ਪਲ ਲਈ ਉਹ ਕੁਝ ਬੋਲ ਨਾ ਸਕਿਆ। ਚਾਚੇ ਮੇਰੇ ਦਾ ਕੀ ਮਤਲਬ ਹੋ ਸਕਦਾ ਸੀ, ਕਲ੍ਹ ਪ੍ਰਾਈਵੇਟ ਤੌਰ ਤੇ ਉਹ ਕੁੜੀ ਨੂੰ ਦੋਸ਼ੀ ਬਣਾ ਰਿਹਾ ਸੀ, ਤੇ ਅਜ ਪਬਲਿਕ ਬਿਆਨ ਵਿਚ ਉਸ ਨੂੰ ਛੁਡਾ ਰਿਹਾ ਸੀ।

"ਇਹ ਬੇਕਾਇਦਿਦਾ ਹੈ।" ਜੱਜ ਨੇ ਭਰਵੇਂ ਤੇ ਮਜ਼ਬੂਤ ਆਵਾਜ਼ ਵਿਚ ਆਖਿਆ, "ਹੋ ਸਕਦਾ ਹੈ ਇਸ ਕੁੜੀ ਨੇ ਮਾਰਸ਼ ਨੂੰ ਮਾਰਿਆ ਹੈ, ਜਾਂ ਟੇਲਰ ਨੇ ਮਾਰਿਆ ਹੈ, ਤੇ ਇਹਨਾਂ ਦੋਹਾਂ ਵਿਚ ਕੁਝ ਸਾਜ਼-ਬਾਜ਼ ਜਾਪਦੀ ਵੀ ਹੈ। ਹੋ ਸਕਦਾ ਹੈ ਤੁਹਾਡੇ ਕੋਲ ਕੋਈ ਰੋਸ਼ਨੀ ਪਾਣ ਲਈ ਇਤਲਾਹ ਹੋਵੇ, ਜਾਂ ਨਾ ਵੀ ਹੋਵੇ, ਕੁਝ ਵੀ ਹੋਵੇ, ਇਹ ਮੌਕਾ ਨਹੀਂ ਕਿ ਮੈਂ ਤੁਹਾਡੀ ਗਲ ਸੁਣਾਂ। ਤੁਹਾਨੂੰ ਬੋਲਣ ਲਈ ਪੂਰਾ ਵਕਤ ਦਿਤਾ ਜਾਏਗਾ, ਜਦੋਂ ਮੈਂ ਮੁਕੱਦਮੇ ਦੀ ਸਮਾਇਤ ਸ਼ੁਰੂ ਕਰਾਂਗਾ।"

"ਪਰ ਤੁਸਾਂ ਕਦੇ ਭੀ ਇਸ ਮੁਕੱਦਮੇ ਦੀ ਸਮਾਇਤ ਨਹੀਂ ਕਰਨੀ।" ਮੇਰੇ ਚਾਚੇ ਨੇ ਆਖਿਆ।

ਮੈਂ ਦਸ ਨਹੀਂ ਸਕਦਾ ਕਿ ਲੋਕਾਂ ਦੇ ਮਨਾਂ ਦੀ ਅਵਸਥਾ ਕੀ ਸੀ। ਕੋਈ ਸਾਹ ਉੱਚੀ ਆਉਂਦਾ ਸੁਣਾਈ ਨਹੀਂ ਸੀ ਦੇਂਦਾ। ਬਾਹਰੋਂ ਪਿੰਡ ਦੀਆਂ ਆਵਾਜ਼ਾਂ ਸੁਣਾਈ ਦੇਂਦੀਆਂ ਸਨ। ਕਿਸੇ ਨੂੰ ਕੁਝ ਪਤਾ ਨਹੀਂ ਸੀ, ਮੇਰੇ ਚਾਚੇ ਨੂੰ ਕਿਹੜਾ ਲੁਕਿਆ ਭੇਤ ਲੱਭ ਪਿਆ ਸੀ। ਪਰ ਲੋਕ ਇਹ ਜ਼ਰੂਰ ਜਾਣਦੇ ਸਨ ਕਿ ਮੇਰਾ ਚਾਚਾ ਹਮੇਸ਼ਾ ਜਾਚ ਤੋਲ ਕੇ ਗਲ ਕਰਿਆ ਕਰਦਾ ਸੀ।

ਜੱਜ ਗ਼ਜ਼ਬਨਾਕ ਹੋ ਕੇ ਉਸਨੂੰ ਕਹਿਣ ਲਗਾ :

"ਤੁਹਾਡਾ ਭਾਵ ਕੀ ਹੈ ?"

"ਮੇਰਾ ਭਾਵ ਇਹ ਹੈ" ਮੇਰੇ ਚਾਚੇ ਨੇ ਆਪਣੇ ਡੂੰਘੇ ਤੇ ਮਜ਼ਬੂਤ ਬੋਲ ਵਿਚ ਆਖਿਆ, "ਕਿ ਤੁਹਾਨੂੰ ਅਦਾਲਤ ਦੀ ਕੁਰਸੀ ਤੋਂ ਹੇਠਾਂ ਉਤਰ ਆਉਣਾ ਪਵੇਗਾ।"

ਜੱਜ ਗ਼ਜ਼ਬ ਨਾਲ ਝੱਲਾ ਹੋ ਗਿਆ।

"ਤੁਸੀ ਅਦਾਲਤ ਦੀ ਹੱਤਕ ਕੀਤੀ ਹੈ" ਉਹ ਗਰਜਿਆ, "ਮੈਂ ਤੁਹਾਡੀ ਗ੍ਰਿਫ਼ਤਾਰੀ ਦਾ ਹੁਕਮ ਦੇਂਦਾ ਹਾਂ। ਸ਼ੇਰਿਫ਼ !" ਉਸ ਆਵਾਜ਼ ਦਿਤੀ।

ਪਰ ਮੇਰਾ ਚਾਚਾ ਅਹਿਲ ਖੜੋਤਾ ਰਿਹਾ। ਉਹ ਜੱਜ ਦੇ ਮੂੰਹ ਵਲ ਅਡੋਲ ਤੱਕਦਾ ਰਿਹਾ।

"ਤੁਸੀ ਮੈਨੂੰ ਧਮਕਾਂਦੇ ਹੋ" ਮੇਰੇ ਚਾਚੇ ਨੇ ਆਖਿਆ, "ਪਰ ਰੱਬ ਤੁਹਾਨੂੰ ਧਮਕਾਏਗਾ!" ਤੇ ਉਸ ਨੇ ਉਥੇ ਬੈਠੇ ਸਭ ਨੂੰ ਸੰਬੋਧਨ ਕਰਕੇ ਆਖਿਆ: "ਕਾਨੂੰਨ ਦਾ ਅਧਿਕਾਰ ਇਸ ਜ਼ਿਲੇ ਦੀ ਅਸੈਂਬਲੀ ਦੇ ਮੈਂਬਰਾਂ ਦੇ ਹੱਥ ਵਿਚ ਹੈ। ਕੀ ਉਹ ਖੜੇ ਹੋਣ ਦੀ ਕ੍ਰਿਪਾ ਕਰਨਗੇ?"

ਮੈਂ ਉਹ ਸੀਨ ਕਦੇ ਨਹੀਂ ਭੁਲ ਸਕਦਾ, ਮੈਂ ਇਹੋ ਜਿਹੀ ਗੰਭੀਰ ਜ਼ਿਮੇਂਵਾਰੀ ਦਾ ਦ੍ਰਿਸ਼ਯ ਕਦੇ ਨਹੀਂ ਵੇਖਿਆ ਸੀ। ਆਸਤੇ, ਚੁਪ ਚਾਪ, ਬਿਨਾਂ ਜੋਸ਼, ਜੀਕਰ ਉਹ ਲੋਕ ਰੱਬ ਦੇ ਗਿਰਜੇ ਵਿਚ ਬੈਠੇ ਹੁੰਦੇ ਹਨ, ਮੈਂਬਰ ਅਦਾਲਤ ਦੇ ਕਮਰੇ ਵਿਚ ਉਠਣ ਲਗ ਪਏ।

ਰੇਂਦਾਲਫ਼ ਸਭ ਤੋਂ ਪਹਿਲਾਂ ਉਠਿਆ। ਉਸ ਕਿਸੇ ਪਾਸੇ ਨਹੀਂ ਤੱਕਿਆ ਕਿ ਕੋਈ ਹੋਰ ਭੀ ਉਠਦਾ ਹੈ ਕਿ ਨਹੀਂ। ਉਸ ਨੇ ਜੱਜ ਦੇ ਮੂੰਹ ਵਲ ਬੜੇ ਠਰੰਮੇ ਨਾਲ ਤੱਕਿਆ।

ਆਰਨਲਡ ਉਠਿਆ, ਰਾਕਫ਼ੋਰਡ ਤੇ ਆਰਮਜ਼ ਸਟਰਾਂਗ, ਅਲਕੀਰ, ਰਪਮੈਨ ਤੇ ਮਾਨਰੋ, ਤੇ ਸਟੋਨ ਤੇ ਮੇਰਾ ਪਿਤਾ, ਲੂਇਸ, ਡੇਟਨ ਤੇ ਵਾਰਡ ਮੈਡੀਸਨ ਸਭ ਉਠ ਖੜੋਤੇ।

ਇਹ ਬੜੀ ਸਿਖਿਆ-ਦਾਇਕ ਝਾਤੀ ਸੀ। ਸਭ ਕਿਸਮਾਂ ਦੇ ਆਦਮੀ ਉਥੇ ਬੈਠੇ ਸਨ, ਸ਼ੋਰ ਪਾਣ ਵਾਲੇ, ਲਾ-ਪਰਵਾਹ, ਮਾਬ (ਗ੍ਰੋਹ) ਨਾਲ ਹੂ ਹਾ ਕਰਨ ਵਾਲੇ, ਪੁਲਿਟੀਕਲ ਸ਼ਰਾਰਤੀ, ਪਰ ਇਹ ਉਹ ਨਹੀਂ ਸਨ ਜਿਹੜੇ ਉਠ ਕੇ ਖੜੋਤੇ, ਜਦੋਂ ਮੇਰੇ ਚਾਚੇ ਨੇ ਲੋਕ-ਅਧਿਕਾਰ ਨੂੰ ਅਪੀਲ ਕੀਤੀ, ਉਹ ਆਦਮੀ ਖੜੋਤੇ ਜਿਨ੍ਹਾਂ ਦਾ ਕਿਸੇ ਨੂੰ ਖਿਆਲ ਭੀ ਨਹੀਂ ਸੀ – ਲੁਹਾਰ, ਮੋਚੀ, ਤੇ ਬੱਢਾ ਘੁਮਿਆਰ ਤੇ ਹੋਰ ਇਹੋ ਜਿਹੇ ਸਾਰੇ। ਤੇ ਉਸ ਵੇਲੇ ਮੈਂ ਵੇਖਿਆ ਕਿ ਕਾਨੂੰਨ ਤੇ ਅਮਨ ਤੇ ਸਭਿਅਤਾ ਦਾ ਸਾਰਾ ਢਾਂਚਾ ਸਿਰਫ਼ ਉਸ

ਇਨਸਾਫ਼ ਦੀ ਅਨੁਭਵਤਾ ਉਤੇ ਖੜ੍ਹੋਤੇ ਹਨ, ਜਿਹੜੀ ਕੁਝ ਇਕ ਆਦਮੀਆਂ ਦੀ ਛਾਤੀ ਵਿਚ ਵਸਦੀ ਰਹਿੰਦੀ ਹੈ; ਤੇ ਜਿਨ੍ਹਾਂ ਕੋਲ ਇਕ ਇਨਸਾਫ਼ ਦੀ ਅਨਭਵਤਾ ਨਹੀਂ ਹੁੰਦੀ, ਉਹ ਕਿਸੇ ਗਿਣਤੀ ਵਿਚ ਨਹੀਂ ਹੁੰਦੇ ਭਾਵੇਂ ਉਹ ਕਿਸੇ ਭੀ ਅਹੁਦੇ ਜਾਂ ਸ੍ਰੇਣੀ ਦੇ ਹੋਣ।

ਪਾਦਰੀ ਦੁਨੋਂਵਾਨ ਖੜ੍ਹੋਤਾ ਹੋਇਆ ਸੀ, ਦਰਿਆਓਂ ਪਾਰ ਇਸਦੇ ਕੁਝ ਪੈਰੋ ਸਨ, ਤੇ ਉਹ ਆਪਣੇ ਭਗਵਾਨ ਯਸੂ ਜੇਡਾ ਹੀ ਗ਼ਰੀਬ ਤੇ ਸਨਿਮ੍ਰ ਸੀ, ਪਰ ਉਹ ਡਰਾਕਲ ਨਹੀਂ ਸੀ। ਪਾਦਰੀ ਬ੍ਰਾਨਸਨ ਵੀ ਉਠਿਆ। ਇਹ ਦੋਵੇਂ ਪਾਦਰੀ ਇਕ ਦੂਜੇ ਦੇ ਫ਼ਲਸਫ਼ੇ ਵਿਚ ਉਕਾ ਇਤਕਾਦ ਨਹੀਂ ਸਨ ਰਖਦੇ, ਪਰ ਇਨਸਾਫ਼ ਵਿਚ ਦੋਹਾਂ ਦਾ ਯਕੀਨ ਪੱਕਾ ਸੀ, ਤੇ ਜਦੋਂ ਕਦੇ ਇਨਸਾਫ਼ ਦੀ ਲਕੀਰ ਖਿੱਚੀ ਜਾਂਦੀ ਸੀ, ਤਾਂ ਇਹ ਹਮੇਸ਼ਾਂ ਇੱਕੋ ਪਾਸੇ ਹੀ ਹੋਇਆ ਕਰਦੇ ਸਨ।

ਅਖ਼ੀਰਲਾ ਆਦਮੀ ਖੜ੍ਹੋਨ ਵਾਲਾ ਡੇਵੀਸਨ ਸੀ, ਪਰ ਚਿਰਾਕੇ ਖੜ੍ਹੋਨ ਦਾ ਕਾਰਨ ਉਸਦਾ ਬੁਢਾਪਾ ਸੀ। ਉਸ ਦੇ ਪੁੱਤ੍ਰਾਂ ਨੇ ਉਸ ਨੂੰ ਆਸਰਾ ਦੇ ਕੇ ਖੜਾ ਕੀਤਾ। ਉਹ ਵਰਜੀਨੀਆ ਕੌਂਟੀ (ਜ਼ਿਲੇ) ਦੀ ਅਸੈਂਬਲੀ ਦਾ ਅਨੇਕਾਂ ਵਾਰੀ ਮੈਂਬਰ ਚੁਣਿਆ ਗਿਆ ਸੀ, ਓਦੋਂ ਭੀ ਜਦੋਂ ਅਸੈਂਬਲੀ ਦੇ ਸਿਰਫ਼ ਦੋ ਹੀ ਮੈਂਬਰ ਹੋਇਆ ਕਰਦੇ ਸਨ। ਇਹ ਬੜਾ ਮੁਨਸਫ਼ ਆਦਮੀ ਸੀ, ਬੜਾ ਸਤਕਾਰ ਯੋਗ ਤੇ ਨਿਡਰ।

ਜੱਜ, ਲਾਲ ਪੀਲੇ ਹੋਏ ਮੂੰਹ ਨਾਲ, ਆਪਣਾ ਅਖ਼ਤਿਆਰ ਵਰਤਨ ਦਾ ਜਤਨ ਕਰਦਾ ਸੀ। ਉਹ ਮੇਜ਼ ਉਤੇ ਮੁੱਕੇ ਮਾਰ ਕੇ ਸ਼ੈਰਿਫ਼ ਨੂੰ ਹੁਕਮ ਦੇ ਰਿਹਾ ਸੀ ਕਿ ਸਭ ਨੂੰ ਅਦਾਲਤ ਦੇ ਕਮਰੇ ਵਿਚੋਂ ਕੱਢ ਦੇਵੇ। ਪਰ ਸ਼ੈਰਿਫ਼ ਆਪਣੇ ਥਾਂ ਤੋਂ ਨਾ ਹਿੱਲਿਆ। ਸ਼ੈਰਿਫ਼ ਕੋਈ ਬੁਜ਼ਦਿਲ ਜਿਹਾ ਆਦਮੀ ਨਹੀਂ ਸੀ, ਜੇ ਉਹ ਫ਼ਰਜ਼ ਸਮਝਦਾ ਤਾਂ ਸਾਰੇ ਆਦਮੀਆਂ ਨਾਲ ਮੱਥਾ ਲਾ ਸਕਦਾ ਸੀ, ਪਰ ਉਸਦਾ ਵਤੀਰਾ ਪੱਕਾ ਸੀ, ਤੇ ਉਸਦੇ ਮੂੰਹ ਉਤੋਂ ਆਪਣੇ ਫ਼ਰਜ਼ ਸੰਬੰਧੀ ਕੋਈ ਸ਼ੱਕ ਸ਼ੁਭਾ ਨਜ਼ਰ ਨਹੀਂ ਸੀ ਆਉਂਦਾ, ਪਰ ਉਸ ਨੇ

ਜੱਜ ਦੇ ਹੁਕਮ ਦੀ ਪਾਲਨਾ ਨਾ ਕੀਤੀ।

ਜੱਜ ਨੇ ਬੜੇ ਰੁਅਬ ਨਾਲ ਕੜਕ ਕੇ ਸ਼ੇਰਿਫ਼ ਨੂੰ ਆਖਿਆ :

"ਮੈਂ ਐਸ ਵੇਲੇ ਕਾਨੂੰਨ ਦਾ ਨੁਮਾਇੰਦਾ ਹਾਂ। ਮੇਰਾ ਹੁਕਮ ਤੁਹਾਨੂੰ ਮੰਨਣਾ ਪਵੇਗਾ।"

"ਮੈਂ ਜ਼ਰੂਰ ਕਾਨੂੰਨ ਦੇ ਨੁਮਾਇੰਦੇ ਦਾ ਹੁਕਮ ਪਾਲਣ ਕਰਦਾ" ਸ਼ੇਰਿਫ਼ ਨੇ ਆਖਿਆ, "ਜੇ ਮੈਂ ਐਸ ਵੇਲੇ ਖ਼ੁਦ ਕਾਨੂੰਨ ਦੀ ਹਾਜ਼ਰੀ ਵਿਚ ਨਾ ਹੁੰਦਾ।" (ਭਾਵ ਕਿ ਜੱਜ ਸਿਰਫ਼ ਕਾਨੂੰਨ ਦਾ ਪ੍ਰਤੀਨਿਧ ਹੈ, ਪਰ 'ਲੋਕ' ਮੁਜੱਸਮਿ-ਕਾਨੂੰਨ ਹਨ : ਅਨੁਵਾਦਕ)

ਜੱਜ ਉਠ ਬੈਠਾ, "ਇਹ ਬਗ਼ਾਵਤ ਹੈ" ਉਸਨੇ ਆਖਿਆ, "ਮੈਂ ਗਵਰਨਰ ਨੂੰ ਫ਼ੌਜ ਭੇਜਣ ਲਈ ਸੱਦਾ ਭੇਜਦਾ ਹਾਂ।"

ਇਹ ਬੁੱਢਾ ਡੇਵੀਸਨ ਸੀ ਜਿਹੜਾ ਬੋਲਿਆ। ਖੁਸਦੇ ਹੱਡਾਂ ਵਿਚ ਕੰਬਣੀ ਜ਼ਰੂਰ ਸੀ, ਪਰ ਬੋਲ ਬੜਾ ਸਾਫ਼ ਸੀ।

"ਬੈਠ ਜਾਓ, ਸ੍ਰੀ ਮਾਨ ਜੀ" ਉਸ ਨੇ ਆਖਿਆ, "ਏਥੇ ਕੋਈ ਬਗ਼ਾਵਤ ਨਹੀਂ ਤੇ ਤੁਹਾਨੂੰ ਆਪਣਾ ਹੁਕਮ ਮੰਨਾਣ ਲਈ ਕਿਸ ਫ਼ੌਜ ਦੀ ਲੋੜ ਨਹੀਂ। ਅਸੀਂ ਜੂ ਆਪ ਦੇ ਅਧਿਕਾਰ ਦੀ ਪ੍ਰੋੜ੍ਹਤਾ ਕਰਨ ਵਾਲੇ ਏਥੇ ਮੌਜੂਦ ਹਾਂ, ਜੇ ਇਹ ਅਧਿਕਾਰ ਜ਼ਰੂਰ ਹੀ ਵਰਤਿਆਂ ਜਾਣਾ ਚਾਹੀਦਾ ਹੋਵੇ। ਲੋਕਾਂ ਨੇ ਤੁਹਾਨੂੰ ਏਸ ਅਦਾਲਤ ਦਾ ਸਦਰ ਚੁਣਿਆ ਹੈ,ਕਿਉਂਕਿ ਉਨ੍ਹਾਂ ਨੂੰ ਤੁਹਾਡੀ ਸਚਿਆਈ ਉਤੇ ਭਰੋਸਾ ਹੈ, ਪਰ ਜੇ ਉਹਨਾਂ ਨੂੰ ਗ਼ਲਤੀ ਲੱਗੀ ਹੈ, ਤਾਂ ਉਹਨਾਂ ਨੂੰ ਪਤਾ ਲਗ ਜਾਇਗਾ।" ਉਹ ਜ਼ਰਾ ਰੁਕ ਗਿਆ, ਤੇ ਸਾਹ ਲੈ ਕੇ ਫੇਰ ਬੋਲਿਆ, "Presumptions of right are all with your Honour" ਤੁਸੀ ਕਾਨੂੰਨ ਆਪਣੇ ਅਧਿਕਾਰ ਨਾਲ ਵਰਤਦੇ ਹੋ, ਤੇ ਅਸੀ ਤੁਹਾਡੀ ਪਿੱਠ ਪਿੱਛੇ ਸਹਾਇਕ ਖੜੋਤੇ ਹਾਂ। ਤੁਸੀ ਯਕੀਨ ਰਖੋ ਕਿ ਤੁਹਾਡੀ ਹੱਤਕ ਸਾਡੇ ਅਧਿਕਾਰ ਦੀ ਹੱਤਕ ਹੈ, ਤੇ ਅਸੀ ਕਦੇ ਇਹ ਨਹੀਂ ਸਹਾਰ ਸਕਦੇ।" ਉਸ ਦਾ ਬੋਲ ਡੂੰਘੇਰਾ ਤੇ ਯਕੀਨੀ ਹੁੰਦਾ

ਜਾ ਰਿਹਾ ਸੀ। "ਇਹ ਬੜੀ ਵੱਡੀ ਗੱਲ ਹੈ ਕਿ ਸਾਨੂੰ ਆਪ ਦੇ ਵਿਰੁਧ ਖੜਾ ਹੋਣ ਲਈ ਆਖਿਆ ਗਿਆ ਹੈ, ਤੇ ਐਵੇਂ ਨਿਗੂਣੀ ਗਲ ਲਈ ਅਸੀ ਕਿਸੇ ਨੂੰ ਐਸਾ ਕਰਨ ਦੀ ਆਗਿਆ ਨਹੀਂ ਦੇਵਾਂਗੇ।" ਫੇਰ ਉਸ ਮੇਰੇ ਚਾਚੇ ਵਲ ਮੂੰਹ ਕਰ ਕੇ ਆਖਿਆ– "ਹੁਣ, ਮਿਸਟਰ ਐਬਨਰ, ਤੁਸੀ ਦਸੋ ਕਿ ਇਹ ਗਲ ਕੀ ਹੈ?"

ਮੈਂ ਓਦੋਂ ਭਾਵੇਂ ਛੋਟਾ ਹੀ ਸਾਂ, ਪਰ ਮੈਂ ਮਹਿਸੂਸ ਕਰ ਸਕਦਾ ਸਾਂ, ਕਿ ਬੁੱਢਾ ਡੇਵੀਸਨ ਅਦਾਲਤ ਵਿਚ ਖੜੋਤੇ ਆਦਮੀਆਂ ਵਲੋਂ ਬੋਲ ਰਿਹਾ ਸੀ, ਤੇ ਮੈਨੂੰ ਡਰ ਸੀ ਕਿ ਮੇਰੇ ਚਾਚੇ ਨੇ ਹੋਛਾ ਕਦਮ ਚੁਕ ਲਿਆ ਸੀ। ਪਰ ਉਹ ਵਡੇ ਪਰਬਤ ਦੇ ਪਰਛਾਵੇਂ ਵਾਂਗ ਉਥੇ ਖੜੋਤਾ ਸੀ।

"ਮੈਂ" ਮੇਰੇ ਚਾਚੇ ਨੇ ਆਖਿਆ, "ਮੈਂ ਇਹਨਾਂ ਉਤੇ ਮਾਰਸ਼ ਦੇ ਕਤਲ ਦਾ ਦੋਸ਼ ਲਾਂਦਾ ਹਾਂ, ਤੇ ਇਹਨਾਂ ਨੂੰ ਬੈਂਚ ਖਾਲੀ ਕਰਨ ਲਈ ਆਖਦਾ ਹਾਂ"

ਜੱਜ ਸਾਈਮਾਨ ਦੀ ਅਡੋਲਤਾ ਹੁਣ ਦੇਖਣ ਵਾਲੀ ਸੀ। ਸ਼ਾਇਦ ਉਸ ਨੇ ਤਾਕਤ ਅਜ਼ਮਾ ਵੇਖੀ ਸੀ, ਕਾਨੂੰਨ ਨੂੰ ਅਪੀਲ ਵੀ ਕਰ ਵੇਖੀ ਸੀ। ਹੁਣ ਉਹ ਮੇਜ਼ ਉਤੇ ਅਰਕਾਂ ਟੇਕ ਕੇ ਬੈਠਾ ਸੀ, ਤੇ ਬਿਨਾਂ ਜੋਸ਼ ਮੇਰੇ ਚਾਚੇ ਵਲ ਵੇਖ ਰਿਹਾ ਸੀ, ਪਰ ਉਹ ਬੋਲਿਆ ਬਿਲਕੁਲ ਨਾ, ਤੇ ਸਭ ਚੁਪ ਸਨ, ਜਦੋਂ ਬੁੱਢਾ ਡੇਵੀਸਨ ਉਸ ਦੀ ਤਰਫ਼ੋਂ ਬੋਲਿਆ, ਬੁੱਢੇ ਦਾ ਚਿਹਰਾ ਤੇ ਬੋਲ ਦੋਵੇਂ ਲੋਹੇ ਦੇ ਜਾਪਦੇ ਸਨ।

"ਨਹੀਂ, ਐਬਨਰ" ਉਸ ਨੇ ਆਖਿਆ, "ਉਹ ਤੇਰੇ ਆਖਣ ਜਾਂ ਕਿਸੇ ਹੋਰ ਆਦਮੀ ਦੇ ਇਲਜ਼ਾਮ ਲਾਣ ਉਤੇ ਬੈਂਚ ਖ਼ਾਲੀ ਨਹੀਂ ਕਰਨਗੇ। ਅਸੀ ਤੁਹਾਡੇ ਸਬੂਤਾਂ ਨੂੰ ਸੁਣਾਂਗੇ, ਜੋ ਤੁਸੀ ਦਸਣਾ ਚਾਹੁੰਦੇ ਹੋ!"

"ਜੱਜ ਨੇ ਐਬਨਰ ਵਲੋਂ ਮੂੰਹ ਹਟਾ ਕੇ ਡੇਵੀਸਨ ਵਲ ਤੱਕਿਆ,

ਤੇ ਫੇਰ ਸਾਰੀ ਊਥੋਂ ਦੀ ਹਾਜ਼ਰੀ ਵਲ ਧਿਆਨ ਮਾਰਿਆ।

"ਮੈਂ ਏਥੇ ਨਹੀਂ ਬਹਿ ਸਕਦਾ" ਉਸ ਆਖਿਆ, "ਮੈਂ ਇਕ ਬਾਹਰ ਖੜੋਤੇ ਆਦਮੀ ਦੇ ਜ਼ਬਾਨੀ ਦੋਸ਼ ਲਾਣ ਉਤੇ ਏਸ ਭੀੜ ਅਗੇ ਮੁਜਰਮ ਵਾਂਗ ਪੇਸ਼ ਹੋਣਾ ਪ੍ਰਵਾਨ ਨਹੀਂ ਕਰ ਸਕਦਾ। ਤੁਸੀ ਚਾਹੋ ਤੇ ਆਪਣਾ ਕੋਰਟ ਤੋੜ ਸਕਦੇ ਹੋ, ਤੇ ਆਪਣੇ ਕਾਨੂੰਨ ਨੂੰ ਮਨ-ਸੂਖ ਕਰ ਸਕਦੇ ਹੋ, ਪਰ ਤੁਸੀ ਵਰਜੀਨੀਆ ਦੀ ਕਾਨਸਟੀਚੀਊਸ਼ਨ ਨਹੀਂ ਤੋੜ ਸਕਦੇ, ਨਾ ਮੇਰੇ ਸ਼ਹਿਰੀਅਤ ਦੇ ਹਕੂਕ ਖੋਹ ਸਕਦੇ ਹੋ।"

"ਤੇ ਹੁਣ" ਜੱਜ ਨੇ ਉਠਕੇ ਆਖਿਆ, "ਜੇ ਤੁਸੀਂ ਕ੍ਰਿਪਾ ਕਰਕੇ ਰਾਹ ਛਡ ਦਿਓਗੇ, ਤਾਂ ਮੈਂ ਇਸ ਕਚਹਿਰੀ ਨੂੰ ਛਡਣਾ ਚਾਂਹਦਾ ਹਾਂ ਜਿਸਨੂੰ ਤੁਹਾਡੀ ਬੇ-ਮਰਯਾਦਗੀ ਨੇ ਬਗ਼ਾਵਤ ਦਾ ਕਮਰਾ ਬਣਾ ਦਿਤਾ ਹੈ!"

ਬੜੀ ਔਖੀ ਅਵਸਥਾ ਪੈਦਾ ਹੋ ਗਈ। ਇਹ ਕੀਕਰ ਹੋ ਸਕਦਾ ਸੀ, ਕਿ ਜੀਊਰੀ, ਫ਼ਰਦ ਜੁਰਮ, ਤੇ ਬਾਕਾਇਦਾ ਮੁਕਦਮੇ ਦੇ ਹਕੂਕ ਸਭ ਨੂੰ ਦਿਤੇ ਜਾਣ—ਤੇ ਇਸ ਆਦਮੀ ਨੂੰ ਇਨਕਾਰ ਕੀਤਾ ਜਾਏ।

ਬੁੱਢਾ ਡੇਵੀਸਨ ਹੀ ਫੇਰ ਬੋਲਿਆ:

"ਅਸੀ ਤੁਹਾਡੀ ਸ਼ਹਿਰੀਅਤ ਦੇ ਹਕੂਕ ਸ਼ੱਕੇ ਵਿਚ ਨਹੀਂ ਲਿਆ ਰਹੇ। ਇਹ ਹਕੂਕ ਹਰੇਕ ਪ੍ਰਾਈਵੇਟ ਸ਼ਹਿਰਦਾਰ ਦੇ ਅਛੂਹ ਹਨ। ਪਰ ਤੁਸੀ ਇਸ ਵੇਲੇ ਪ੍ਰਾਈਵੇਟ ਸ਼ਹਿਰਦਾਰ ਨਹੀਂ ਹੋ। ਤੁਸੀ ਸਾਡੇ ਏਜੰਟ ਹੋ। ਅਸਾਂ ਤੁਹਾਨੂੰ ਅਦਲ ਕਰਨ ਲਈ ਚੁਣਿਆ ਹੋਇਆ ਹੈ। ਤੇ ਤੁਹਾਡੇ ਇਸ ਅਦਲ ਕਰਨ ਦੇ ਹੱਕ ਉਤੇ ਸ਼ੱਕ ਕੀਤਾ ਗਿਆ ਹੈ। ਅਸੀ ਤੁਹਾਡੀ ਪਿੱਠ ਪਿਛੇ ਖੜੋਤੇ ਵੋਟਰ ਸਚਿਆਈ ਜਾਨਣਾ ਚਾਂਹਦੇ ਹਾਂ।"

ਜੱਜ ਦੀ ਗੰਭੀਰਤਾ ਅਟੁੱਟ ਰਹੀ ਤੇ ਉਸ ਨੇ ਪੁੱਛਿਆ:

"ਤੁਸੀ ਮੈਨੂੰ ਏਥੇ ਕੈਦੀ ਸਮਝਦੇ ਹੋ?"

"ਅਸੀ ਤੁਹਾਨੂੰ ਇਸ ਅਦਾਲਤ ਦਾ ਅਫ਼ਸਰ ਸਮਝਦੇ ਹਾਂ"

ਡੇਵੀਸਨ ਨੇ ਉੱਤ੍ਰ ਦਿੱਤਾ, "ਅਸੀ ਨਾ ਸਿਰਫ਼ ਤੁਹਾਨੂੰ ਕਚਹਿਰੀਓਂ ਚਲੇ ਜਾਣ ਦੀ ਆਗਿਆ ਨਹੀਂ ਦੇਂਦੇ, ਅਸੀ ਤੁਹਾਨੂੰ ਸਦਾਰਤ ਦੀ ਕੁਰਸੀ ਛਡਣੋਂ ਵੀ ਵਰਜਦੇ ਹਾਂ। ਇਹ ਸਾਡੀ ਅਦਾਲਤ ਉਸੇ ਤਰ੍ਹਾਂ ਹੀ ਰਹੇਗੀ ਜੀਕਰ ਸਾਡੀ ਸਾਂਝੀ ਇਛਿਆ ਨੇ ਮੁਕਰੱਰ ਕੀਤੀ ਹੈ, ਜਦ ਤਕ ਸਾਡੀ ਸਾਂਝੀ ਇਛਿਆ ਫੇਰ ਇਸ ਵਿਚ ਬਦਲੀ ਨਹੀਂ ਕਰਦੀ ਤੇ ਇਹ ਸਿਵਾਏ ਸਾਡੀ ਮਰਜ਼ੀ ਦੇ ਕਿਸੇ ਹੋਰ ਆਦਮੀ ਦੇ ਆਖਿਆਂ ਬਦਲੀ ਨਹੀਂ ਜਾ ਸਕਦੀ।"

ਜੱਜ ਆਪਣੀ ਕੁਰਸੀ ਉਤੇ ਅਡੋਲ ਬੈਠਾ ਰਿਹਾ ਤੇ ਬੁੱਢੇ ਡੇਵੀਸਨ ਨੇ ਮੇਰੇ ਚਾਚੇ ਨੂੰ ਬਿਆਨ ਦੇਣ ਲਈ ਆਖਿਆ। ਮੇਰਾ ਚਾਚਾ ਬਿਨਾਂ ਕਿਸੇ ਵਿੰਗੀ ਟੇਢੀ ਆਖਣ ਦੇ ਸਿੱਧੀ ਗੱਲ ਕਰਨ ਲਗਾ:

"ਇਹ ਦੋਵੇਂ" ਮੇਰੇ ਚਾਚੇ ਨੇ ਟੇਲਰ ਤੇ ਕੁੜੀ ਵਲ ਇਸ਼ਾਰਾ ਕਰਕੇ ਆਖਿਆ, "ਇਕ ਦੂਜੇ ਨੂੰ ਬਚਾਣ ਲਈ ਆਪਣਾ ਦੋਸ਼ ਮੰਨਦੇ ਤੇ ਮਰਨ ਲਈ ਤਿਆਰ ਹੁੰਦੇ ਰਹੇ ਹਨ। ਦੋਹਾਂ ਚੋਂ ਇਕ ਵੀ ਦੋਸ਼ੀ ਨਹੀਂ। ਟੇਲਰ ਚੁਪ ਰਿਹਾ ਹੈ, ਤੇ ਕੁੜੀ ਨੇ ਝੂਠ ਬੋਲਿਆ ਹੈ, ਸਿਰਫ਼ ਇਕ ਦੂਜੇ ਨੂੰ ਬਚਾਣ ਲਈ। ਸੱਚੀ ਗਲ ਇਹ ਹੈ: ਕਿ ਇਹ ਪ੍ਰੇਮੀ ਤੇ ਪ੍ਰੇਮਿਕਾ ਆਸ਼ਕਾਂ ਵਾਂਗ ਝਗੜ ਪਏ,. ਟੇਲਰ ਚਲਾ ਗਿਆ, ਜੀਕਰ ਉਸ ਦਸਿਆ ਸੀ, ਪਰ ਮਨੋਰਥ ਉਸਨੇ ਇਸ ਲਈ ਨਹੀਂ ਦਸਿਆ ਕਿ ਕਿਤੇ ਕੁੜੀ ਨਾ ਫਸ ਜਾਏ, ਤੇ ਕੁੜੀ ਇਸ ਨੂੰ ਬਚਾਣ ਲਈ ਉਸ ਦੋਸ਼ ਦਾ ਇਕਬਾਲ ਕਰ ਰਹੀ ਹੈ ਜਿਹੜਾ ਇਸ ਕੀਤਾ ਨਹੀਂ।"

"ਤੇ ਕਿਸ ਜੁਰਮ ਕੀਤਾ?" ਮੇਰੇ ਚਾਚੇ ਨੇ ਰੁਕ ਕੇ ਡਾਕਟਰ ਸਟਾਰਮ ਵਲ ਇਸ਼ਾਰਾ ਕੀਤਾ, "ਅਸਾਂ ਇਸ ਕੁੜੀ ਉਤੇ ਸ਼ੱਕ ਕੀਤਾ ਸੀ ਕਿਉਂਕਿ ਮਾਰਘ ਨੂੰ ਰੋਟੀ ਵਿਚ ਜ਼ਹਿਰ ਦਿਤਾ ਗਿਆ ਸੀ ਤੇ ਪਿਛੋਂ ਗੋਲੀ ਦਾ ਭੁਲੇਖਾ ਪਾਇਆ ਗਿਆ ਸੀ। ਕਲ ਅਸੀ ਜੱਜ ਦੇ ਨਾਲ ਗਏ। ਉਥੇ ਸਾਨੂੰ ਤਿੰਨਾਂ ਗਲਾਂ ਤੋਂ ਪਤਾ ਲਗਾ ਕਿ

ਅਸੀ ਗ਼ਲਤ ਸਾਂ। ਉਹ ਤਿੰਨ ਗੱਲਾਂ ਇਹ ਸਨ : ਪਹਿਲੀ, ਕਿ ਜੱਜ ਦੀ ਘੜੀ ਦੀ ਚਾਬੀ ਡਿਗ ਪਈ ਸੀ ਤੇ ਘੜੀ ਬੰਦ ਹੋ ਚੁਕੀ ਸੀ; ਦੂਜੀ, ਕਿ ਅਸਾਂ ਉਨ੍ਹਾਂ ਦੀ ਲਾਇਬ੍ਰੇਰੀ ਵਿਚ ਇਕ ਕਿਤਾਬ ਵੇਖੀ ਜਿਸ ਦੇ ਸਾਰੇ ਵਰਕੇ ਅਜੇ ਅਨ-ਕੱਟੇ ਸਨ, ਸਿਵਾਏ ਇਕੋ ਥਾਂ ਦੇ; ਤੀਜੀ, ਕਿ ਸਾਨੂੰ ਕਲਰਕ ਦੇ ਦਫ਼ਤਰੋਂ ਰੀਕਾਰਡ ਨੁਕ ਵਿਚ ਇਕ ਚਿਮਨੀ ਬਿਨਾ ਤਤਕਰੇ ਦੇ ਮਿਲੀ।''

ਸਾਰਾ ਕਮਰਾ ਚੁਪ ਸੀ, ਤੇ ਮੇਰਾ ਚਾਚਾ ਬੋਲਦਾ ਗਿਆ :

''ਟੇਲਰ ਤੇ ਇਸ ਕੁੜੀ ਦੇ ਦੋਸ਼ੀ ਹੋਣ ਦੀ ਥੀਊਰੀ ਦੇ ਛੁਟ ਇਕ ਹੋਰ ਥੀਊਰੀ ਵੀ ਹੋ ਸਕਦੀ ਸੀ, ਪਰ ਇਸਦੀ ਪ੍ਰੋੜ੍ਹਤਾ ਵਿਚ ਇਕੋ ਵਾਕਿਆ ਪੇਸ਼ ਕੀਤਾ ਜਾ ਸਕਦਾ ਸੀ, ਤੇ ਅਸੀ ਝਿਜਕਦੇ ਸਾਂ ਜਦ ਤਕ ਦੂਜੀਆਂ ਥੀਊਰੀਆਂ ਉੱਤੇ ਬਹਿਸ ਨਹੀਂ ਹੋ ਜਾਂਦੀ। ਤੀਜੀ ਥੀਊਰੀ ਇਹ ਸੀ, ਕਿ ਕੋਈ ਧਿਰ ਹੈ ਜਿਸ ਨੂੰ ਮਾਰਸ਼ ਦੀ ਮੌਤ ਦਾ ਲਾਭ ਪਹੁੰਚ ਸਕਦਾ ਹੈ, ਇਸ ਧਿਰ ਨੇ ਮਾਰਸ਼ ਨੂੰ ਇਸ ਢੰਗ ਨਾਲ ਮਾਰਿਆ ਹੈ ਕਿ ਸ਼ੱਕ ਇਸ ਕੁੜੀ ਉਤੇ ਪੈ ਜਾਵੇ। ਮਾਰਨ ਦਾ ਢੰਗ ਰੋਟੀ ਵਿਚ ਜ਼ਹਿਰ ਮਿਲਾਣਾ ਹੈ, ਤੇ ਰੋਟੀ ਮਾਰਸ਼ ਦੀ ਇਹ ਕੁੜੀ ਪਕਾਂਦੀ ਸੀ। ਇਤਫ਼ਾਕੀਆ ਟੇਲਰ ਚਲਾ ਗਿਆ, ਤੇ ਉਸਦੀ ਰਹਿ ਗਈ ਬੰਦੂਕ ਨੇ ਹੋਰ ਝੂਠੀ ਗਵਾਹੀ ਦਾ ਲਾਲਚ ਪੈਦਾ ਕਰ ਦਿਤਾ। ਇਸ ਲਾਲਚ ਨੇ ਸਾਰੀ ਬਣਤਰ ਵੈੜ ਕਰ ਦਿਤੀ।

''ਬੰਦੂਕ ਦੇ ਘੋੜੇ ਦਾ ਪਿਛਲਾ ਭਾਗ ਕਾਤਲ ਦੀ ਘੜੀ-ਜ਼ੰਜੀਰ ਵਿਚ ਅੜ ਗਿਆ, ਤੇ ਘੜੀ ਬੋਝੇ ਚੋਂ ਬਾਹਰ ਨਿਕਲ ਆਈ। ਕਾਤਲ ਨੇ ਘੜੀ ਮੁੜ ਬੋਝੇ ਵਿਚ ਪਾ ਲਈ, ਪਰ ਚਾਬੀ ਉਥੇ ਡਿੱਗੀ ਰਹਿ ਗਈ, ਜਿਹੜੀ ਮੈਂ ਲਾਸ਼ ਦੇ ਕੋਲੋਂ ਚੁਕੀ ਸੀ।''

ਮੇਰੇ ਚਾਚੇ ਨੇ ਜੱਜ ਵਲ ਤਕਿਆ।

''ਇਸ ਲਈ'', ਉਸ ਨੇ ਆਖਿਆ, ''ਮੈਂ ਜੱਜ ਸਾਈਮਨ ਨੂੰ ਕਤਲ ਦਾ ਦੋਸ਼ੀ ਠਹਿਰਾਂਦਾ ਹਾਂ, ਕਿਉਂਕਿ ਇਹ ਚਾਬੀ ਉਹਨਾਂ ਦੀ

ਘੜੀ ਨੂੰ ਲਗਦੀ ਹੈ; ਕਿਉਂਕਿ ਰੀਕਾਰਡ ਬੁਕ ਦੀ ਐਂਟਰੀ ਮਾਰਸ਼ ਦੀ ਮੌਤ ਦੇ ਬਾਅਦ ਉਸਦੀਆਂ ਜ਼ਮੀਨਾਂ ਜੱਜ ਸਾਈਮਨ ਨੂੰ ਦੇਂਦੀ ਹੈ. ਕਿਉਂਕਿ ਇਹ ਵੀ ਮਾਰਸ਼ ਦੇ ਦੂਰੋਂ ਨੇੜਿਓਂ ਰਿਸ਼ਤੇਦਾਰ ਹਨ : ਤੇ ਕਿਉਂਕਿ ਅਸਾਂ ਇਨ੍ਹਾਂ ਦੀ ਲਾਇਬ੍ਰੇਰੀ ਵਿਚ ਅਨ-ਕਤਰੇ ਵਰਕਿਆਂ ਵਾਲੀ ਕਿਤਾਬ ਵੇਖੀ, ਜਿਹੜੀ ਜ਼ਹਿਰ ਦੇ ਵਿਸ਼ੇ ਉਤੇ ਹੈ, ਤੇ ਜਿਹੜਾ ਜ਼ਹਿਰ ਮਾਰਸ਼ ਨੂੰ ਦਿਤਾ ਗਿਆ ਹੈ, ਉਸੇ ਜ਼ਹਿਰ ਦਾ ਜ਼ਿਕਰ ਉਸ ਵਰਕੇ ਉਤੇ ਹੈ ਜਿਹੜਾ ਸਾਰੀ ਕਿਤਾਬ ਵਿਚੋਂ ਇਕਲਾ ਹੀ ਕਟਿਆ ਹੋਇਆ ਹੈ।''

ਮੇਰੇ ਚਾਚੇ ਦੇ ਬਿਆਨ ਪਿਛੋਂ ਚੁਪ ਚਾਪ ਹੋ ਗਈ, ਪਰ ਦੂਜੇ ਪਲ ਸਾਰਾ ਕਮਰਾ ਰੇਂਦਾਲਫ਼ ਦੇ ਬੋਲ ਨਾਲ ਗੂੰਜ ਰਿਹਾ ਸੀ।

''ਹੇਠਾਂ ਉਤਰ ਆਓ'' ਰੇਂਦਾਲਫ਼ ਨੇ ਆਖਿਆ।

ਉਸ ਘੜੀ ਡੇਵੀਸਨ ਚੁਪ ਸੀ।

ਜੱਜ ਹੌਲੀ ਦਿਤੀ ਪੈਰਾਂ ਉਤੇ ਖੜੋਤਾ, ਕੋਈ ਇਰਾਦਾ ਉਸ ਦੇ ਅੰਦਰ ਪੱਕ ਰਿਹਾ ਸੀ।

''ਮੈਂ ਆਪਣਾ ਜਵਾਬ ਇਕ ਮਿੰਟ ਵਿਚ ਤੁਹਾਨੂੰ ਦਿਆਂਗਾ।'' ਉਸ ਨੇ ਆਖਿਆ। ਤਦ ਉਹ ਭੌਂ ਕੇ ਆਪਣੇ ਕਮਰੇ ਵਿਚ ਚਲਾ ਗਿਆ ਜਿਹੜਾ ਬੈਂਚ ਦੇ ਪਿਛੇ ਸੀ। ਇਸ ਕਮਰੇ ਨੂੰ ਇਕੋ ਬੂਹਾ ਸੀ ਜਿਹੜਾ ਬੈਂਚ ਦੇ ਉਤੇ ਖੁਲ੍ਹਦਾ ਸੀ, ਤੇ ਲੋਕ ਉਡੀਕਦੇ ਰਹੇ।

ਬਾਰੀਆਂ ਖੁਲ੍ਹੀਆਂ ਸਨ, ਤੇ ਅਸੀ ਉਨ੍ਹਾਂ ਵਿਚੋਂ ਹਰੇ ਖੇਤ, ਦੁਰਾਡੇ ਪਹਾੜ ਤੇ ਸੂਰਜ, ਤੇ ਖ਼ਜ਼ਾਂ ਰੁੱਤ ਦੇ ਅਮਨ ਤੇ ਅਡੋਲਤਾ ਵੇਖ ਸਕਦੇ ਸਾਂ। ਜੱਜ ਦੇਰ ਤਕ ਬਾਹਰ ਨਾ ਆਇਆ। ਅਚਾਨਕ ਬੰਦ ਦਰਵਾਜ਼ੇ ਦੇ ਪਿਛੋਂ ਗੋਲੀ ਚਲਣ ਦੀ ਆਵਾਜ਼ ਆਈ। ਸ਼ੈਰਿਫ਼ ਨੇ ਬੂਹਾ ਧੱਕ ਕੇ ਖੋਹਲ ਦਿੱਤਾ। ਫ਼ਰਸ਼ ਦੇ ਉਤੇ, ਲਹੂ ਵਿਚ ਲਿਥੜ ਪੁਥੜ ਜੱਜ ਸਾਈਮਨ ਪਿਆ ਸੀ ਤੇ ਉਸ ਦੇ ਹੱਥ ਵਿਚ ਪਿਸਤੌਲ ਫੜਿਆ ਸੀ।

★

# ਰੂਸੀ ਰਾਤਾਂ

ਵਾਲਗਾ ਇਕ ਬਾਂਕਾ ਜਹਾਜ਼ ਸੀ, ਕਦੇ ਜ਼ਾਰ ਦੇ ਦਰਿਆਈ ਬੇੜੇ ਦਾ ਮਾਨ ਹੁੰਦਾ ਹੁੰਦਾ ਸੀ। ਵਿਚਲੇ ਹਾਲ ਉਤੇ ਕਈ ਕਮਰੇ ਖੁਲ੍ਹਦੇ ਸਨ, ਇਹ ਜਹਾਜ਼ ਦਾ "ਕੋਮਲ" ਭਾਗ ਸੀ, ਇਹਦੇ ਵਿਚ ਫ਼ੌਜੀ ਅਫ਼ਸਰ, ਹੁਨਰਮੰਦ ਕਾਰੀਗਰ, ਤੇ ਸਰਕਾਰੀ ਆਦਮੀ ਇਸਤ੍ਰੀਆਂ, ਬਚੇ ਸਵਾਰ ਸਨ। 'ਸਖ਼ਤੇਰੀਆਂ' ਸਵਾਰੀਆਂ ਹੇਠਲੇ ਡੇਕਾਂ ਵਿਚ ਸਨ। ਮਜ਼ੀਹਕ (ਰੂਸੀ ਕਿਸਾਨ) ਇਸਤ੍ਰੀਆਂ ਦੇ ਕੈਂਪ ਉਪਰਲੇ ਡੈਕ ਤੋਂ ਲੈਕੇ ਸੰਗੀਤ-ਕਮਰੇ ਤਕ ਲਗੇ ਹੋਏ ਸਨ। ਸਾਰਾ ਜਹਾਜ਼ ਲਗ ਪਗ ਜਟਕੇ ਮੁਸਾਫ਼ਰਾਂ ਨਾਲ ਭਰਿਆ ਹੋਇਆ ਸੀ। ਸਾਡਾ ਜਹਾਜ਼ ਦਰਿਆ ਦੇ ਪੀਲੇ ਪਾਣੀ ਵਿਚ ਡੂੰਘਾ ਤੇ ਹੌਲਾ ਚਲ ਰਿਹਾ ਸੀ, ਤੇ ਲੇਟ ਹੁੰਦਾ ਜਾ ਰਿਹਾ ਸੀ।

ਸੰਗੀਤ-ਕਮਰੇ ਵਿਚ ਇਕ ਗਾਂਡੀਲ ਆਦਮੀ, ਜਿਦਾ ਸਿਰ ਘੋੜੇ ਵਰਗਾ ਸੀ, ਪੁਰਾਣੇ ਲੋਕ-ਗੀਤ ਗੌਂ ਰਿਹਾ ਸੀ। ਮੈਂ ਉਹਦੇ ਨਾਲ ਗੱਲਾਂ ਕੀਤੀਆਂ ਸਨ ਤੇ ਉਹ ਮੈਨੂੰ ਰੂਸੀ ਕਿਸਾਨ ਦਾ ਅਜੂਬਾ ਜਾਪਿਆ ਸੀ, ਜਿਦਾ ਦਿਮਾਗ਼ ਭਾਵੇਂ ਠੋਸ ਸੀ ਪਰ ਜਜ਼ਬਿਆਂ ਵਿਚ ਬੜੀ ਬਰੀਕੀ ਸੀ। ਇਹ ਬਰੀਕ ਜਜ਼ਬੇ ਠੁਲ੍ਹੇ ਸਰੀਰ ਨੂੰ ਵੀ ਕਿਥੇ ਨਹੀਂ ਪੁਚਾ ਦੇਂਦੇ? ਕਿਹੇ ਜਿਹੇ ਤਸੱਵਰ ਲਈ ਉਹਦੇ ਮਨ ਨੂੰ ਨਹੀਂ ਪ੍ਰੇਰ ਸਕਦੇ? ਉਹ ਹੁਣ ਸ਼ਹਿਰੀਆ ਬਣ ਚੁਕਾ ਸੀ, ਇਕ ਕਮਿਊਨਿਸਟ ਧਾਤ ਦਾ ਕੰਮ ਕਰਨ ਵਾਲਾ। ਤੇ ਉਹ ਆਪਣੇ ਮਜ਼ੀਹਕ ਵਡਿਆਂ ਦੇ ਗੌਣ ਅਜਿਹੀ ਨਿੱਘੀ ਸਾਫ਼ ਤੇ ਮਿੱਠੀ ਸੁਰ

ਨਾਲ ਗੌਂ ਰਿਹਾ ਸੀ ਜੀਕਰ ਹੁਨਾਲੇ ਵਿਚ ਪਹਾੜੀਆਂ ਉਤੇ ਸ਼ਛਕ ਂਦੀ ਹੈ। ਮੈਨੂੰ ਪਤਾ ਲੱਗਾ, ਇਨਕਿਲਾਬ ਦੇ ਤਰਾਨੇ ਪੁਰਾਣੇ ਲੋਕ-ਗੀਤਾਂ ਵਿਚ ਸਨ। ਸਿਰਫ਼ ਹੁਣ ਉਹਨਾਂ ਵਿਚ ਨਵੀਂ ਜਿੰਦ ਪਾਈ ਗਈ ਤੇ ਉਹਨਾਂ ਦੇ ਤਾਲ ਨੂੰ ਤਿੱਖਾ ਕੀਤਾ ਗਿਆ ਸੀ।

ਇਹਦੇ ਵਿਚ ਏਸ ਗਲ ਦਾ ਡੂੰਘਾ ਸਬੂਤ ਸੀ ਕਿ ਕੁਦਰਤੀ ਅਮਲ ਧਰਤੀ ਦੀ ਬੇ-ਤਰਤੀਬੀ ਨੂੰ ਫ਼ੈਕਟਰੀਆਂ, ਫ਼ਾਰਮਾਂ ਤੇ ਸਮੇਂ ਦੀ ਦੁਨੀਆਂ ਵਿਚ ਚੁਣ ਸਾਂਭ ਕੇ ਜੋੜ ਰਿਹਾ ਸੀ। ਲਾਲ ਫ਼ੌਜਾਂ ਦੇ ਗੀਤਾਂ ਵਿਚ, ਜਿਹੜੇ ਸਿਪਾਹੀ ਸਨਅੱਤੀ ਸ਼ਹਿਰਾਂ ਵਿਚੋਂ ਮਾਰਚ ਕਰਦੇ ਗੌਂਦੇ ਜਾਂਦੇ ਹਨ, ਪੁਰਾਣੇ ਮੁਜ਼ੀਹਕ ਦਾ ਡੂੰਘਾ ਬੋਲ ਹੁੰਦਾ ਹੈ।

ਹੌਲੀ ਹੌਲੀ ਅਨੋਖੀ ਜਿਹੀ ਇਕ ਹਿੱਸ ਮੇਰੇ ਉਤੇ ਪ੍ਰਬਲ ਹੋ ਗਈ, ਤੇ ਮੈਂ ਕਮਰੇ 'ਚੋਂ ਨਿਕਲ ਕੇ ਡੈਕ ਉਤੇ ਗਿਆ। ਕੰਢੇ ਉਤੇ ਰੋਸ਼ਨੀ ਸੀ, ਪਰ ਇਹ ਹਿਲਦੀ ਨਹੀਂ ਸੀ। ਅਸੀ ਦਰਿਆ ਦੇ ਬੱਲੇ ਨਾਲ ਲੱਗੇ ਪਏ ਸਾਂ।

"ਹੁਣ ਅਸੀ ਕੀ ਕਰਾਂਗੇ ?" ਮੈਂ ਜਹਾਜ਼ ਦੇ ਨਾ-ਖ਼ੁਦਾ (ਰਹਿਬਰ) ਨੂੰ ਪੁਛਿਆ।

"ਕੀ ਕਰਾਂਗੇ ?" ਉਹ ਹੱਸ ਪਿਆ। ਅਸੀ ਵੋਡਕਾ (ਸ਼ਰਾਬ) ਪੀਆਂਗੇ, ਅਸੀ ਬਿਸਤਰੇ ਵਿਚ ਲੰਮੇ ਪਵਾਂਗੇ, ਅਸੀ ਸੌਂ ਜਾਵਾਂਗੇ–ਅਸੀ ਫੇਰ ਜਾਗ ਪਵਾਂਗੇ।"

ਓੜਕ, ਵਾਲਗਾ ਦਰਿਆ ਦੀ ਰੇਤ ਵਿਚ ਗੱਡ ਘੱਤਨਾ ਉਸੇ ਲਈ ਕੋਈ ਚਿੰਤਾ ਰਖ ਸਕਦਾ ਹੈ ਜਿਹੜਾ ਘੜੀ ਨਾਲ ਜੀਊਂਦਾ ਹੋਵੇ, ਜਿਨ੍ਹ ਮੁਕੱਰਰ ਘੰਟਿਆਂ ਉੱਤੇ ਬਾਕਾਇਦਾ ਖਾਣੇ ਚਾਹੀਦੇ ਹੋਣ। ਮੈਨੂੰ ਆਪਣੀ ਪੱਛਮੀ ਤਰਬੀਅਤ ਦੀਆਂ ਹੱਦਾਂ ਚੁੱਭੀਆਂ। ਸਾਡਾ ਜਹਾਜ਼ ਬੱਲੇ ਲੱਗ ਗਿਆ ਸੀ। ਸਵੇਰੇ ਜਾਂ ਅਵੇਰੇ, ਕੋਈ ਕਿਸ਼ਤੀ ਆਵੇਗੀ ਤੇ ਸਾਨੂੰ ਧੱਕ ਕੇ ਤਾਰੇਗੀ। ਘਟ ਤੋਂ ਘਟ ਅਜੇ ਹੋਰ ਇਕ ਮਹੀਨਾ ਦਰਿਆ ਵਾਲਗਾ ਜੰਮਣ ਨਹੀਂ ਲੱਗਾ। ਇਕ

ਪੜਾ ਜਿਹਾ ਵਿਚਾਲੇ ਆ ਗਿਆ ਹੈ, ਤੇ ਪੜਾ ਵੀ ਨਿੱਘਾ ਜਿਹਾ ਜਿਦ੍ਹੇ ਵਿਚ ਇਸਤ੍ਰੀਆਂ ਮਰਦ ਗਾਉਂਦੇ ਸਨ ਤੇ ਇਕ ਦੂਜੇ ਦੇ ਨੇੜੇ ਆਉਂਦੇ ਸਨ, ਪੀਂਦੇ ਸਨ, ਸੌਂਦੇ ਸਨ।

ਉਸ ਰਾਤੀਂ ਇਕ ਮਹਾਨ ਜਿਹਾ ਅਮਨ ਸਾਡੇ ਜਹਾਜ਼ ਉਤੇ ਆ ਉੱਤਰਿਆ। ਅਸੀ ਸਮੇਂ ਵਿਚੋਂ ਉਤਾਂਹ ਚੁਕੇ ਗਏ, ਅਸੀ ਇਕ ਲੋੜੀਂਦੇਂ ਪਲ ਉਤੇ ਮਿੱਠੀ ਤਰ੍ਹਾਂ ਸਾਵੇਂ ਖਲ੍ਹਾਰੇ ਗਏ, ਇਹ ਪਲ ਨਾ ਸਮਾ ਸੀ, ਨਾ ਵਿੱਥ ਸੀ (Niether space nor time) ਇਸਤ੍ਰੀਆਂ ਮਰਦ ਅਡੋਲ ਡੇਕ ਉਤੇ ਬੈਠੇ ਸਨ, ਬੱਚੇ ਸੌਂ ਰਹੇ ਸਨ, ਜੋੜੇ ਪਰਛਾਵਿਆਂ ਵਿਚ ਜੁੜੇ ਤੁਰ ਰਹੇ ਸਨ। ਗੀਤ ਦਰਿਆ ਦੀ ਸਤਹ ਉਤੇ ਤਰ ਰਿਹਾ ਸੀ, ਤੇ ਪਤਲੀਆਂ ਪਤਲੀਆਂ ਲਹਿਰਾਂ ਇਹਦੀ ਲਯ ਨੂੰ ਦੁਹਰਾ ਰਹੀਆਂ ਸਨ। ਹੌਲੀ, ਮਿਠਾਸ ਭਰੇ, ਅਚਿੰਤ ਅਸੀ ਸਾਰੇ ਜ਼ਿੰਦਗੀ ਦੇ ਸਾਂਵੇਂ ਖੜੋਤੇ ਪਲੜਿਆਂ ਵਿਚ ਉਸ ਪਲ ਦਾ ਸੁਆਦ ਮਾਣ ਰਹੇ ਸਾਂ। ਤੇ ਉਸ ਪਲ ਵਿਚ ਮੈਨੂੰ ਉਸ ਸਭ ਕੁਝ ਦੀ ਯਕੀਨੀ ਅਰੋਗਤਾ ਦਾ ਗਿਆਨ ਹੋਇਆ, ਜੋ ਕੁਝ ਕਿ ਰੂਸ ਵਿਚ ਵਾਪਰ ਰਿਹਾ ਸੀ। ਇਕ ਨਵੀਂ ਰੂਹ ਪੈਦਾ ਹੋਈ ਸੀ। ਤੇ ਇਹ ਸਾਬਤ ਸੀ। ਸਮਾ ਭਾਵੇਂ ਇਸ ਨੂੰ ਵਿੰਗਾ ਕਰ ਦੇਵੇ, ਵਿਚਾਰ ਦੀ ਥੁੜੋਂ ਭਾਵੇਂ ਇਸ ਨੂੰ ਬਰਬਾਦ ਕਰ ਦੇਵੇ, ਬਾਹਰਲੀ ਦੁਨੀਆ ਭਾਵੇਂ ਇਹਦਾ ਸਾਹ ਘੁਟ ਦੇਵੇ। ਪਰ ਹੁਣ ਇਹ ਜੀਵਨ ਅਰੋਗ ਸੀ ਜੀਕਰ ਬੱਚਾ ਅਰੋਗ ਹੁੰਦਾ ਹੈ।

ਅਸੀ ਕੰਢੇ ਉਤੇ ਪਹੁੰਚ ਗਏ। ਮਾਸਕੋ ਜਾਣ ਲਈ ਰੇਲ ਵਿਚ ਸਵਾਰ ਹੋ ਗਏ। ਸਾਡੇ ਖ਼ਾਨੇ ਵਿਚ ਦੋ ਨੌਜਵਾਨ ਇਸਤ੍ਰੀਆਂ ਸਨ। ਰੂਸ ਵਿਚ ਆਉਣ ਤੋਂ ਪਹਿਲਾਂ ਇਸ ਕਿਸਮ ਦੀ ਆਜ਼ਾਦੀ ਦੀ ਉਮੇਦ ਮੇਰੇ ਮਨ ਨੂੰ ਕਈ ਤਰ੍ਹਾਂ ਦੇ ਪਰੀ-ਸੁਪਨਿਆਂ ਨਾਲ ਭੁਲਾ ਦੇਂਦੀ ਸੀ। ਪਰ ਰੂਸ ਦੀ ਅਸਲੀਅਤ ਏਡੀ ਜਾਦੂ-ਅਸਰ ਹੈ ਕਿ

ਫ਼ੌਰਨ ਹੀ ਇਹ ਖ਼ਿਆਲ ਦੀਆਂ ਪੁਰਾਣੀਆਂ ਵਾਦੀਆਂ ਤੇ ਕਾਬੂ ਪਾ ਲੈਂਦੀ ਹੈ – ਪੱਛਮ ਦੀਆਂ ਰਸਮਾਂ ਇਹਦੀ ਨਵੀਂ ਰੋਸ਼ਨੀ ਵਿਚ ਹਾਸੇ-ਹੀਣੀਆਂ ਜਾਪਦੀਆਂ ਹਨ। ਕਾਮ-ਚੇਸ਼ਟਾ, ਮਨੁੱਖੀ ਸਭਿਅਤਾ ਵਿਚ ਜਿਨ੍ਹ ਨਿਸ਼ਾਨਾ ਬਣਾਕੇ ਰੂਸ ਤੁਰ ਰਿਹਾ ਹੈ, ਇਤਫ਼ਾਕ ਉਤੇ ਨਿਰਭਰ ਨਹੀਂ ਰਖਦੀ। ਜੇ ਇਕ ਇਸਤ੍ਰੀ ਤੇ ਮਰਦ ਇਕ ਦੂਜੇ ਨੂੰ ਚਾਹੁੰਦੇ ਹਨ, ਤਾਂ ਉਹ ਗੱਡੀ ਵਿਚ ਰਾਤੀਂ ਇਕੱਠਿਆਂ ਹੋਣ ਵਰਗੇ ਇਤਫ਼ਾਕਾਂ ਨੂੰ ਉਡੀਕਦੇ ਨਹੀਂ ਰਹਿੰਦੇ। ਤੇ ਜੇ ਖ਼ਾਹਿਸ਼ ਉਹਨਾਂ ਨੂੰ ਡੂੰਘੀ ਤਰ੍ਹਾਂ ਪ੍ਰੇਰਦੀ ਨਹੀਂ ਤਾਂ ਗੱਡੀ ਵਿਚ ਰਾਤੀਂ ਇਕੱਠਿਆਂ ਸੌਣਾ ਅਰਥ-ਹੀਨ ਹੈ।

ਇਕ ਕੁੜੀ ਐਂਜੀਨੀਅਰ ਸੀ, ਸ਼ਕਮੇਟੋਵਾ ਦੀ ਰੂੰ-ਫ਼ੈਕਟਰੀ ਵਿਚ ਕੰਮ ਕਰਦੀ ਸੀ। ਫ਼ੈਕਟਰੀ ਸੋਵੀਅਟ ਨੇ ਉਹਨੂੰ ਛੁਟੀਆਂ ਦਿਤੀਆਂ ਸਨ ਤੇ ਉਹ ਮਾਸਕੋ ਵਿਚ ਜਾ ਰਹੀ ਸੀ। "ਸਵੇਰੇ, ਮੈਂ ਲੇਨਿਨ-ਇਨਸਟੀਚਿਊਟ ਵਿਚ ਜਾਵਾਂਗੀ", ਉਸ ਨੇ ਆਖਿਆ, "ਮੈ ਜਾਨਣਾ ਚਾਹੁੰਦੀ ਹਾਂ, ਇਨਕਿਲਾਬ ਤੋਂ ਪਹਿਲਾਂ ਲੇਨਿਨ ਕੀਕਰ ਰਿਹਾ ਕਰਦਾ ਸੀ।"

ਇਹ ਕੁੜੀ ਸੁਹਣੀ ਨਹੀਂ ਸੀ, ਉਹਦਾ ਨੱਕ ਤੇ ਨਕਸ਼ ਬੜੇ ਮੋਟੇ ਸਨ ਤੇ ਉਹਦੀਆਂ ਅੱਖਾਂ ਛੋਟੀਆਂ ਸਨ, ਤੇ ਚਮੜਾ ਮੋਟਾ ਸੀ।

ਦੂਜੀ ਕੁੜੀ ਬਖਦੀ ਤੇ ਲੰਮੀ ਸੀ। ਉਹਦੀਆਂ ਰੇਸ਼ਮੀ ਲਿਟਾਂ ਬੱਚੇ ਵਰਗੇ ਕੋਮਲ ਮੱਥ ਉਤੇ ਚਮਕਦੀਆਂ ਸਨ; ਪਰ ਉਹਦਾ ਮੁਖ ਰਸੀਲਾ ਤੇ ਤਕੜਾ ਸੀ। ਮਲਾਈ-ਰੰਗੇ ਬਲੌਜ਼ ਵਿਚੋਂ ਉਹਦੀ ਛਾਤੀ ਬੇ-ਸੰਕੋਚ ਮਸੂਮੀਅਤ ਨਾਲ ਉੱਭਰੀ ਦਿਸਦੀ ਸੀ, ਉਹਦੀ ਧੌਣ ਥਰੱਕਦੀ ਸੀ ਜਦੋਂ ਉਹ ਸਾਹ ਲੈਂਦੀ ਸੀ। ਉਹ ਕਾਮਸੋਮਾਲ (ਨੌਜਵਾਨਾਂ ਦੀ ਕਮਿਊਨਿਸਟ ਪਾਰਟੀ) ਦੀ ਡੇਲੀਗੇਟ ਹੋ ਕੇ ਮਾਸਕੋ ਜਾ ਰਹੀ ਸੀ। ਉਹ ਇਕ ਫ਼ਾਰਮ ਵਿਚ ਕੰਮ ਕਰਦੀ ਸੀ, ਤੇ ੯੦ ਰੁਪਏ ਮਹੀਨਾ ਤਨਖ਼ਾਹ ਲੈਂਦੀ ਸੀ। ਉਹਦਾ ਨਾਂ ਨਾਟਾਰਾ ਸੀ।

ਇਕ ਫ਼ੌਜੀ ਆਦਮੀ ਅੰਦਰ ਆਇਆ ਤੇ ਬਹਿ ਗਿਆ। ਉਹਦੀਆਂ ਅੱਖਾਂ ਵਿਚ ਵਿਨ੍ਹਵੀਂ ਨੀਝ ਸੀ। ਉਹਨੂੰ ਕੁੜੀਆਂ ਦਾ ਗਿਆਨ ਸੀ, ਪਰ ਉਹ ਬੋਲਦਾ ਸਿਰਫ਼ ਮੇਰੇ ਨਾਲ ਸੀ। ਉਹ ਕੈਰਲ ਦੀਆਂ ਗੱਲਾਂ ਬੇਸਬਰੀ ਨਾਲ ਸੁਣਦਾ ਸੀ, ਕਿਉਂਕਿ ਉਹਦੇ ਖ਼ਿਆਲ ਵਿਚ ਕੈਰਲ ਉਹਦੇ ਤੇ ਇਕ ਅਮ੍ਰੀਕਨ ਦੇ ਵਿਚਕਾਰ ਇਕ ਰੁਕਾਵਟ ਜਿਹੀ ਸੀ, ਤੇ ਉਹ ਮੈਨੂੰ ਅਮ੍ਰੀਕਨ ਨੂੰ ਅਨੇਕਾਂ ਸਵਾਲ ਪੁਛਣ ਲਈ ਕਾਹਲਾ ਸੀ। ਕੈਰਲ ਮੇਰੀ ਇੰਟਰਪ੍ਰੈਟਰ (ਤਰਜਮਾ ਕਰਕੇ ਸਮਝਾਣ ਵਾਲੀ) ਕੁੜੀ ਸੀ, ਜਿਹੜੀ ਸਾਰੇ ਸਫ਼ਰ ਵਿਚ ਮੇਰੇ ਨਾਲ ਰਹਿੰਦੀ ਸੀ।

ਮੈਂ ਸੋਵੀਅਟ ਸਮੇਲਨ ਵਿਚ ਕੀ ਕਰ ਰਿਹਾ ਸਾਂ? ਮੈਂ ਘਰ ਮੁੜ ਕੇ ਕੀ ਆਖਾਂਗਾ? ਪੱਛਮੀ ਮੁਲਕ ਸੋਵੀਅਟ ਦੀ ਬਾਬਤ ਕੀ ਖ਼ਿਆਲ ਕਰਦੇ ਸਨ? ਕੀ ਜੰਗ ਦਾ ਖ਼ਤਰਾ ਹੈ ਸੀ? ਤੇ ਮੈਂ ਉਹ-ਦੀਆਂ ਸਿਪਾਹੀ-ਅੱਖਾਂ ਵਿਚ ਓਹੋ ਡਰ ਤੇ ਤਰਸ ਵੇਖੇ ਜਿਹੜੇ ਹਰੇਕ ਰੂਸੀ ਦੀਆਂ ਅੱਖਾਂ ਵਿਚ ਮੈਨੂੰ ਲੱਭੇ ਸਨ ਜਦੋਂ ਕਦੇ ਉਹਨੂੰ ਇਹ ਆਖਿਆ ਜਾਂਦਾ ਸੀ ਕਿ ਸ਼ਾਇਦ ਇਕਹੋਰ ਜਗਤ-ਲੜਾਈ ਲੜਨ ਦੀ ਖ਼ਾਤਰ ਸੋਵੀਅਟ ਅਮਨ ਤੇ ਪੰਜ-ਸਾਲਾ ਸਕੀਮ ਛਡਣੇ ਪੈਣਗੇ। ਕੀ ਮੈਂ ਕਮਿਊਨਿਸਟ ਸਾਂ?

"ਜਾਂ ਤੁਸੀ ਕਮਿਊਨਿਸਟ ਹੋ ਤੇ ਜਾਂ ਬੂਰਜਵਾ (ਵਿਚਲੀ ਸ੍ਰੇਣੀ ਦੇ ਤਾਜਰ)। ਜੇ ਤੁਹਾਡਾ ਖ਼ਿਆਲ ਹੈ ਕਿ ਤੁਸੀ ਅਸੂਲੀ ਮਤ-ਭੇਦ ਕਰਕੇ ਸਾਡੀ ਪਾਰਟੀ ਨਾਲ ਸਹਿਮਤ ਨਹੀਂ ਹੋ ਸਕਦੇ ਤਾਂ ਤੁਸੀ ਬੂਰਯਵਾ ਹੋ। ਕਮਿਊਨਿਜ਼ਮ ਸਚਿਆਈ ਹੈ, ਇਤਿਹਾਸ ਦੀ, ਹੁਨਰ ਦੀ, ਸਾਇੰਸ ਦੀ ਸਚਿਆਈ ਹੈ। ਇਹ ਸ੍ਰੇਣੀਆਂ ਨੂੰ ਖ਼ਤਮ ਕਰਨ ਦਾ ਸਾਧਨ ਹੈ, ਤੇ ਮਨੁੱਖ ਦੇ ਭਵਿਖ ਦੀ ਅਗਵਾਈ ਕਰਨ ਦਾ। ਜੇ ਤੁਸੀ ਇਹਨਾਂ ਸਚਿਆਈਆਂ ਨੂੰ ਪ੍ਰਵਾਨ ਨਹੀਂ ਕਰਦੇ, ਤਾਂ

ਤੁਸੀ ਭਵਿਖ ਦੇ ਵਿਰੋਧੀ ਹੋ : ਤੁਸੀ ਬੂਰਯਵਾਈ ਭੂਤ ਦੇ ਬੱਧੇ ਹੋਏ ਹੋ। ਤਾਂ ਉਹਦਾ ਭਾਵ ਹੈ ਕਿ ਭੂਤ ਕਾਲ ਵਾਗੂੰ ਤੁਹਾਡਾ ਲੇਖਾ ਵੀ ਸਾਫ਼ ਕਰ ਦੇਣਾ ਚਾਹੀਦਾ ਹੈ।''

ਜਦੋਂ ਉਹ ਮੇਰੇ ਸਾਹਮਣੇ ਬੈਠਾ ਸਿਗਰਟ ਪੀ ਰਿਹਾ ਸੀ, ਤੇ ਕੁੜੀਆਂ ਦੀ ਨਿੱਘੀ ਹੋਂਦ ਮਹਿਸੂਸ ਕਰ ਰਿਹਾ ਸੀ, ਪਰ ਗਲਾਂ ਸਿਰਫ਼ ਮੇਰੇ ਨਾਲ ਹੀ ਕਰ ਰਿਹਾ ਸੀ, ਤਾਂ ਮੈਨੂੰ ਪਤਾ ਲੱਗ ਰਿਹਾ ਸੀ ਕਿ ਮੇਰੇ ਸਾਹਮਣੇ ਇਕ ਪ੍ਰਸੰਨ ਆਦਮੀ ਬੈਠਾ ਸੀ। ਲੱਖਾਂ ਹੋਰਨਾਂ ਆਦਮੀਆਂ ਵਾਂਗੂ, ਇਹ ਸਿਪਾਹੀ ਵੀ ਰੂਸ ਦੇ ਬੇ-ਸੂਰਤ ਪੱਧਰਾਂ ਵਿਚ ਜੰਮਿਆ ਸੀ, ਜਿਦ੍ਹੇ ਵਿਚੋਂ ਜ਼ਾਰ ਦੇ ਜ਼ਮਾਨੇ ਵਿਚ ਇਹਨੂੰ ਸਿਰਫ਼ ਦੋ ਹੀ ਖਲਾਸੀ ਦੇ ਰਾਹ ਦਿਸ ਸਕਦੇ ਸਨ :

> ''ਗ੍ਰਹੀ ਜੀਵਨ ਦੀ ਪਸ਼ੂ-ਨੀਂਦਰ ਤੇ ਕਾਮ-ਮਸਤੀ,
> ਜਾਂ, ਸੰਤਾਂ ਦਾ ਜੱਗੋਂ ਬਾਹਰਾ ਉਸ਼ਟੰਡ।''

ਪਰ ਹੁਣ ਉਹਦੇ ਕੋਲ ਇਕ ਸਚਿਆਈ ਸੀ, ਜਿਹੜੀ ਉਹਨੂੰ ਧਰਤੀ ਨਾਲ ਸੰਯੁਕਤ ਰਖਦੀ ਤੇ ਉਹਦੀਆਂ ਖ਼ਾਬਾਂ ਨੂੰ ਖਿਲਰਣ ਦਾ ਮੌਕਾ ਦੇਂਦੀ ਸੀ; ਜਿਹੜੀ ਉਹਨੂੰ ਪੂਰਾ ਮਨੁਖੀ ਬਣਾਂਦੀ ਸੀ, ਤੇ ਖ਼ੁਦੀ ਨਾਲੋਂ ਪ੍ਰੇਡੇ ਆਦਰਸ਼ ਵਿਚ ਆਪਣੀ ਇੱਛਾ ਇਕ-ਮਿਕ ਕਰਨ ਲਈ ਪ੍ਰੇਰਦੀ ਸੀ।

ਨਾਟਾਚਾ ਨੂੰ ਸਿਵਾਏ ਰੂਸੀ ਜ਼ਬਾਨ ਦੇ ਹੋਰ ਕਿਸੇ ਜ਼ਬਾਨ ਦਾ ਸ਼ਬਦ ਨਹੀਂ ਸੀ ਆਉਂਦਾ। ਨਾ ਉਹ ਤੇ ਨਾ ਮੈਂ ਉਹਦੇ ਜੋਬਨ ਵਿਚ ਆਏ ਹੁਸਨ ਵਿਚਾਲੇ ਸ਼ਬਦਾਂ ਦੀ ਸਾਧਾਰਨ ਜਿਹੀ ਕੋਈ ਆੜ ਖਲ੍ਹਾਰ ਸਕਦੇ ਸਾਂ। ਉਹਦੇ ਹੁਸਨ ਦੀ ਭਰਵੀਂ ਟੱਕਰ ਮੇਰੇ ਪੈਰ ਹਿਲਾ ਰਹੀ ਸੀ। ਪਰ ਕੁਝ ਕੀਤਾ ਨਹੀਂ ਸੀ ਜਾ ਸਕਦਾ, ਛੁਟ

ਇਸ ਦੇ ਕਿ ਬਿਸਤਰੇ ਵਿਚ ਬੈਠਾ ਰਿਹਾ ਤੇ ਉਹਨੂੰ ਵਿੰਹਦਾ ਰਿਹਾ ਤੇ ਆਪਣੀਆਂ ਅੱਖਾਂ ਉਤੇ ਓਹਦੀਆਂ ਸਾਫ਼ ਅੱਖਾਂ ਦੀ ਨਜ਼ੀਰ ਝੱਲਦਾ ਰਿਹਾ। ਉਹਦਾ ਸਰੀਰਕ ਸੁੰਦਰਯ ਕੋਈ ਗਲਾਸ ਵਿਚ ਪਈ ਸ਼ਰਾਬ ਨਹੀਂ ਸੀ, ਕਿ ਅੰਤਮ ਟੇਪੇ ਤਕ ਪੀਤੀ ਜਾ ਸਕਦੀ। ਉਹਦਾ ਸੁੰਦਰਯ ਉਸਦਾ ਸਾਰਾ ਆਪਣਾ ਆਪ ਸੀ। ਉਹਦਾ ਨਿਸ-ਸ਼ੰਕਾ ਵਿਸ਼ਵਾਸ਼ ਕਮਿਊਨਿਜ਼ਮ ਵਿਚ, ਉਹਦਾ ਇਸਤ੍ਰੀਅਤ, ਉਹਦੇ ਹੁਸਨ ਦੇ ਜ਼ਰੂਰੀ ਭਾਗ ਸਨ। ਨਾਟਾਚਾ ਨੂੰ ਗਲਵਕੜੀ ਪਾਣਾ ਉਹਨੂੰ ਸਾਰੀ ਨੂੰ ਆਪਣਾ ਬਨਾਣਾ ਹੋ ਸਕਦਾ ਸੀ: ਸਿਰਫ਼ ਉਹਦੇ ਸੁਗੰਧਤ ਸਰੀਰ ਨੂੰ ਨਹੀਂ, ਇਤਕਾਦਾਂ ਸਮੇਤ ਉਹਦੇ ਮਨ ਨੂੰ ਵੀ। ਉਹਦਾ ਨਾਜ਼ਕ ਬਦਨ ਕਮਿਊਨਿਸਟ ਫੁੱਲ ਦਾ ਬਾਹਰਲਾ ਕੰਵਲ-ਪਿਆਲਾ ਸੀ।

ਅਸੀ ਬੈਠੇ ਰਹੇ ਤੇ ਇਕ ਦੂਜੇ ਦੀਆਂ ਅੱਖਾਂ ਵਿਚ ਹਸਦੇ ਰਹੇ। ਤੇ ਮੈਨੂੰ ਪਤਾ ਸੀ ਕਿ ਉਹਦੀ ਦੁਨੀਆ ਵਿਚ ਮੇਰੇ ਹੋਣ ਦੀ ਤਿੱਖੀ ਜਿਹੀ ਖੁਤ-ਖੁਤੀ ਉਹਦੇ ਦਿਲ ਵਿਚ ਸੀ, ਤੇ ਨਾਲੇ ਇਹ ਕਿ ਮੈਂ ਓਥੋਂ ਕਿਹੋ ਜਿਹੇ ਖ਼ਿਆਲ ਵਾਪਸ ਲੈ ਜਾ ਰਿਹਾ ਸਾਂ।

ਗੱਡੀ ਉਸ ਰਾਤ ਦੇ ਹਨ੍ਹੇਰੇ ਵਿਚ ਦਾਖ਼ਲ ਹੋ ਗਈ ਜਿਹੜੀ ਰਾਤ ਸਾਡੇ ਤੇ ਮਾਸਕੋ ਦੇ ਦਰਮਿਆਨ ਸੀ। ਕੇਰਲ ਤੇ ਐਂਜੀਨੀਅਰ ਕੁੜੀ ਨੇ ਹੇਠਲੀਆਂ ਬਰਥਸ (ਸੀਟਾਂ) ਲੈਣੀਆਂ ਸਨ, ਮੈਂ ਤੇ ਨਾਟਾਚਾ ਉਪਰਲੀਆਂ ਵਿਚ ਚੜ੍ਹ ਗਏ। ਮੈਂ ਬੱਤੀ ਬੁਝਾ ਦਿਤੀ।

★

# ਪੀਂਘ

ਲਾਲ ਫ਼ੌਜ ਹਾਰ ਕੇ ਇਕ ਪਿੰਡ ਤੋਂ ਵਾਪਸ ਹੋ ਗਈ। ਹੁਣ ਏਥੇ ਜਰਮਨ ਨਾਜ਼ੀਆਂ ਦਾ ਕਬਜ਼ਾ ਸੀ। ਸੋਵੀਅਟ ਪੰਚਾਇਤ ਘਰ ਅਜ ਨਾਜ਼ੀ ਹੈਡ ਕੁਆਰਟਰ ਸਨ। ਦਫ਼ਤਰ ਵਿਚ ਕਮਾਂਡਿੰਗ ਅਫ਼ਸਰ ਬੈਠਾ ਸੀ, ਬਾਹਰ ਕਈ ਸਿਪਾਹੀਆਂ ਦੀ ਭੀੜ ਸੀ। ਅਫ਼ਸਰ ਨੇ ਹੁਕਮ ਦਿਤਾ : "ਉਹਨੂੰ ਹਾਜ਼ਰ ਕਰੋ", ਦੋ ਸਿਪਾਹੀ ਇਕ ਰੂਸੀ ਇਸਤ੍ਰੀ ਨੂੰ ਅੰਦਰ ਲੈ ਆਏ।

ਇਹ ਇਸਤ੍ਰੀ ਸਰੀਰੋਂ ਤਕੜੀ, ਉਮਰੋਂ ਵਡੇਰੀ, ਸ਼ਕਲੋਂ ਨਿਡੱਰ ਦਿਸਦੀ ਸੀ। ਅਫ਼ਸਰ ਦੇ ਸਾਹਮਣੇ ਖ਼ਾਮੋਸ਼ ਖੜੋ ਗਈ।

"ਨਾਮ ?"

"ਉਲੀਨਾ"

"ਤੂੰ ਪਿੰਡ ਵਿਚ ਕਿਉਂ ਆਈ ਹੈਂ ? ਤੈਨੂੰ ਕਿਸ ਭੇਜਿਆ ਹੈ ?"

"ਕਿਸੇ ਨਹੀਂ – ਮੈਂ ਆਪਣੇ ਆਪ ਆਈ ਹਾਂ।"

"ਕਿਉਂ ਹੁਣ ਜੁਰਮ ਕਰਨ ਤੋਂ ਅੱਕ ਗਈ ਸੈਂ ?"

ਇਸਤ੍ਰੀ ਨੇ ਕੋਈ ਉੱਤਰ ਨਾ ਦਿਤਾ।

"ਜਿਹੜਾ ਪੁਲ ਪਿਛਲੇ ਹਫ਼ਤੇ ਉਡਾਇਆ ਗਿਆ ਸੀ, ਸੁਣਿਆ ਉਹ ਤੇਰਾ ਕੰਮ ਸੀ ?"

"ਹਾਂ – ਮੈਂ ਹੀ ਉਡਾਇਆ ਸੀ।"

"ਮੈਨੂੰ ਦਸ, ਤੂੰ ਓਥੋਂ ਆਈ ਕਿਉਂ ਹੈਂ ? ਕਿਸੇ ਖ਼ਾਸ ਕੰਮ ਤੇ ਡਿਊਟੀ ਲੱਗੀ ਹੋਵੇਗੀ ?"

"ਨਹੀਂ – ਮੈਂ ਹੁਣ ਉਥੇ ਰਹਿ ਨਹੀਂ ਸਾਂ ਸਕਦੀ – ਮੈਂ ਬੱਚਾ ਜੰਮਣ ਆਈ ਹਾਂ।"

ਅਫ਼ਸਰ ਨੇ ਇਸਤ੍ਰੀ ਦੇ ਸਰੀਰ ਵਲ ਤੱਕਿਆ – ਉਸ ਜੱਤ ਦਾ ਛੋਟਾ ਕੋਟ ਪਾਇਆ ਹੋਇਆ ਸੀ, ਉਤੇ ਸ਼ਾਲ ਲਈ ਸੀ।

"ਇਹ ਕਮਰਾ ਨਿੱਘਾ ਹੈ – ਉਪਰਲੇ ਕਪੜੇ ਲਾਹ ਦੇ।" ਅਫ਼ਸਰ ਨੇ ਹੁਕਮ ਦਿਤਾ। ਕਪੜੇ ਲਾਹੇ ਗਏ। ਇਸਤ੍ਰੀ ਦੇ ਪੇਟ ਤੋਂ ਮਲੂਮ ਹੁੰਦਾ ਸੀ, ਕਿ ਇਕ ਦੋ ਦਿਨਾਂ ਤੋਂ ਲੰਮੇਰੀ ਦੇਰ ਨਹੀਂ ਸੀ।

"ਤੂੰ ਬੜੇ ਅਮਨ ਨਾਲ ਬੱਚਾ ਜਣ ਸਕਦੀ ਹੈਂ – ਜੇ ਤੂੰ ਦਸ ਦੇਵੇਂ ਕਿ ਤੇਰੇ ਸਾਥੀ ਗੁਰਿਲੇ ਇਸ ਵੇਲੇ ਕਿਥੇ ਹਨ ?"

"ਮੈਨੂੰ ਪਤਾ ਨਹੀਂ।"

"ਜਦੋਂ ਤੂੰ ਆਈ, ਓਦੋਂ ਕਿਥੇ ਸਨ ?"

"ਮੈਂ ਕੁਝ ਨਹੀਂ ਕਹਿ ਸਕਦੀ।"

ਅਫ਼ਸਰ ਨੇ ਇਸਤ੍ਰੀ ਦੇ ਮੂੰਹ ਵਲ ਤੱਕਿਆ। ਦਿਲ ਵਿਚ ਆਖਿਆ "ਕੋਈ ਬਲਾ ਹੈ – ਇਸ ਮੈਨੂੰ ਕੀ ਦਸਣਾ ਹੈ।"

"ਤੇਰਾ ਖ਼ਾਵੰਦ ਕਿਥੇ ਹੈ ?"

"ਮਾਰਿਆ ਗਿਆ ਹੈ।"

"ਤੇਰੇ ਹੋਰ ਬੱਚੇ ਹਨ ?"

"ਨਹੀਂ ਇਹ ਮੇਰਾ ਪਹਿਲਾ ਬੱਚਾ ਹੀ ਹੋਵੇਗਾ।"

"ਪਰ ਮੈਂ ਸੁਣਿਆ ਹੈ, ਪਾਰਟੀ ਵਿਚ ਤੇਨੂੰ ਮਾਤਾ ਉਲੀਨਾ ਆਖਦੇ ਹਨ।"

ਇਸਤ੍ਰੀ ਨੂੰ ਆਪਣੀ ਪਾਰਟੀ ਦੇ ਨੌਜਵਾਨਾਂ ਦੀ ਯਾਦ ਆ ਗਈ। ਸਭ ਸ਼ਕਲਾਂ ਅੱਖਾਂ ਅੱਗੇ ਫਿਰਨ ਲਗੀਆਂ। ਕੋਈ ਮਾਤਾ ਉਲੀਨਾ ਕੋਲੋਂ ਬਟਨ ਲੁਆ ਰਿਹਾ ਸੀ, ਕੋਈ ਕਿਸੇ ਝਗੜੇ ਦਾ ਫ਼ੈਸਲਾ ਕਰਾ ਰਿਹਾ ਸੀ, ਕੋਈ ਕਿਸੇ ਨਾਜ਼ੀ ਨੂੰ ਮਾਰਨ ਦੀ ਕਹਾਣੀ ਸੁਣਾ ਰਿਹਾ ਸੀ, ਕੋਈ ਮਾਤਾ ਕੋਲੋਂ ਪੁਛ ਰਿਹਾ ਸੀ ਕਿ ਉਸ

ਇਕੱਲੀ ਨੇ ਕੀਕਰ ਐਡਾ ਵੱਡਾ ਪੁਲ ਉੜਾ ਦਿੱਤਾ।

"ਹਾਂ – ਪਾਰਟੀ ਦੇ ਸਾਰੇ ਮੁੰਡੇ ਮੈਨੂੰ ਮਾਤਾ ਆਖਦੇ ਸਨ – ਮੈਂ ਸਭ ਤੋਂ ਵੱਡੀ ਸਾਂ – ਮੇਰੀ ਉਮਰ ਬਤਾਲੀ ਸਾਲ ਦੀ ਹੈ।"

"ਪਰ ਜੇ ਤੂੰ ਇਹ ਨਾ ਦਸਿਆ ਕਿ ਤੇਰੇ ਸਾਥੀ ਕਿਥੇ ਲੁਕੇ ਹੋਏ ਹਨ, ਤਾਂ ਤੈਨੂੰ ਮੈਂ ਮਾਂ ਨਹੀਂ ਬਣਨ ਦੇਣਾ।"

ਇਸਤ੍ਰੀ ਕੁਝ ਨਾ ਬੋਲੀ।

"ਤੂੰ ਆਪਣੇ ਦਸਤੇ ਬਾਬਤ ਦੱਸੇਂਗੀ ਕਿ ਨਹੀਂ?" ਅਫ਼ਸਰ ਨੇ ਕੜਕ ਕੇ ਪੁਛਿਆ।

"ਮੈਂ ਕੁਝ ਨਹੀਂ ਜਾਣਦੀ – ਓਹ ਓਥੋਂ ਚਲੇ ਗਏ ਸਨ – ਕਿੱਧਰ – ਮੈਨੂੰ ਪਤਾ ਨਹੀਂ।"

ਅਫ਼ਸਰ ਨੇ ਸਿਪਾਹੀ ਨੂੰ 'ਵਾਜ ਮਾਰੀ।

"ਇਸ ਨੂੰ ਤਵੇਲੇ ਵਿਚ ਲੇ ਜਾਓ ... ... ਜ਼ਰਾ ਏਹਨੂੰ ਠੰਢ ਵਿਚ ਬਿਠਾਓ – ਫੇਰ ਇਹ ਫ਼ੈਸਲਾ ਕਰੇਗੀ, ਇਹਨੂੰ ਕੀ ਕੁਝ ਦਸਣਾ ਚਾਹੀਦਾ ਹੈ।"

× × ×

ਇਕ ਕਿਸਾਨ-ਘਰ ਦੇ ਸ਼ੀਸ਼ਿਆਂ ਵਿਚੋਂ ਦੋ ਬੱਚੇ ਤੇ ਉਹਨਾਂ ਦੀ ਮਾਂ ਬਾਹਰ ਤਕ ਰਹੇ ਸਨ। ਰਾਤ ਚਾਨਣੀ ਸੀ, ਤੇ ਬਰਫ਼ ਪਈ ਹੋਣ ਕਰਕੇ ਸਗੋਂ ਹੀ ਬਹੁਤਾ ਚਾਨਣ ਸੀ। ਇਕ ਘਰ ਹੀ ਨਹੀਂ, ਕਈ ਘਰਾਂ ਵਿਚੋਂ ਏਸੇ ਤਰ੍ਹਾਂ ਲੋਕ ਸ਼ੀਸ਼ੇ ਪੂੰਝ ਪੂੰਝਕੇ ਬਾਹਰ ਵੇਖ ਰਹੇ ਸਨ।

ਇਕ ਨੰਗੀ ਇਸਤ੍ਰੀ – ਕਪੜੇ ਦੀ ਇਕ ਟਾਕੀ ਵੀ ਅੰਗਾਂ ਤੇ ਨਹੀਂ ਸੀ। ਸਰੀਰ ਉੱਚਾ ਤੇ ਭਾਰਾ – ਪੇਟ ਉਭਰਿਆ ਹੋਇਆ – ਨੰਗੇ ਪੈਰੀਂ ਬਰਫ਼ ਉਤੇ ਖਲੋਤੀ ਹੋਈ ਸੀ। ਦੋ ਸਿਪਾਹੀ ਸੰਗੀਨਾਂ ਦੀ ਚੋਭ ਨਾਲ ਉਹਨੂੰ ਕਦੇ ਤੋਰਦੇ ਤੇ ਕਦੇ ਖੜਾ ਹੋਣ ਲਈ ਆਖਦੇ ਸਨ। ਕਦੇ ਉਹ ਡਿਗ ਪੈਂਦੀ ਸੀ – ਉਹਨੂੰ ਸੰਗੀਨ ਨਾਲ ਹੀ ਉਠਾਂਦੇ ਸਨ – ਕਦੇ ਦੁੜਾਂਦੇ ਸਨ – ਪੰਜਾਹ ਫ਼ੁਟ ਅਗਾਂਹ ਨੂੰ –

ਪੰਜਾਹ ਛੁਟ ਫੇਰ ਪਿਛੇ। ਉਹਦੀ ਕੰਡ ਉਤੇ ਲਹੂ ਦੀਆਂ ਧਾਰੀਆਂ ਦਿਸ ਰਹੀਆਂ ਸਨ। ਉਹ ਫੇਰ ਡਿਗ ਪਈ – ਕਿੰਨਾ ਚਿਰ ਨਾ ਉਠੀ। ਉਸ ਹੇਠੋਂ ਰੁਗ ਭਰ ਕੇ ਬਰਫ਼ ਮੂੰਹ ਵਿਚ ਪਾਈ। ਸਿਪਾਹੀ ਨੇ ਛੇਤੀ ਨਾਲ ਉਠਾ ਦਿਤਾ : "ਇਹ ਪਿਆਸ ਬੁਝਾਣਾ ਚਾਂਹਦੀ ਹੈ। – ਜਦ ਤਕ ਭੇਤ ਨਹੀਂ ਖੋਹਲੇਗੀ, ਬੁਲ੍ਹ ਗਿੱਲੇ ਨਹੀਂ ਕਰਨ ਦਿੱਤੇ ਜਾਣਗੇ।"

ਇਸਤ੍ਰੀ ਹੱਥ ਟੇਕ ਕੇ ਉਠ ਖਲੋਤੀ। "ਡਬਲ ਮਾਰਚ" ... ... ਉਹ ਫੇਰ ਡਿਗ ਪਈ, "ਪਾੜ ਸੂ ਢਿਡ – ਵਖ਼ਤ ਮੁਕਾ – ਅਕ ਗਏ ਹਾਂ" ਇਕ ਨੇ ਆਖਿਆ : "ਇਸ ਢਿਢ ਵਿਚ ਬੜਾ ਕੀਮਤੀ ਭੇਤ ਹੈ – ਜੇ ਇਹ ਮਰ ਗਈ ਤਾਂ ਕਪਤਾਨ ਸਾਨੂੰ ਭੀ ਫਾਹੇ ਦੇ ਦੇਵੇਗਾ" ਦੂਜੇ ਆਖਿਆ।

ਪਰ ਇਸਤ੍ਰੀ ਨੇ "ਹਾਏ" ਤਕ ਨਾ ਕੀਤੀ। ਡਿਗਦੀ, ਉਠਦੀ, ਹੌਲੀ ਤੁਰਦੀ, ਕਾਹਲੀ ਤੁਰਤੀ–ਸੰਗੀਨਾਂ ਦੇ ਇਸ਼ਾਰੇ ਮੰਨਦੀ ਰਹੀ।

ਓੜਕ ਸਿਪਾਹੀ ਉਹਨੂੰ ਤਵੇਲੇ ਵਿਚ ਸੁਟ ਆਏ। ਬੂਹਾ ਬੰਦ ਕਰ ਦਿਤਾ। ਉਹ ਦਲ੍ਹੀਜ਼ ਅਗੇ ਮੂੰਹ ਪਰਨੇ ਡ੍ਹਿਗ ਪਈ ਸੀ। ਉਹਨੂੰ ਹੋਸ਼ ਆਈ – ਸਰੀਰ ਕੰਬ ਰਿਹਾ ਸੀ – ਖ਼ਿਆਲ ਕੀਤਾ ਸ਼ਾਇਦ ਉਹਦੇ ਕਪੜੇ ਕਮਰੇ ਵਿਚ ਹੀ ਹੋਣ – ਪਰ ਝਰਨਿਆਂ ਵਿਚੋਂ ਆਉਂਦੀ ਚਾਨਣੀ ਵਿਚ ਕੁਝ ਨਾ ਦਿਸਿਆ। ਇਕ ਪਾਸੇ ਕੁਝ ਪਰਾਲੀ ਪਈ ਸੀ, ਉਹ ਰਿੜ੍ਹਦੀ ਰਿੜ੍ਹਦੀ ਇਸ ਪ੍ਰਾਲੀ ਕੋਲ ਪਹੁੰਚ ਗਈ। ਕੁਝ ਨਿਘ ਆਇਆ, ਪੇਟ ਦੇ ਅੰਦਰ ਕੁਝ ਹਿਲ ਜੁਲ ਹੋਈ, ਉਸ ਪੇਟ ਤੇ ਹੱਥ ਰਖਿਆ :

"ਮੇਰਾ ਬੱਚਾ" ਤੇ ਹੌਕਾ ਲਿਆ। ਏਨੇ ਨੂੰ ਲਕੜੀ ਦੀ ਕੰਧ ਦੇ ਪਾਰ ਬਰਫ਼ ਉਤੇ ਕਿਸੇ ਦੇ ਤੁਰਨ ਦੀ ਆਵਾਜ਼ ਆਈ। ਇਹ ਪੈਰ ਉਹਦੇ ਨੇੜੇ ਕੰਧ ਦੇ ਪਿਛੇ ਖਲੋ ਗਏ। ਇਹ ਸਿਪਾਹੀਆਂ ਦੇ ਪੈਰ ਨਹੀਂ ਸਨ। "ਕੌਣ ਹੋ ਸਕਦਾ ਹੈ" ਉਸ ਸੋਚਿਆ, ਤਦੇ ਨਿਕੀ

ਜਿਹੀ ਆਵਾਜ਼ ਆਈ :

"ਚਾਚੀ ਉਲੀਨਾ – ਮੈਂ ਰੋਟੀ ਲਿਆਇਆ ਹਾਂ।"

"ਰੋਟੀ" – ਉਸ ਹੌਲੀ ਜਿਹੀ ਆਖਿਆ। ਅਜ ਤੀਜਾ ਦਿਨ ਸੀ, ਕੁਝ ਖਾਧਿਆਂ ਪੀਤਿਆਂ – ਸਿਰਫ਼ ਚਾਰ ਕਣੀਆਂ ਬਰਫ਼ ਦੀਆਂ ਓਸ ਮੂੰਹ ਪਾਈਆਂ ਸਨ।

"ਮੈਂ ਆਉਂਦੀ ਹਾਂ" ਉਸ ਉੱਤਰ ਦਿਤਾ, ਤੇ ਉਹ ਰਿੜ੍ਹਕੇ ਉਸ ਰੋਸ਼ਨਦਾਨ ਕੋਲ ਪਹੁੰਚੀ। ਓਸ ਵੇਲੇ ਗੋਲੀ ਚਲੀ। ਪਾਰ ਕੋਈ ਡਿੱਗਾ "ਚਾਚੀ ਉਲੀਨਾ ਝਰਨੇ ਕੋਲ ਉਡੀਕ ਰਹੀ ਹੈ" – ਪਰ ਬਾਹਰੋਂ ਕੋਈ ਨਾ ਬੋਲਿਆ।

ਸਿਪਾਹੀਆਂ ਵੇਖ ਲਿਆ ਸੀ ਤੇ ਇਕੋ ਨਿਸ਼ਾਨੇ ਨਾਲ ਰੋਟੀ ਲਿਆਉਣ ਵਾਲਾ ਚਿਤ ਹੋ ਗਿਆ। ਸਿਪਾਹੀਆਂ ਨੇ ਕੋਲ ਆ ਕੇ ਵੇਖਿਆ।

"ਕੇਡਾ ਨਿਡਰ ਮੁੰਡਾ – ਮਸਾਂ ਦਸ ਵਰ੍ਹਿਆਂ ਦਾ ਹੋਵੇਗਾ।" ਇਕ ਨੇ ਉਹਦੇ ਹਥ ਵਿਚ ਫੜੀ ਰੋਟੀ ਨੂੰ ਠੁੱਡਾ ਮਾਰ ਕੇ ਆਖਿਆ।

ਦੂਜੇ ਨੇ ਲਤੋਂ ਫੜ ਕੇ ਉਸ ਨੂੰ ਵਡੀ ਨਾਲੀ ਵਿਚ ਵਗਾਹ ਮਾਰਿਆ। ਇਹ ਨਾਲੀ ਬਰਫ਼ ਨਾਲ ਭਰੀ ਪਈ ਸੀ। ਤੇ ਸਿਪਾਹੀ ਆਪਣੇ ਪਹਿਰੇ ਤੇ ਰੌਂਦ ਲਾਣ ਲਗ ਪਏ।

× × ×

"ਮਾਮੀ – ਇਹ ਕੀ ਹੋਇਆ ?"

"ਸਿਪਾਹੀਆਂ ਨੇ ਮਿਸ਼ਕੇ ਨੂੰ ਗੋਲੀ ਮਾਰ ਦਿਤੀ।"

"ਮਾਮੀ – ਮੈਨੂੰ ਦਿਓ – ਮੈਂ ਚਾਚੀ ਉਲੀਨਾ ਨੂੰ ਰੋਟੀ ਦੇ ਕੇ ਆਉਂਦਾ ਹਾਂ" ਅਠ-ਸਾਲਾ ਸਾਸ਼ੇ ਨੇ ਆਖਿਆ।

"ਨਹੀਂ – ਪੁਤਰ – ਜੇ ਮਿਸ਼ਕਾ ਨਹੀਂ ਪਹੁੰਚ ਸਕਿਆ, ਤੂੰ ਕੀਕਰ ਪਹੁੰਚੇਂਗਾ – ਸਿਪਾਹੀ ਵੇਖ ਰਹੇ ਨੇ, ਤੂੰ ਤਕੜਾ ਰਹੀਂ –

ਡਰੀਂ ਨਾ – ਮੈਂ ਮਿਸ਼ਕੇ ਨੂੰ ਲਿਆਉਂਦੀ ਹਾਂ।''

ਮਾਂ ਪਿਛਲੇ ਪਾਸਿਓਂ ਦੀ ਜਾ ਕੇ ਵਡੀ ਨਾਲੀ ਵਿਚ ਦਾਖ਼ਲ ਹੋ ਗਈ – ਨਾਲੀ ਡੂੰਘੀ ਸੀ, ਬਾਹਰੋਂ ਉਹ ਸਿਪਾਹੀਆਂ ਨੂੰ ਦਿਸਦੀ ਨਹੀਂ ਸੀ – ਅੰਦਰੋਂ ਅੰਦਰ ਜਾ ਕੇ ਉਹ ਆਪਣੇ ਪੁਤਰ ਦੀ ਲਾਸ਼ ਚੁਕ ਲਿਆਈ।

ਸਾਸ਼ਾ ਆਪਣੇ ਭਰਾ ਨੂੰ ਇਸ ਤਰ੍ਹਾਂ ਬੇ-ਹਰਕਤ ਤੇ ਲਹੂ-ਲਿਬੜਿਆ ਵੇਖ ਕੇ ਡੁਸਕਣ ਲਗ ਪਿਆ।

''ਨਾ ਸਾਸ਼ਾ – ਅਸਾਂ ਦਿਨ ਚੜ੍ਹਨ ਤੋਂ ਪਹਿਲਾਂ ਬੜਾ ਕੰਮ ਕਰਨਾ ਹੈ ਜਾ ਅੰਦਰੋਂ ਕਹੀ ਲਿਆ......'' ਮਾਂ ਵਿਹੜੇ ਵਿਚ ਕਬਰ ਜੋਗੀ ਥਾਂ ਢੂੰਡਣ ਲਗ ਪਈ।

ਸਾਸ਼ਾ ਕਹੀ ਫੜ ਲਿਆਇਆ। ਜ਼ਮੀਨ ਬਰਫ਼ ਨਾਲ ਸਖ਼ਤ ਪੱਥਰ ਹੋਈ ਪਈ ਸੀ। ਮਾਂ ਨੇ ਕਈ ਘੰਟੇ ਘੁਲ ਕੇ ਕੁਝ ਟੋਇਆ ਪੁਟ ਲਿਆ। ਮਿਸ਼ਕੇ ਨੂੰ ਨਵੇਂ ਕਪੜੇ ਪੁਆ ਕੇ, ਉਹਦਾ ਮੂੰਹ ਚੁੰਮ ਕੇ, ਸਾਸ਼ੇ ਕੋਲੋਂ ਚੁਮਾ ਕਬਰ ਵਿਚ ਪਾ ਦਿਤਾ, ਉਤੇ ਮਿਟੀ ਪਾਈ – ਪਰ ਟੋਇਆ ਕਾਫ਼ੀ ਡੂੰਘਾ ਨਾ ਹੋਣ ਕਰ ਕੇ ਉਹ ਕੁਝ ਟਿੱਬਾ ਜਿਹਾ ਲਗਣ ਲਗ ਪਿਆ।

ਸਿਪਾਹੀ ਤਾੜ ਜਾਣਗੇ...... ਆ ਸਾਸ਼ਾ, ਇਹਨੂੰ ਲਤਾੜ ਕੇ ਪਧਰਾ ਕਰ ਦਈਏ – ਕਬਰ ਉਤੇ ਕਦੇ ਪੈਰ ਤਾਂ ਨਹੀਂ ਚਾੜ੍ਹੀਦੇ – ਪਰ ਮਿਸ਼ਕਾ ਪੁਤਰ ਸਾਡੀ ਮਜਬੂਰੀ ਮੁਆਫ਼ ਕਰ ਦੇਵੇਗਾ।''

ਮਾਂ ਪੁਤਰ ਨੇ ਪੈਰਾਂ ਨਾਲ ਲਤਾੜ ਕੇ ਕਬਰ ਜ਼ਮੀਨ ਨਾਲ ਪਧਰੀ ਕਰ ਦਿਤੀ। ਸਾਸ਼ੇ ਨੂੰ ਬਿਸਤਰੇ ਵਿਚ ਲਿਟਾ ਕੇ, ਮਾਂ ਪ੍ਰਭਾਤ ਨੂੰ ਉਡੀਕਣ ਲਗ ਪਈ।

× × ×

ਸਾਰੇ ਪਿੰਡ ਵਿਚ ਮਨਾਦੀ ਕੀਤੀ ਗਈ। ਸਭ ਕਮਾਂਡੈਂਟ ਦੇ ਦਫ਼ਤਰ ਵਿਚ ਹਾਜ਼ਰ ਹੋਣ। ਵਡੇ ਛੋਟੇ ਬੁੱਢੇ ਨਢੇ ਪਹੁੰਚ ਗਏ। ਦਸਿਆ ਗਿਆ, ਕਿ ਰਾਤੀ ਇਕ ਲੜਕੇ ਨੇ ਇਕ ਬਾਗ਼ੀ ਨੂੰ ਰੋਟੀ ਦੇਣੀ ਚਾਹੀ, ਸਿਪਾਹੀਆਂ ਉਹਨੂੰ ਮਾਰ ਦਿਤਾ, ਪਰ ਉਹਦੀ ਲਾਸ਼ ਉਠਾਈ ਗਈ ਹੈ।

ਕਿਸੇ ਨੇ ਕੁਝ ਨਾ ਦਸਿਆ। ਓੜਕ ਹੁਕਮ ਦਿਤਾ ਗਿਆ, ਕਿ ਤਿੰਨ ਇਸਤ੍ਰੀਆਂ ਤੇ ਦੋ ਮਰਦਾਂ ਨੂੰ ਕੈਦ ਵਿਚ ਰਖਿਆ ਜਾਏਗਾ, ਤੇ ਜੇ ਤਿੰਨਾਂ ਦਿਨਾਂ ਦੇ ਅੰਦਰ ਅੰਦਰ ਮੁਜਰਮ ਦਾ ਪਤਾ ਨਾ ਦਿਤਾ ਗਿਆ ਤਾਂ ਇਹ ਪੰਜੇ ਗੋਲੀ ਨਾਲ ਉਡਾ ਦਿਤੇ ਜਾਣਗੇ। ਘੁਸਰ ਮੁਸਰ ਹੋਈ, ਪਰ ਕੋਈ ਬੋਲਿਆ ਨਾ। ਪੰਜਾਂ ਨੂੰ ਅਡ ਕਰਕੇ ਬਾਕੀਆਂ ਨੂੰ ਬਰਖ਼ਾਸਤ ਕੀਤਾ ਗਿਆ।

ਮਿਸ਼ਕੇ ਦੀ ਮਾਂ ਘਰ ਆ ਕੇ ਸਿਰ ਫੜ ਕੇ ਬਹਿ ਗਈ ਤੇ ਓੜਕ ਕਿਸੇ ਫ਼ੈਸਲੇ ਤੇ ਪਹੁੰਚ ਕੇ ਉਸ ਇਸਤ੍ਰੀ ਦੇ ਘਰ ਗਈ ਜਿਸ ਦਾ ਪਤੀ ਇਸ ਹਾਦਸੇ ਕਰ ਕੇ ਫੜਿਆ ਗਿਆ ਸੀ, ਇਹ ਇਸਤ੍ਰੀ ਬੜੀ ਕੌੜੇ ਸੁਭਾ ਦੀ ਗਿਣੀ ਜਾਂਦੀ ਸੀ।

'ਭੈਣ – ਤੇਰੇ ਪਤੀ ਨੂੰ ਆਪਣੇ ਬੱਚੇ ਦੀ ਖ਼ਾਤਰ ਮਰਦਾ ਮੈਂ ਨਹੀਂ ਵੇਖ ਸਕਦੀ – ਉਹ ਮੇਰਾ ਬਚਾ ਸੀ – ਤੇ ਮੈਂ ਲਾਸ਼ ਚੁਕ ਲਿਆਈ ਸਾਂ – ਮੈਂ ਨਾਜ਼ੀ ਅਫ਼ਸਰ ਨੂੰ ਸਾਰਾ ਹਾਲ ਦਸਣ ਲਈ ਤਿਆਰ ਹਾਂ।''

"ਤੂੰ ਪਾਗ਼ਲ ਹੋ ਗਈ ਹੈਂ ?'' ਕੌੜੀ ਜ਼ਨਾਨੀ ਨੇ ਆਖਿਆ, "ਮੂਰਖੇ ਕਈਆਂ ਦਾ ਖ਼ੂਨ ਕਰਾਣਾ ਚਾਂਹਦੀ ਹੈਂ ?'' ਜੇ ਅਜ ਪੰਜਾਂ ਨੂੰ ਬਚਾਣ ਖ਼ਾਤਰ ਅਸਾਂ ਭੇਤ ਦਸ ਦਿਤਾ – ਉਹਨਾਂ ਦੇ ਹੱਥ ਇਕ

ਹਥਿਆਰ ਆ ਜਾਏਗਾ – ਅਜ ਪੰਜ – ਕਲ੍ਹ ਦਸ ਫੜ ਲੈਣਗੇ – ਤੇ ਸਾਡੇ ਕੋਲੋਂ ਪੁਛ ਲੈਣਗੇ। ਇਹ ਪੰਜ ਮਰ ਜਾਣ ਦਿਓ – ਫੇਰ ਉਹਨਾਂ ਇਹ ਹਥਿਆਰ ਨਹੀਂ ਵਰਤਣਾ – ਉਹਨਾਂ ਨੂੰ ਇਹਨਾਂ ਤਿਲਾਂ ਦਾ ਪਤਾ ਲਗ ਜਾਏਗਾ –ਜਾ – ਜਾ – ਆਰਾਮ ਕਰ – ਮੇਰਾ ਆਦਮੀ ਹੋਰਨਾਂ ਨਾਲੋਂ ਕੋਈ ਬਹੁਤਾ ਮਹਿੰਗਾ ਨਹੀਂ........"

ਮਿਸ਼ਕੇ ਦੀ ਮਾਂ ਹੋਰਨਾਂ ਚੌਹਾਂ ਦੇ ਘਰ ਵੀ ਗਈ – ਸਭ ਨੇ ਇਹੀ ਸਲਾਹ ਦਿਤੀ ਕਿ ਇਹ ਪੰਜ ਭਾਵੇਂ ਮਰ ਜਾਣ, ਅਸਾਂ ਇਹ ਸਾਬਤ ਨਹੀਂ ਹੋਣ ਦੇਣਾ ਕਿ ਜਰਮਨ ਕਿਸੇ ਤਰ੍ਹਾਂ ਭੀ ਸਾਡੇ ਕੋਲੋਂ ਕੋਈ ਭੇਤ ਕਢ ਸਕਦੇ ਹਨ।

ਉਹ ਪੰਜੇ ਤਵੇਲੇ ਦੇ ਇਕ ਪਾਸੇ ਕੈਦ ਕੀਤੇ ਬੈਠੇ ਸਨ – ਹਨ੍ਹੇਰੇ – ਤੇ ਦੂਜੇ ਪਾਸੇ ਉਲੀਨਾ ਜਨਮ ਪੀੜਾਂ ਨਾਲ ਵਿਆਕੁਲ ਹੋ ਰਹੀ ਸੀ। ਦੂਰ ਦੂਰ ਚੀਕਾਂ ਜਾ ਰਹੀਆਂ ਸਨ। ਬਚੇ ਮਾਵਾਂ ਕੋਲੋਂ ਪੁਛਦੇ ਸਨ – ਇਹ ਕੀ ਹੈ? "ਕੁਝ ਨਹੀਂ ਪੁਤ੍ਰ – ਚਾਚੀ ਉਲੀਨਾ ਨੂੰ ਬਚਾ ਹੋ ਰਿਹਾ ਹੈ"। ਉਲੀਨਾ ਇਕੱਲੀ ਉਸ ਕਮਰੇ ਵਿਚ ਆਪਣੀ ਤਕਲੀਫ਼ ਨਾਲ ਘੁਲਦੀ ਰਹੀ। ਕਈ ਘੰਟੇ ਦਰਦਨਾਕ ਚੀਕਾਂ ਉਠਦੀਆਂ ਰਹੀਆਂ। ਫੇਰ ਬੰਦ ਹੋ ਗਈਆਂ। ਦੋ ਘੜੀਆ ਪਿਛੋਂ ਸਿਪਾਹੀਆਂ ਬੂਹਾ ਖੋਲ ਕੇ ਅੰਦਰ ਝਾਕਿਆ। ਉਲੀਨਾ ਉਠ ਕੇ ਬੈਠੀ ਹੋਈ ਦੰਦਾਂ ਨਾਲ ਬਚੇ ਦਾ ਨਾੜੂ ਤੋੜ ਰਹੀ ਸੀ।

ਸਿਪਾਹੀ ਮੁੜ ਗਏ। ਪੰਦਰਾਂ ਮਿੰਟਾਂ ਬਾਅਦ ਬੂਹਾ ਫੇਰ ਖੁਲ੍ਹਿਆ, ਸਿਪਾਹੀਆਂ ਨੇ ਉਲੀਨਾ ਦੇ ਕੁਝ ਕਪੜੇ ਉਹਦੇ ਵਲ ਸੁੱਟੇ। ਛੋਟੀ ਕਮੀਜ਼ ਨਾਲ ਬੱਚੇ ਨੂੰ ਸਾਫ਼ ਕਰ ਕੇ, ਵਡੀ ਕਮੀਜ਼ ਵਿਚ ਉਸ ਨੂੰ ਚੰਗੀ ਤਰ੍ਹਾਂ ਲਪੇਟ ਦਿਤਾ। ਬੱਚਾ ਚੁਪ ਕਰ ਗਿਆ ਤੇ ਉਸ ਨੇ ਉਸ ਨੂੰ ਇਕ ਪਾਸੇ ਰਖ ਦਿਤਾ ਤੇ ਲਕ ਘਗਰੀ ਪਾ ਲਈ। ਤੇ ਉਹ ਲੇਟ

ਗਈ – ਉਸ ਨੂੰ ਬੁਖ਼ਾਰ ਸੀ – ਉਹ ਸੌਂ ਗਈ। ਉਸ ਨੂੰ ਸੁਪਨਾ ਆਇਆ, ਉਹ ਆਪਣੀ ਪਾਰਟੀ ਵਿਚ ਸੀ ਤੇ ਉਹਦੇ ਦੁਆਲੇ ਉਹਦੇ ਮੁੰਡੇ ਉਹਨੂੰ ਮਾਂ ਆਖ ਰਹੇ ਸਨ।

ਫੇਰ ਬੂਹਾ ਖੜਕਿਆ। ਸਿਪਾਹੀ ਅੰਦਰ ਆਏ, ਉਲੀਨਾ ਨੂੰ ਕਮਾਂਡੈਂਟ ਦੇ ਦਫ਼ਤਰ ਜਾਣ ਲਈ ਆਖਿਆ। ਉਲੀਨਾ ਨੇ ਬੱਚੇ ਨੂੰ ਗੋਦ ਵਿਚ ਲੈ ਲਿਆ ਤੇ ਤੁਰ ਪਈ। ਪਹਿਲੀ ਵਾਰੀ ਉਸਨੇ ਆਪਣੇ ਜਾਏ ਨੂੰ ਬਾਹਾਂ ਵਿਚ ਲੈਣ ਦਾ ਸੁਰਗ ਵੇਖਿਆ ਸੀ – ਉਹ ਤੁਰਦੀ ਜਾਂਦੀ ਤੇ ਬੱਚੇ ਦੇ ਲਾਲ ਮੂੰਹ ਵਲ ਤਕਦੀ ਸੀ – ਉਹ ਚੁੰਮਣਾ ਚਾਂਹਦੀ ਸੀ, ਪਰ ਸਿਪਾਹੀਆਂ ਦੇ ਰੂ-ਬਰੂ ਉਹ ਬਿਲਕੁਲ ਬੇ-ਪ੍ਰਵਾਹ ਲੱਭਣਾ ਚਾਂਹਦੀ ਸੀ।

ਦਫ਼ਤਰ ਵਿਚ ਜਾ ਕੇ ਖੜੋ ਗਈ। ਕਪਤਾਨ ਨੇ ਦੇਖਿਆ ਉਹਦੇ ਬੁਲ੍ਹ ਸੁਕੇ ਹੋਏ ਸਨ। ਪਾਣੀ ਮੰਗਾਇਆ। ਉਲੀਨਾ ਨੂੰ ਕੁਰਸੀ ਤੇ ਬਿਠਾਇਆ – ਪਾਣੀ ਦਿਤਾ। ਪਰ ਅਜੇ ਅੱਧੀ ਪਿਆਸ ਮਿਟੀ ਹੋਵੇਗੀ ਕਿ ਹੁਕਮਨ ਪਾਣੀ ਦਾ "ਜੱਗ" ਮੂੰਹ ਤੋਂ ਹਟਾ ਲਿਆ ਗਿਆ।

"ਬਾਕੀ ਫੇਰ ਕੁਝ ਗਲਾਂ ਕਰਨ ਪਿਛੋਂ।" ਅਫ਼ਸਰ ਨੇ ਆਖਿਆ।

ਇਸਤ੍ਰੀ ਦੀ ਬੇ-ਤਾਬੀ ਅਗੇ ਨਾਲੋਂ ਵੀ ਵਧ ਗਈ। ਉਹ ਤਿੰਨ ਦਿਨਾਂ ਦੀ ਤਿਹਾਈ ਸੀ। ਪਰ ਉਹ ਅਡੋਲ ਬੈਠੀ ਰਹੀ।

"ਇਹ ਪੁਤਰ ਈ ?"

"ਹਾਂ"

"ਆਸ ਕਰਦਾ ਹਾਂ, ਤੂੰ ਇਹਦਾ ਸਦਕਾ ਹੀ ਕੁਝ ਸਿਆਣੀ ਬਣੇਂਗੀ ?"

ਇਸਤ੍ਰੀ ਚੁਪ –

"ਪਰਸੋਂ ਰਾਤੀ ਇਕ ਬੱਚਾ ਤੇਨੂੰ ਰੋਟੀ ਦੇਣ ਆਇਆ ਸੀ – ਕੌਣ ਸੀ ?"

"ਮੈਨੂੰ ਪਤਾ ਨਹੀਂ"

"ਤੇਰੇ ਕਿਹੜੇ ਕਿਹੜੇ ਗੁਆਂਢੀਆਂ ਦੇ ਘਰ ਬੱਚੇ ਹਨ – ?"

"ਕਈਆਂ ਦੇ।"

"ਚੰਗਾ – ਤੂੰ ਹੁਣ ਮਾਂ ਬਣੀ ਹੈਂ – ਕੇਡਾ ਸੁਹਣਾ ਤੇਰਾ ਬੱਚਾ ਹੈ – ਤੂੰ ਦਸ ਦੇ – ਗੁਰਿਲਿਆਂ ਨੂੰ ਤੂੰ ਕਿਹੜੇ ਜੰਗਲ ਵਿਚ ਛਡ ਕੇ ਆਈ ਸੈਂ ? – ਬਸ।"

"ਮੈਨੂੰ ਕੁਝ ਯਾਦ ਨਹੀਂ ਆਉਂਦਾ"

"ਤੇਰੇ ਘਰ ਪੁਤਰ ਹੋਇਆ ਹੈ – ਤੂੰ ਚਾਂਹਦੀ ਨਹੀਂ ਇਹ ਜਵਾਨ ਹੋਵੇ ?"

ਇਸਤ੍ਰੀ ਨੇ ਬੱਚੇ ਵਲ ਤਕਿਆ – ਬੱਚੇ ਨੇ ਚੂਲ੍ਹੀਆਂ ਟੋਰੀਆਂ। ਮਾਂ ਦੀਆਂ ਅੱਖਾਂ ਸਾਹਮਣੇ ਕਈ ਸਾਲਾਂ ਦੀ ਫ਼ਿਲਮ ਤੁਰ ਪਈ : ਉਹ ਰਿੜ੍ਹੇਗਾ, ਉਹ ਤੁਰੇਗਾ, ਉਹ ਚਮਚਾ ਫੜੇਗਾ, ਉਹ ਬਿਲੀ ਪਿਛੇ ਦੌੜੇਗਾ, ਉਹ ਕੁਤੇ ਦੀ ਪੂਛ ਮਰੋੜੇਗਾ, ਉਹ ਬਾਗ਼ ਚੋਂ ਗਾਜਰ ਪੁਟੇਗਾ, ਉਹ ਬਸਤਾ ਲੈ ਕੇ ਸਕੂਲ ਜਾਏਗਾ – ਉਹ ਜਵਾਨ ਹੋਵੇਗਾ – ਉਹ ਬੰਦੂਕ ਫੜੇਗਾ – ਉਹ ਤੱਕੇਗੀ – ਉਹ ਆਪਣੇ ਪਿਓ ਨਾਲੋਂ ਭੀ ਬਹਾਦਰ ਦਿੱਸੇਗਾ।

"ਅਜੇ ਮੌਕਾ ਹੈ, ਤੂੰ ਇਹਨੂੰ ਬਚਾ ਸਕਦੀ ਹੈਂ।" ਅਫ਼ਸਰ ਨੇ ਆਖਿਆ।

ਊਲੀਨਾ ਨੇ ਕੋਈ ਉੱਤਰ ਨਾ ਦਿਤਾ।

"ਦਸ ! ਗੁਰਿਲੇ ਕਿਥੇ ਹਨ ?"

"ਮੈਨੂੰ ਕੁਝ ਪਤਾ ਨਹੀਂ"

ਅਫ਼ਸਰ ਦਾ ਮੂੰਹ ਗੁਸੇ ਨਾਲ ਵਿੰਗਾ ਹੋ ਗਿਆ।"

"ਮੈਂ ਤੇਰੇ ਨਾਲ ਇਨਸਾਨਾਂ ਵਰਗਾ ਸਲੂਕ ਕਰਦਾ ਹਾਂ – ਤੇ ਤੂੰ – ਠਹਿਰ – ਮੈਂ ਤੈਨੂੰ ਦਸਦਾ ਹਾਂ – ਹੈਨਸ !"

ਸਿਪਾਹੀ ਆ ਗਿਆ।

"ਫੜੋ ਇਸ ਨੂੰ – ਤੇ ਇਹ ਕਤੂਰਾ ਮੈਨੂੰ ਦਿਓ।"

ਸਿਪਾਹੀ ਨੇ ਬੱਚਾ ਖੋਹ ਲਿਆ। ਉਲੀਨਾ ਉਹਦੇ ਮਗਰ ਲਪਕੀ। ਪਰ ਲੋਹੇ ਵਰਗੇ ਦੋ ਹੋਰ ਹੱਥਾਂ ਨੇ ਜਕੜ ਲਿਆ।

"ਮੇਜ਼ ਉਤੇ ਰਖ ਦਿਓ।"

ਅਫ਼ਸਰ ਨੇ ਬੱਚੇ ਦੁਆਲਿਓਂ ਕਮੀਜ਼ ਪਾੜ ਦਿਤੀ, ਗੋਸ਼ਤ ਦਾ ਲੋਥੜਾ ਨੰਗਾ ਹੋ ਗਿਆ। ਮਾਂ ਤਕਦੀ ਰਹੀ, ਉਹਦੀਆਂ ਅੱਖਾਂ ਵਿਚ ਜ਼ਿੰਦਗੀ ਭਰ ਦੀ ਚਿੰਤਾ ਸੀ, ਪਰ ਉਹਦੇ ਹੋਠ ਮੀਟੇ ਹੋਏ ਸਨ। ਅਫ਼ਸਰ ਨੇ ਬੋਝੇ ਚੋਂ ਪਿਸਤੋਲ ਕਢਿਆ – ਬੱਚੇ ਦੇ ਸਿਰ ਉਤੇ ਤਾਣਿਆਂ। ਉਲੀਨਾ ਨੂੰ ਝੁਣਝੁਣੀ ਆਈ।

"ਹੁਣ ਵੇਖੀਏ – ਤੂੰ ਮਾਂ ਹੈਂ ਕਿ ਖ਼ੂਨਣ ?"

"ਮੈਂ ਮਾਂ ਹਾਂ"

"ਫੇਰ ਦਸ ਗਰਿਲੇ ਕਿਥੇ ਹਨ ?"

"ਮੈਂ ਦੱਸਾਂਗੀ ਕੁਝ ਨਹੀਂ – ਮੈਂ ਦੱਸਾਂਗੀ ਕੁਝ ਨਹੀਂ !"

ਅਫ਼ਸਰ ਨੇ ਪਿਸਤੌਲ ਦਾ ਸਿਰ ਬੱਚੇ ਦੇ ਸਿਰ ਨਾਲ ਜੋੜ ਦਿੱਤਾ।

"ਤੂੰ ਨਹੀਂ ਬੋਲੇਂਗੀ ?"

ਉਲੀਨਾ ਨੇ ਅੱਖਾਂ ਮੀਟ ਲਈਆਂ ਤੇ ਉੱਤਰ ਕੋਈ ਨਾ ਦਿਤਾ।

ਠਾਹ !–

ਉਲੀਨਾ ਨੇ ਅੱਖਾਂ ਖੋਹਲੀਆਂ। ਮੇਜ਼ ਉਤੇ ਉਹਦਾ ਬੱਚਾ ਨਹੀਂ, ਖ਼ੂਨ ਦੀ ਢੇਰੀ ਸੀ। ਉਲੀਨਾ ਨੇ ਅਫ਼ਸਰ ਦੇ ਮੂਹ ਵਲ ਤੱਕਿਆ। ਅਫ਼ਸਰ ਨੇ ਵੀ ਵੇਖਿਆ, ਉਲੀਨਾਂ ਦੀਆਂ ਅੱਖਾਂ ਵਿਚ ਖ਼ਾਲੀ ਜਿਹੀ ਸ਼ਾਂਤੀ ਸੀ। ਉਹਦਾ ਬੱਚਾ ਹੁਣ ਹੈ ਨਹੀਂ ਸੀ, ਉਹ ਹੁਣ ਬਿਲਕੁਲ

ਬੇ-ਪ੍ਰਵਾਹ ਸੀ।

"ਜਾਓ – ਏਸ ਦਾ ਵੀ ਖ਼ਾਤਮਾ ਕਰ ਦਿਓ – ਹੁਣ ਇਹ ਕੁਝ ਨਹੀਂ ਦੱਸੇਗੀ!"

ਸਿਪਾਹੀ ਉਹਨੂੰ ਲੈ ਗਏ। ਬਾਹਰ ਕਈ ਆਦਮੀ ਅਸਮਾਨ ਵਲ ਵੇਖ ਰਹੇ ਸਨ – ਓਸ ਵੀ ਵੇਖਿਆ। ਪੀਂਘ ਪਈ ਹੋਈ ਸੀ। ਚੰਗਾ ਸ਼ਗਨ, ਮੌਸਮ ਬਦਲੀ ਦਾ ਸ਼ਗਨ, ਤਕਦੀਰ ਭੌਂਦੀ ਦਾ ਸ਼ਗਨ।

ਪਰ ਉਹ ਆਪੀਂ ਮੌਤ-ਘਾਟ ਵਲ ਤੁਰੀ ਜਾ ਰਹੀ ਸੀ। ਇਕ ਨਦੀ ਦੇ ਕੰਢੇ ਸਿਪਾਹੀ ਪਹੁੰਚ ਗਏ, ਨਦੀ ਜੰਮੀ ਹੋਈ ਸੀ। ਸਿਪਾ-ਹੀਆਂ ਨੇ ਸੰਗੀਨਾਂ ਨਾਲ ਬਰਫ਼ ਤੋੜ ਕੇ ਇਕ ਵੱਡਾ ਸਾਰਾ ਸੁਰਾਖ਼ ਬਣਾਇਆ। ਇਸ ਵਿਚ ਕੁਹਦੀ ਲਾਸ਼ ਸੁਟਣੀ ਸੀ। ਇਕ ਸੰਗੀਨ ਮਾਰੀ, ਉਲੀਨਾ ਮੂੰਹ ਪਰਨੇ ਡਿਗ ਪਈ। ਪਿਛੋਂ ਕਿਸੇ ਦੇ ਆਉਣ ਦੀ ਆਵਾਜ਼ ਆਈ। ਸਿਪਾਹੀ ਖੜੋ ਗਏ, ਉਹਨਾਂ ਦਾ ਅਫ਼ਸਰ ਸੀ। ਸਲਾਮ ਕੀਤੀ।

"ਅਖ਼ੀਰਲੀ ਵਾਰ – ਅਜੇ ਵੀ ਤੂੰ ਬਚ ਸਕਦੀ ਹੈਂ।"

ਉਲੀਨਾ ਨੇ ਅਫ਼ਸਰ ਦੀਆਂ ਅੱਖਾਂ ਵਿਚ ਤੱਕਿਆ – ਅਜੀਬ ਅੱਖਾਂ ਸਨ – ਅਫ਼ਸਰ ਉਹਨਾਂ ਅੱਖਾਂ ਨੂੰ ਵੇਖ ਨਾ ਸਕਿਆ – ਝਟ ਪਿਸਤੌਲ ਕਢਿਆ – ਠਾਹ – ਉਹ ਅੱਖਾਂ ਬੰਦ ਹੋ ਗਈਆਂ।

ਲਾਸ਼ ਸਿਪਾਹੀਆਂ ਨੇ ਚੁਕ ਕੇ ਦਰਿਆ ਵਿਚ ਸੁਟ ਦਿੱਤੀ – ਬਰਫ਼ ਦੇ ਹੇਠਾਂ ਉਲੀਨਾ ਦੀ ਲਾਸ਼ ਗੁੰਮ ਹੋ ਗਈ।

× × ×

ਸਾਰੇ ਪਿੰਡ ਵਿਚ ਪੀਂਘ ਦੀ ਚਰਚਾ ਸੀ। ਕਈਆਂ ਦੇ ਅੰਦਰ ਕੋਈ ਸਤਰੰਗੀ ਆਸ ਲਿਸ਼ਕ ਪਈ ਸੀ। ਉਲੀਨਾ ਦਾ ਬਦਲਾ –

ਉਹਦੇ ਬੱਚੇ ਦਾ ਬਦਲਾ – ਸਭ ਦਿਲਾਂ ਵਿਚ ਕੋਈ ਤੜਪ ਸੀ।

ਮਿਸ਼ਕੇ ਦੀ ਮਾਂ ਦੇਰ ਤਕ ਸ਼ਾਮੀ ਪੀਂਘ ਵਲ ਤੱਕਦੀ ਰਹੀ, ਹਨ੍ਹੇਰੇ ਹੋਏ ਵੀ ਘਰ ਅੰਦਰ ਨਾ ਗਈ, ਉਹ ਸੋਚ ਰਹੀ ਸੀ – ਕਲ ਪੰਜ ਕੈਦੀਆਂ ਨੂੰ ਕਤਲ ਕਰ ਦਿਤਾ ਜਾਏਗਾ – ਮਿਸ਼ਕੇ ਦੀ ਲਾਸ਼ ਖ਼ਾਤਰ –

ਪਰ ਪੀਂਘ – ਪੀਂਘ – ਪੀਂਘ ਉਹਦੀਆਂ ਅੱਖਾਂ ਵਿਚ ਸੀ। ਆਪਣੇ ਤਵੇਲੇ ਵਿਚ ਸਰ ਸਰ ਹੋਈ, ਪਰ ਪਸ਼ੂ ਤਾਂ ਉਥੇ ਹੈ ਕੋਈ ਨਹੀਂ – ਉਹ ਦੀਵਾ ਬਾਲ ਕੇ ਤਵੇਲੇ ਵਿਚ ਗਈ, ਆਦਮੀ ਦਾ ਝੌਲਾ ਪਿਆ।

"ਕੌਣ ਹੈ ?"

"ਕੋਈ ਬੇਗਾਨਾ ਨਹੀਂ – ਮੈਂ ਗੁਰਿਲਾ ਸਿਪਾਹੀ"

"ਆਹ!! ਮੇਰੇ ਚੰਨ ! ਤੁਸੀ ਆ ਗਏ – ਤੁਸੀ ਨੇੜੇ ਹੀ ਹੋ ?– ਅਜ ਪੀਂਘ ਜੂ ਪਈ ਸੀ।"

"ਚੁਪ – ਚਾਚੀ – ਚੁਪ – ਬਾਹਰ ਸੰਤਰੀ ਫਿਰ ਰਹੇ ਹਨ। ਮੈਂ ਕੁਝ ਇਤਲਾਹ ਲੈਣ ਆਇਆ ਹਾਂ।"

ਏਥੇ ਕਿੰਨੇ ਕੁ ਨਾਜ਼ੀ ਸਿਪਾਹੀ ਹੋਣਗੇ ?"

"ਬਹੁਤੇ ਨਹੀਂ – ਮਸਾਂ ਪੰਜਾਹ ਕੁ।"

"ਮਸ਼ੀਨ ਤੋਪਾਂ ਕਿੰਨੀਆਂ ਹਨ ?"

"ਕਮਾਂਡੈਂਟ ਦੇ ਦਫ਼ਤਰ ਵਿਚ ਹੀ ਹੋਣਗੀਆਂ – ਬੈਟਰੀ ਪੰਚਾਇਤ ਘਰ ਕੋਲ ਹੈ – ਤੁਸੀ ਆਓ – ਇਹਨਾਂ ਉਲੀਨਾ ਨੂੰ ਬੁਰੀ ਤਰ੍ਹਾਂ ਮਾਰਿਆ ਹੈ – ਛੇਤੀ ਆਓ ਅਸੀ ਇਹਨਾਂ ਨੂੰ ਖਾਣ ਨੂੰ ਕੁਝ ਨਹੀਂ ਦੇ ਰਹੇ – ਅਸਾਂ ਸਭ ਅੰਨ ਦਾਣਾ ਜ਼ਮੀਨ ਵਿਚ ਦਬਾ ਦਿਤਾ ਹੈ – ਡੰਗਰ ਵੱਛੇ ਜੰਗਲਾਂ ਵਿਚ ਕੱਢ ਦਿਤੇ ਹਨ।"

ਲਾਲ ਗੁਰਿਲਾ ਚਲਾ ਗਿਆ। ਦਿਨੇ ਸਾਰੇ ਪਿੰਡ ਵਿਚ ਖ਼ਾਮੋਸ਼

ਜਿਹੀ ਖ਼ੁਸ਼ੀ ਸੀ, ਉਡੀਕ ਸੀ, ਚਾਓ ਸੀ।

ਇਕ ਹਵਾਈ ਜਹਾਜ਼ ਦੀ ਘੂੰ ਘੂੰ ਸੁਣਾਈ ਦਿਤੀ – ਲੋਕ ਗਲੀਆਂ ਵਿਚ ਜਮ੍ਹਾ ਹੋ ਗਏ, ਜਹਾਜ਼ ਨੀਵਾਂ ਹੋਇਆ, ਲਾਲ ਸਿਤਾਰਾ ਕਈਆਂ ਨੇ ਪਛਾਣਿਆਂ – ਹੇਠੋਂ ਗੋਲੇ ਉੱਡੇ – ਜਹਾਜ਼ ਉਚਾ ਹੋ ਗਿਆ – ਗ਼ਾਇਬ ਹੋ ਗਿਆ।

ਦਿਨ ਸਾਰਾ ਲੰਘ ਗਿਆ – ਸਭ ਦੇ ਕੰਨ ਖੜੱਕੇ ਲੈ ਰਹੇ ਸਨ। ਅਚਾਨਕ ਗੋਲੀਆਂ ਚਲੀਆਂ!

"ਔਹ ਲਾਲ ਫ਼ੌਜ ਆ ਗਈ।"

ਸਾਰਾ ਪਿੰਡ ਰਣਭੂਮੀ ਬਣ ਗਿਆ – ਤੋਪਖ਼ਾਨੇ ਤੇ ਕਬਜ਼ਾ ਗੁਰਿਲਿਆਂ ਨੇ ਕਰ ਲਿਆ – ਕਮਾਂਡੈਂਟ ਮਾਰਿਆ ਗਿਆ – ਮਸ਼ੀਨ ਗਨ ਫੜੀ ਗਈ, ਅਖ਼ੀਰਲਾ ਨਾਜ਼ੀ ਸਿਪਾਹੀ ਗ੍ਰਿਫ਼ਤਾਰ ਕੀਤਾ ਗਿਆ।

ਕਿਸੇ ਆਖਿਆ, ਇਹਦੀ ਚਮੜੀ ਉਤਾਰ ਦਿਓ – ਇਸ ਨੇ ਕਈ ਰੂਸੀ ਫ਼ਾਹੇ ਲਟਕਾਏ ਸਨ। ਪਰ ਗੁਰਿਲਾ ਅਫ਼ਸਰ ਨੇ ਆਖਿਆ:

"ਹੁਣ ਇਹ ਕੈਦੀ ਹੈ – ਇਸ ਨਾਲ ਸਿਰਫ਼ ਕੈਦੀ ਦਾ ਸਲੂਕ ਹੀ ਕੀਤਾ ਜਾ ਸਕਦਾ ਹੈ।"

ਮੁਟਿਆਰਾਂ ਨੇ ਕਪੜੇ ਪਾਏ – ਘਰ ਘਰ ਚੁਲ੍ਹੇ ਤਪੇ – ਗੌਣ ਦੀਆਂ ਹੇਕਾਂ ਆਈਆਂ – ਲੋਕਾਂ ਜ਼ਮੀਨ ਚੋਂ ਪੁਟ ਪੁਟ ਕੇ ਦਾਣਾ ਫੱਕਾ ਆਂਦਾ – ਦੂਜੇ ਦਿਨ ਸਿਪਾਹੀਆਂ ਲਈ ਇਕ ਵੱਡੀ ਪਾਰਟੀ ਤਿਆਰ ਕਰਨੀ ਸੀ।

ਦਿਨ ਚੜ੍ਹਿਆ – ਸਾਰੇ ਪਿੰਡ ਨੇ ਆਪਣੇ ਮੁਰਦੇ ਦਬਾਏ ਜਿਹੜੇ ਇਕ ਮਹੀਨੇ ਤੋਂ ਬਰਫ਼ ਨਾਲ ਢੱਕੇ ਪਏ ਸਨ – ਨਾਜ਼ੀ ਦਬਾਣ ਨਹੀਂ ਸਨ ਦੇਂਦੇ।

ਦੁਪਹਿਰ ਤਕ ਸਾਰਾ ਪਿੰਡ ਖੁਸ਼ੀ ਵਿਚ ਮਿਉਂਦਾ ਨਹੀਂ ਸੀ। ਖਾਣਿਆਂ ਦੀ ਖ਼ੁਸ਼ਬੋ ਘਰ ਘਰ ਵਿਚੋਂ ਆ ਰਹੀ ਸੀ। ਬਿਗਲ ਵਜਿਆ, ਸਾਰੇ ਇਕੱਠੇ ਹੋਏ । ਸੁਣਾਇਆ ਗਿਆ ਕਿ ਰੂਸੀ ਕਮਾਂਡੈਂਟ ਦਾ ਹੁਕਮ ਆਇਆ ਹੈ ਜੋ ਸਿਪਾਹੀ ਫ਼ੌਰਨ ਕੂਚ ਕਰਨ, ਸੋਲ੍ਹਾਂ ਮੀਲਾਂ ਤੇ ਇਕ ਪਿੰਡ ਇਸੇ ਵੇਲੇ ਧਾਵਾ ਕੀਤਿਆਂ ਜਿਤਿਆ ਜਾ ਸਕਦਾ ਹੈ।

ਮੁਟਿਆਰਾਂ ਨੇ ਤਰਲੇ ਕੀਤੇ – ਮਾਵਾਂ ਨੇ ਮਿੰਨਤਾਂ ਕੀਤੀਆਂ – ਪੁੱਤਰੋ – ਜਵਾਨੋ – ਦੋ ਗਰਾਹੀਆਂ ਹੀ ਖਾ ਜਾਓ – ਸਾਡੀਆਂ ਦੇਗਾਂ ਉਦਾਸ ਹੋ ਜਾਣਗੀਆਂ।

"ਨਹੀਂ, ਹੁਕਮ ਏਸੇ ਘੜੀ ਕੂਚ ਕਰਨ ਦਾ ਹੈ – ਹੋਰ ਸਿਪਾਹੀ ਪਿਛੇ ਆ ਰਹੇ ਹਨ – ਉਹ ਤੁਹਾਡਾ ਪਕਵਾਨ ਖਾ ਲੈਣਗੇ ... ... ... ਸ਼ਾਬਾਸ਼ – ਸਾਥੀਓ – ਮਾਰਚ !"

ਮੁਟਿਆਰਾਂ ਗਲਾਂ ਨਾਲ ਲਮਕ ਗਈਆਂ – ਮਾਵਾਂ ਸਿਰਾਂ ਨਾਲ ਚੰਬੜ ਗਈਆਂ – ਬੱਚਿਆਂ ਨੇ ਬਰਦੀਆਂ ਨੂੰ ਹੱਥ ਪਾਏ।

"ਮਾਵੋ, ਭੈਣੋ – ਲਾਲ ਸਲਾਮ ! – ਇਕ ਪਾਸੇ ਹੋ ਜਾਓ – ਮਾਰਚ – "ਮਾਰਚ ਟੂ ਵਿਕਟਰੀ ।" – ਮਾਰਚ, ਕਾਮਰੇਡਜ਼ !"

# ਪ੍ਰੀਤ ਪੁਰਾਣੀ ਨਾ ਥੀਏ

"ਮੈਨੂੰ ਜਾਪਦਾ ਏ, ਏਸ ਵਾਰੀ ਤਿੱਤਰੀਆਂ ਬਹੁਤ ਹੋਣਗੀਆਂ, ਬੇਕੀ।"

"ਹਾਂ ਮਾਂ ਜੀ, ਖੇਤਾਂ ਦੇ ਖੇਤ ਇਹਨਾਂ ਨਾਲ ਭਰੇ ਦਿਸਦੇ ਨੇ।"

ਦੋ ਚੋਖੀ ਉਮਰ ਦੀਆਂ ਇਸਤ੍ਰੀਆਂ ਅੱਗੜ ਪਿੱਛੜ ਖੇਤਾਂ ਵਿਚੋਂ ਦੀ ਗੱਲਾਂ ਕਰਦੀਆਂ ਜਾਂਦੀਆਂ ਸਨ। ਵੱਡੀ ਅੱਗੇ ਸੀ, ਤੇ ਉਹਦਾ ਛੋਟਾ ਬੁੱਢਾ ਸਿਰ ਹਰ ਕਦਮ ਨਾਲ ਹਿਲਦਾ ਸੀ।

ਦੂਜੀ ਇਸਤ੍ਰੀ ਉਹਦੀ ਧੀ ਸੀ, ਤੇ ਆਪਣੇ ਧਿਆਨ ਮਗਨ ਆ ਰਹੀ ਸੀ, ਲੰਮੇਰੀ ਤੇ ਪਤਲੇਰੀ, ਓਹਦਾ ਚਿਹਰਾ ਪੂਰਾ ਪਰ ਪੀਲਾ ਜਿਹਾ ਸੀ, ਤੇ ਕੁਝ ਕੁਝ ਝੁਰੜੀਆਂ ਵੀ ਦਿੱਸ ਰਹੀਆਂ ਸਨ, ਪਰ ਮੂੰਹ ਦਾ ਪ੍ਰਭਾਵ ਲਗ ਪਗ ਮੁਸਕ੍ਰਾਹਟ ਵਰਗਾ ਸੀ।

ਜਦੋਂ ਉਹ ਇਕ ਘਰ ਦੇ ਨੇੜੇ ਪਹੁੰਚੀਆਂ ਤਾਂ ਵਡੇਰੀ ਇਸਤ੍ਰੀ ਨੇ ਆਪਣੀ ਐਨਕ ਵਿਚੋਂ ਨੀਂਝ ਲਾ ਕੇ ਤਕਿਆ :

"ਵੇਖ, ਕੋਈ ਏਥੇ ਦਿਸਦਾ ਈ, ਬੇਕੀ ?"

"ਮੈਨੂੰ ਐਉਂ ਜਾਪਿਆ ਸੀ, ਜੀਕਰ ਦੋ ਜਨਾਨੀਆਂ ਹੁਣੇ ਅੰਦਰ ਗਈਆਂ ਸਨ, ਇਹ ਤੇ ਮੈਨੂੰ ਪਤਾ ਨਹੀਂ ਲਗ ਸਕਿਆ, ਕੌਣ ਸਨ।"

ਜਦੋਂ ਉਹ ਫੁੱਲਾਂ ਨਾਲ ਗੁਲਾਬੀ ਹੋਈਆਂ ਝਾੜੀਆਂ ਕੋਲੋਂ ਘਰ ਦੇ ਸਾਹਮਣੇ ਰਸਤੇ ਉਤੇ ਪਹੁੰਚੀਆਂ, ਤਾਂ ਬਾਰੀ ਵਿਚੋਂ ਦੋ ਮੂੰਹ ਬਾਹਰ ਨਿਕਲੇ।

ਇਹਨਾਂ ਵਿਚੋਂ ਇਕ ਨੇ ਘਰ ਦੀ ਮਾਲਕਾਣੀ ਨੂੰ ਹੌਲੀ ਜਿਹੀ ਆਖਿਆ : "ਵੀਟ ਦੀ ਪਤਨੀ ਤੇ ਉਹਦੀ ਧੀ ਬੇਕੀ।"

ਮਾਲਕਾਣੀ ਬੂਹੇ ਅਗੇ ਆਈ। "ਆਓ ਭੈਣ ਜੀ ਤੇ ਬੇਕੀ. ਅੰਦਰ ਆ ਜਾਓ" ਮਿਸਿਜ਼ ਟਾਮਸ ਨੇ ਆਖਿਆ।

ਦੋਵੇਂ ਇਸਤ੍ਰੀਆਂ ਅੰਦਰ ਚਲੀਆਂ ਗਈਆਂ, ਤੇ ਕੰਧ ਦੇ ਨਾਲ ਖ਼ਾਲੀ ਕੁਰਸੀਆਂ ਉਤੇ ਬਹਿ ਗਈਆਂ। ਇਕ ਦੂਜੀ ਦੀ ਸਿਹਤ ਬਾਬਤ ਪੁਛਿਆ। ਇਹ ਇਸਤ੍ਰੀ-ਸਤਸੰਗ ਦੀ ਇਕੱਤ੍ਰਤਾ ਸੀ। ਏਥੇ ਅਜ ਦੁਨੀਆਂ ਦੇ ਸਾਰੇ ਦੁਖੀਆਂ ਲਈ ਪ੍ਰਾਰਥਨਾ ਹੋਣੀ ਸੀ। ਇਕ ਇਕ ਇਸਤ੍ਰੀ ਵਾਰੀ ਵਾਰੀ ਉਠਦੀ ਸੀ, ਤੇ ਗੋਡੇ ਟੇਕ ਕੇ ਰੱਬ ਅਗੇ ਕਿਸੇ ਮਿਤ੍ਰ, ਸੰਬੰਧੀ, ਜਾਂ ਭਾਈਚਾਰੇ ਲਈ ਪ੍ਰਾਰਥਨਾ ਕਰਦੀ ਸੀ। ਸਤਸੰਗ ਦੀਆਂ ਮੈਂਬਰ ਸਾਰੀਆਂ ਬੁੱਢੀਆਂ ਇਸਤ੍ਰੀਆਂ ਹੀ ਸਨ, ਮਿਸਿਜ਼ ਵੀਟ ਤੇ ਮਿਸਿਜ਼ ਟਾਮਸ ਇਕ ਦੂਜੇ ਵਲ ਖ਼ਾਸ ਤੌਰ ਤੇ ਸ਼ੱਕ ਤੇ ਬੇ-ਪ੍ਰੀਤੀ ਨਾਲ ਤਕਦੀਆਂ ਸਨ।

ਇਕਤ੍ਰਤਾ ਸਮਾਪਤ ਹੋਈ, ਇਸਤ੍ਰੀਆਂ ਇਕ ਇਕ ਕਰ ਕੇ ਚਲੀਆਂ ਗਈਆਂ, ਪਰ ਮਿਸਿਜ਼ ਵੀਟ ਤੇ ਉਹਦੀ ਧੀ ਕੁਝ ਦੂਰੋਂ ਆਈਆਂ ਸਨ, ਇਸ ਲਈ ਬੈਠੀਆਂ ਰਹੀਆਂ। ਘਰ ਵਾਲੀ ਦੀ ਧੀ ਨੇ ਬੇਕੀ ਨੂੰ ਕਿਸੇ ਗਲ ਕਰਨ ਲਈ ਦੂਜੇ ਕਮਰੇ ਵਿਚ ਬੁਲਾਇਆ। ਦੋਵੇਂ ਬੁੱਢੀਆਂ ਕਮਰੇ ਵਿਚ ਕਲੀਆਂ ਰਹਿ ਗਈਆਂ। ਦੋਹਾਂ ਨੇ ਇਕ ਦੂਜੇ ਵਲ ਔਖਿਆਂ ਜਿਹਾ ਤੱਕਿਆ।

"ਦੁਨੀਰਮ ਦਾ ਕੀ ਹਾਲ ਏ ?" ਮਿਸਿਜ਼ ਵੀਟ ਨੇ ਪੁਛਿਆ।

"ਬੜਾ ਚੰਗਾ ਏ, ਤੁਹਾਡੀ ਕਿਰਪਾ।"

"ਐਸ ਵੇਲੇ ਦੁਨੀਰਮ ਕੰਮ ਉਤੇ ਗਿਆ ਹੋਇਆ ਹੋਵੇਗਾ ?"

"ਹਾਂ, ਅਜ ਕਲ ਉਹ ਘਾਹ ਇਕੱਠਾ ਕਰ ਰਹੇ ਨੇ।"

"ਮੈਨੂੰ ਆਉਂਦੀ ਨੂੰ ਰਾਹ ਵਿਚ ਓਹਦਾ ਝਾਉਲਾ ਪਿਆ ਸੀ। ਦੁਨੀਰਮ ਕੁਝ ਬੁੱਢਾ ਹੁੰਦਾ ਜਾਂਦਾ ਏ, ਮੈਨੂੰ ਜਾਪਿਆ ਸੀ।"

"ਮੈਂ ਨਹੀਂ ਕਹਿ ਸਕਦੀ, ਮੈਨੂੰ ਤੇ ਮੇਰਾ ਮੁੰਡਾ ਓਸੇ ਤਰ੍ਹਾਂ ਹੀ ਜਾਪਦਾ ਏ।"

"ਮੈਂ ਪਿਛਲੇ ਐਤਵਾਰ ਦੁਨੀਰਮ ਨੂੰ ਗਿਰਜੇ ਵਿਚ ਵੇਖਿਆ ਸੀ, ਤੇ ਉਹ ਮੈਨੂੰ ਬੜਾ ਬਦਲਿਆ ਹੋਇਆ ਜਾਪਦਾ ਸੀ। ਰੱਬ ਉਹਨੂੰ ਲੰਮੀ ਉਮਰ ਦੇਵੇ, ਤੇ ਓਹ ਤੁਹਾਡੀ ਸੇਵਾ ਕਰਦਾ ਰਹੇ। ਤੁਹਾਡੇ ਲਈ ਚੰਗਾ ਹੈ ਕਿ ਉਸ ਵਿਆਹ ਨਹੀਂ ਕੀਤਾ।"

ਮਿਸਿਜ਼ ਟਾਮਸ ਦਾ ਮੂੰਹ ਲਾਲ ਹੋ ਗਿਆ। "ਹੋਰ ਅਨੇਕਾਂ ਆਦਮੀ ਹਨ ਜਿਹੜੇ ਵਿਆਹ ਨਹੀਂ ਕਰਦੇ; ਤੇ ਕਈ ਇਸਤ੍ਰੀਆਂ ਵੀ ਨਹੀਂ ਕਰਦੀਆਂ।"

"ਮੇਰੀ ਬੇਕੀ ਚਾਂਹਦੀ ਤੇ ਦਰਜਨਾਂ ਵਿਆਹ ਕਰ ਸਕਦੀ ਸੀ", ਮਿਸਿਜ਼ ਵੀਟ ਨੇ ਆਖਿਆ।

"ਹਾਂ, ਕਰ ਤੇ ਸਕਦੀ ਸੀ।"

"ਸੁਣ, ਭੈਣ, ਤੁਸੀਂ ਸਦਾ ਮੈਨੂੰ ਟਕੋਰਾਂ ਕਰਦੇ ਰਹਿੰਦੇ ਓ – ਮੈਨੂੰ ਇਹਨਾਂ ਸਭ ਦਾ ਪਤਾ ਹੈ, ਮੈਂ ਅਜ ਨਿਰਨਾ ਕਰਨਾ ਚਾਂਹਦੀ ਹਾਂ। ਤੁਸੀਂ ਮੈਨੂੰ ਹਰ ਵੇਲੇ ਦੂਸ਼ਣ ਲਾਂਦੇ ਰਹਿੰਦੇ ਹੋ, ਕਿ ਮੈਂ ਤੁਹਾਡੇ ਮੁੰਡੇ ਦੁਨੀਰਮ ਤੇ ਬੇਕੀ ਦਾ ਵਿਆਹ ਨਹੀਂ ਹੋਣ ਦਿੱਤਾ – ਪਰ ਇਹ ਗਲ ਬਿਲਕੁਲ ਠੀਕ ਨਹੀਂ।"

"ਨਹੀਂ ਠੀਕ ਹੋਣੀ।"

"ਤਾਂ ਤੁਹਾਨੂੰ ਮੇਰੀ ਗਲ ਦਾ ਯਕੀਨ ਨਹੀਂ।"

"ਹੈ ਤੇ ਨਹੀਂ – ਕਿਉਂਕਿ ਮੈਂ ਭੁਲ ਨਹੀਂ ਸਕਦੀ ਕੀਕਰ ਚਾਲੀ ਵਰ੍ਹੇ ਹੋਏ ਮੇਰਾ ਦੁਨੀਰਮ ਤੁਹਾਡੇ ਘਰੋਂ ਵਾਪਸ ਆਇਆ ਸੀ। ਇਹੀ ਦਿਨ ਸਨ।"

"ਮੈਨੂੰ ਸਮਝ ਨਹੀਂ ਆਈ, ਤੁਸੀਂ ਕੀ ਪਏ ਆਖਦੇ ਹੋ।" ਮਿਸਿਜ਼ ਵੀਟ ਨੇ ਆਖਿਆ।

ਮਿਸਿਜ਼ ਟਾਮਸ ਜ਼ਰਾ ਧੌਣ ਸਿਧੇਰੀ ਕਰਕੇ, ਤੇ ਜ਼ਰਾ ਸ਼ਬਦਾਂ

ਉਤੇ ਜ਼ੋਰ ਦੇ ਕੇ ਆਖਣ ਲਗੀ :

"ਇਹੋ ਵੇਲਾ ਤੇ ਇਹੋ ਮੌਸਮ ਸੀ। ਚਾਲੀ ਵਰ੍ਹੇ ਏਸ ਗਲ ਨੂੰ ਹੋ ਗਏ ਨੇ। ਦੁਨੀਰਮ ਤੁਹਾਡੇ ਘਰੋਂ ਆਇਆ। ਘਾ ਕਟਿਆ ਜਾ ਚੁੱਕਾ ਸੀ, ਤੇ ਕੁਝ ਵਿਹਲ ਸੀ, ਦੁਨੀਰਮ ਤੁਹਾਡੇ ਪਾਸੇ ਵਲ ਗਿਆ। ਮੈਨੂੰ ਪਤਾ ਸੀ ਉਹ ਬੇਕੀ ਨੂੰ ਮਿਲਣ ਗਿਆ ਸੀ, ਕਿਉਂਕਿ ਉਹ ਓਦਨ ਹੀ ਕਿਤੋਂ ਬਾਹਰੋਂ ਆਈ ਸੀ। ਦੁਨੀਰਮ ਜਦੋਂ ਘਰ ਮੁੜਿਆ ਤਾਂ ਉਹਦਾ ਮੂੰਹ ਮੌਤ ਵਾਂਗ ਪੀਲਾ ਸੀ, ਤੇ ਉਹ ਆਕੇ ਚੁਪ ਕੀਤਾ ਏਸੇ ਕਮਰੇ ਵਿਚ ਕੁਰਸੀ ਉਤੇ ਸਿਰ ਧਰ ਕੇ ਬਹਿ ਗਿਆ। ਬੜੀਆਂ ਮਿੰਨਤਾਂ ਤਰਲਿਆਂ ਨਾਲ ਮੈਂ ਉਹਦੇ ਕੋਲੋਂ ਪੁਛ ਸਕੀ ਸਾਂ, ਕਿ ਉਹ ਤੁਹਾਡੇ ਘਰ ਗਿਆ ਸੀ ਤੇ ਤੁਸਾਂ ਉਹਦੇ ਨਾਲ ਬੜਾ ਮਾੜਾ ਸਲੂਕ ਕੀਤਾ ਸੀ। ਉਹ ਆਂਹਦਾ ਸੀ ਕਿ ਉਹ ਫੇਰ ਤੁਹਾਡੇ ਘਰ ਨਹੀਂ ਜਾਇਗਾ। ਉਹ ਕਹਿੰਦਾ ਸੀ, ਕਿ ਤੁਸੀ ਉਹਨੂੰ ਪਸੰਦ ਨਹੀਂ ਕਰਦੇ ਤੇ ਬੇਕੀ ਆਪਣੀ ਮਾਂ ਦਾ ਆਖਾ ਨਹੀਂ ਮੋੜ ਸਕਦੀ ਸੀ ਤੇ ਨਾ ਦੁਨੀਰਮ ਚਾਂਹਦਾ ਸੀ ਕਿ ਬੇਕੀ ਆਪਣੀ ਮਾਂ ਨੂੰ ਨਾਰਾਜ਼ ਕਰੇ – ਇਸ ਲਈ ਉਸਨੇ––"

"ਮੈਨੂੰ ਦੱਸੇ ਨਾ ਕੋਈ ਕਿ ਮੈਂ ਦੁਨੀਰਮ ਨੂੰ ਕੀ ਆਖਿਆ ਸੀ" ਮਿਸਿਜ਼ ਵੀਟ ਨੇ ਗੁਸੇ ਹੋਕੇ ਆਖਿਆ।

"ਉਹਨੇ ਕਦੇ ਵੀ ਮੈਨੂੰ ਪੂਰੀ ਗਲ ਨਹੀਂ ਦੱਸੀ। ਕੋਈ ਗਲ ਤਿਤ੍ਰੀਆਂ ਦੇ ਸੰਬੰਧ ਵਿਚ ਸੀ।"

"ਉਹ ਹਨ੍ਹੇਰ – ਮੈਨੂੰ ਹੁਣ ਯਾਦ ਆਇਆ ਏ" ਬੇਕੀ ਦੀ ਮਾਂ ਨੇ ਹਥ ਮਲਕੇ ਆਖਿਆ: "ਇਹ ਗਲ ਬਿਲਕੁਲ ਕੁਝ ਨਹੀਂ ਸੀ, ਜਵਾਨੀ ਕੇਡੀ ਮੂਰਖ ਹੁੰਦੀ ਹੈ। ਹੁਣ ਉਹ ਵੇਲਾ ਐਉਂ ਮੇਰੇ ਸਾਹਮਣੇ ਆ ਗਿਆ ਏ ਜੀਕਰ ਕਲ੍ਹ ਦੀ ਗਲ ਹੁੰਦੀ ਏ। ਦੁਨੀਰਮ ਤੇ ਬੇਕੀ ਦੋਵੇਂ ਪਿਛਲੇ ਵਿਹੜੇ ਵਿਚ ਸਨ। ਵਿਹੜੇ ਵਿਚ ਸਾਰੇ ਫੁੱਲ ਸਨ, ਤੇ ਤਿਤ੍ਰੀਆਂ ਅਜ ਵਾਂਗੂੰ ਹੀ ਉੱਡ ਰਹੀਆਂ ਸਨ। ਮੈਂ ਬਾਰੀ ਵਿਚ

ਬੈਠੀ ਸਾਂ। ਉਹ ਦੋਵੇਂ ਇਕ ਦੂਜੇ ਉਤੇ ਮੁਸਕ੍ਰਾ ਰਹੇ ਸਨ, ਕਿ ਝਟ ਦੁਨੀਰਮ ਇਕ ਤਿਤ੍ਰੀ ਨੂੰ ਫੜਣ ਲਗ ਪਿਆ। ਉਹ ਨੀਲੇ ਟਿਮਕੜਿਆਂ ਵਾਲੀ ਸੀ। ਉਸ ਨੇ ਇਕ ਦੋ ਛਾਲਾਂ ਵਿਚ ਫੜ ਲਈ ਤੇ ਉਹ ਬੈਕੀ ਨੂੰ ਦੇ ਰਿਹਾ ਸੀ। ਮੈਂ ਉਸ ਵੇਲੇ ਬਾਰੀ ਵਿਚੋਂ ਕੁਝ ਆਖਿਆ — ਮੈਨੂੰ ਯਾਦ ਨਹੀਂ ਰਿਹਾ, ਕੀ। ਮੈਂ ਸਮਝਿਆ ਸੀ ਕਿ ਤਿਤ੍ਰੀਆਂ ਪਕੜਨਾ ਮੂਰਖਾਂ ਦਾ ਕੰਮ ਏ — ਕੌਣ ਸਿਆਣਾ ਮੁੰਡਾ ਇਸ ਤਰ੍ਹਾਂ ਵਕਤ ਗੁਆਏਗਾ। ਤੇ ਨਾਲੇ ਬੈਕੀ ਦਾ ਸੀਉਣਾ ਪਿਆ ਹੋਇਆ ਸੀ — ਸ਼ੈਦ ਮੈਂ ਉਹਨੂੰ ਵੀ ਕੁਝ ਆਖਿਆ।"

"ਦੁਨੀਰਮ ਕਹਿੰਦਾ ਸੀ, ਕਿ ਤੁਹਾਡਾ ਖ਼ਿਆਲ ਸੀ, ਉਹ ਤੁਹਾਡੀ ਧੀ ਲਈ ਯੋਗ ਵਰ ਨਹੀਂ ਸੀ।"

"ਇਹ ਗਲ ਬਿਲਕੁਲ ਨਹੀਂ ਸੀ — ਖਬਰੇ ਤੁਹਾਨੂੰ ਇਹ ਖ਼ਿਆਲ ਕੀਕਰ ਆ ਗਿਆ।"

"ਇਸ ਲਈ ਕਿ ਤੁਹਾਂਡਾ ਖ਼ਿਆਲ ਓਦੋਂ ਕਿਸੇ ਧਨੀ ਮੁੰਡੇ ਉਤੇ ਸੀ — ਤੁਹਾਡਾ ਖ਼ਿਆਲ ਸੀ, ਬੈਕੀ ਉਸਨੂੰ ਰੀਝਾ ਲਏਗੀ, ਪਰ ਉਹ ਨਾ ਰੀਝਾ ਸਕੀ।"

ਮਿਸਿਜ਼ ਟਾਮਸ ਦੀ ਪਤਲੀ ਆਵਾਜ਼ ਕੁਝ ਤੁੰਦ ਹੋ ਗਈ ਤੇ ਉਹਦਾ ਸਾਰਾ ਸਰੀਰ ਕੰਬਿਆ। ਉਹ ਗੁਸੇ ਤੇ ਨਿਰਾਸਤਾ ਨੂੰ ਕਾਬੂ ਵਿਚ ਲਿਆ ਰਹੀ ਸੀ।

"ਤੁਸੀ, ਮਿਸਿਜ਼ ਟਾਮਸ, ਮੇਰੇ ਉਤੇ ਝੂਠੀ ਤੁਹਮਤ ਲਾ ਰਹੇ ਹੋ, ਤੇ ਇਹ ਧਰਮ ਦੀ ਗਲ ਨਹੀਂ — ਬੜਾ ਅਫ਼ਸੋਸ ਏ ਕਿ ਸਤ-ਸੰਗ ਤੋਂ ਬਾਹਰ ਆਉਂਦਿਆਂ ਹੀ ਤੁਸੀ ਇਹ ਕਰ ਰਹੇ ਹੋ — ਗਲ ਜ਼ਰਾ ਵੀ ਏਦੂੰ ਵਧ ਨਹੀਂ ਹੋਈ, ਜਿੰਨੀ ਮੈਂ ਸੁਣਾਈ ਹੈ — ਤਿਤ੍ਰੀਆਂ ਨੂੰ ਫੜਨਾ ਮੈਨੂੰ ਬੇਰਹਿਮੀ ਜਾਪਿਆ ਸੀ।"

"ਪਰ ਮਿਸਿਜ਼ ਵੀਟ, ਇਸ ਬੇਰਹਿਮੀ ਨਾਲੋਂ ਤੁਸਾਂ ਬਹੁਤ ਵਡੇਰੀ ਬੇਰਹਿਮੀ ਕੀਤੀ।"

"ਸਾਨੂੰ ਹੁਣ ਏਸ ਗਲ ਦਾ ਭੋਗ ਪਾਣਾ ਚਾਹੀਦਾ ਹੈ –"

ਤੇ ਉਧਰੋਂ ਬੈਕੀ ਆ ਗਈ। ਦੋਵੇਂ ਮਾਂ ਧੀ ਆਗਿਆ ਲੈ ਕੇ ਵਿਦਿਆ ਹੋ ਪਈਆਂ। ਰਾਹ ਵਿਚ ਜਾਂਦੀ ਬੈਕੀ ਨੂੰ ਜਾਪ ਰਿਹਾ ਸੀ ਕਿ ਮਾਂ ਕੁਝ ਛਿਥੀ ਪਈ ਹੋਈ ਸੀ। ਇਕ ਖੇਤ ਦੇ ਵਿਚਕਾਰ ਮਾਂ ਖਲੋ ਗਈ ਤੇ ਬਚਿਆਂ ਵਰਗੇ ਗੁਸੇ ਵਿਚ ਟੱਪਣ ਲਗ ਪਈ।

"ਕਿਉਂ ਮਾਂ ਜੀ, ਕੀ ਗਲ ਏ ?" ਬੈਕੀ ਨੇ ਪੁਛਿਆ।

"ਇਹ ਚੰਦਰੀਆਂ ਤਿਤ੍ਰੀਆਂ – ਮੇਰਾ ਜੀ ਕਰਦਾ ਏ, ਇਹਨਾਂ ਦੇ ਸ਼ਹਿਦ ਵਿਚ ਜ਼ਹਿਰ ਮਿਲਾ ਦਿਆਂ – ਮੇਰੀਆਂ ਲਤਾਂ ਵਢ ਖਾਧੀਆਂ ਨੇ।"

"ਮੈਨੂੰ, ਮਾਂ ਜੀ, ਅਗਾਂਹ ਹੋ ਜਣ ਦਿਓ, ਫੇਰ ਇਹ ਤੁਹਾਨੂੰ ਔਖਿਆਂ ਨਹੀਂ ਕਰਨਗੀਆਂ – ਮੇਰੀਆਂ ਲੱਤਾਂ ਨਾਲ ਉਡਦੀਆਂ ਜਾਣਗੀਆਂ।" ਬੈਕੀ ਨੇ ਆਖਿਆ।

"ਚੰਗਾ, ਤੇਰੀ ਮਰਜ਼ੀ – ਪਰ ਤਿਤ੍ਰੀਆਂ ਦੀ ਗਲ ਕਰਦਿਆਂ ਮੈਨੂੰ ਕੁਝ ਹੋਰ ਯਾਦ ਆਇਆ ਏ – ਕੀ ਤੇਰਾ ਵੀ ਖਿਆਲ ਹੈ ਕਿ ਮੈਂ ਤੈਨੂੰ ਤੇ ਦੁਨੀਰਮ ਨੂੰ ਜੁਦਾ ਰਖਣ ਦਾ ਕਾਰਨ ਹੋਈ ਹਾਂ ?"

ਬੁਢੀ ਧੀ ਨੇ ਮਾਂ ਦੇ ਮੂੰਹ ਉਤੇ ਬੜੇ ਪਿਆਰ ਨਾਲ ਤਕਿਆ ਤੇ ਆਖਿਆ : "ਮਾਂ ਜੀ, ਮੈਂ ਕਿਸੇ ਨੂੰ ਵੀ ਕਦੇ ਦੋਸ਼ ਨਹੀਂ ਦਿਤਾ। ਮੇਰਾ ਖ਼ਿਆਲ ਸੀ ਤੁਸੀ ਦੁਨੀਰਮ ਨੂੰ ਚੰਗਾ ਨਹੀਂ ਸੋ ਸਮਝਦੇ – ਪਰ ਸਾਰੀ ਗਲ ਮੁਕ ਮੁਕਾ ਗਈ।"

"ਤੂੰ ਤਾਂ ਬੜੀ ਦੁਖੀ ਰਹੀ ਏਂ, ਬੈਕੀ ?"

"ਨਹੀਂ ਏਡੀ ਨਹੀਂ, ਕਿ ਮੈਂ ਕਿਸੇ ਨੂੰ ਦੁਖ ਦੇਂਦੀ, ਕੀ ਹੁਣ ਵੀ ਤਿਤ੍ਰੀਆਂ ਤੁਹਾਨੂੰ ਦੁਖ ਦੇਂਦੀਆਂ ਨੇ ?" ਬੈਕੀ ਨੇ ਗਲ ਟਾਲਣ ਲਈ ਆਖਿਆ।

"ਨਹੀਂ – ਪਰ ਮੈਂ ਕੁਝ ਚਿਰ ਤੋਂ ਔਖੀ ਹੋ ਰਹੀ ਹਾਂ ਕਿ ਮੈਂ ਇਸ ਤਿੱਤਰੀ ਦੇ ਮਾਮਲੇ ਵਿਚ ਕੁਝ ਸਖ਼ਤ ਸਲੂਕੀ ਕੀਤੀ ਸੀ –

ਮੈਂ ਸਿਰਫ਼ ਇਹ ਚਾਂਹਦੀ ਸਾਂ ਕਿ ਤੂੰ ਚੋਣ ਕਰਨ ਲਗਿਆਂ ਪੂਰੀ ਇਹਤਿਆਤ ਰਖੇਂ – ਉਦੋਂ ਦੁਨੀਰਮ ਏਡਾ ਚੰਗਾ ਨਹੀਂ ਸੀ – ਪਰ ਹੁਣ ਤੇ ਚੰਗਾਂ ਨਿਕਲ ਆਇਆ ਏ – ਉਹ ਸ਼ੈਦ ਜੋੜਦਾ ਰਿਹਾ ਏ – ਬੈਕੀ ਤੂੰ ਕਈਆਂ ਵਿਆਹੀਆਂ ਨਾਲੋਂ ਸੁਖੀ ਹੈਂ – ਵਿਆਹ ਵਿਚ ਖ਼ਤਰੇ ਵੀ ਬੜੇ ਹੁੰਦੇ ਨੇ।''

ਬੈਕੀ ਆਪਣੀ ਮਾਂ ਦੇ ਅਗੇ ਅਗੇ ਤੁਰ ਰਹੀ ਸੀ, ਤੇ ਜਾਣੂ ਧਰਤੀ ਦੇ ਦ੍ਰਿਸ਼ ਨੂੰ ਉਸ ਸਬਰ ਦੀ ਅਖ ਨਾਲ ਵੇਖ ਰਹੀ ਸੀ, ਜਿਹੜੀ ਵਰ੍ਹਿਆਂ ਵਿਚ ਮੁਖ ਉਤੇ ਇਕ ਅਮਨ ਜਿਹਾ ਲੈ ਆਉਂਦੀ ਹੈ। ਬੈਕੀ ਏਸ ਉਮਰ ਵਿਚ ਜਵਾਨੀ ਨਾਲੋਂ ਵਧੇਰੇ ਸੁਹਣੀ ਲਗਦੀ ਸੀ, ਕਿਉਂਕਿ ਉਦੋਂ ਉਹ ਬਹੁਤ ਸੁਹਣੀਆਂ ਕੁੜੀਆਂ ਵਿਚੋਂ ਨਹੀਂ ਸੀ।

ਉਹ ਤੇ ਉਹਦੀ ਮਾਂ ਸੂਰਜ ਛਿਪਣ ਤੋਂ ਦੋ ਘੰਟੇ ਪਹਿਲੋਂ ਘਰ ਅਪੜ ਗਈਆਂ।

ਕੋਈ ਇਕ ਘੰਟੇ ਮਗਰੋਂ ਦੁਨੀਰਮ ਵੀ ਆਪਣੇ ਘਰ ਗਿਆ। ਇਹ ਲੰਮਾ ਤਕੜਾ ਆਦਮੀ ਸੀ, ਨਕਸ਼ ਬੜੇ ਤਕੜੇ ਸਨ ਤੇ ਲੱਕ ਏਡਾ ਸਿਧਾ ਸੀ ਕਿ ਪੈਲੀ ਦੀ ਵਾਟ ਤੋਂ ਜਵਾਨ ਆਦਮੀ ਵਿਖਾਈ ਦੇਂਦਾ ਸੀ। ਪਰ ਨੇੜਿਓਂ ਉਹਦੇ ਵਾਲ ਲੋਹੇ ਦੇ ਬੁਰਾਦੇ ਵਾਂਗ ਕਰੜ ਬਰੜੇ ਸਨ, ਤੇ ਚਿਹਰੇ ਉਤੇ ਉਮਰ ਦੇ ਵੱਟ ਕਾਫ਼ੀ ਦਿਸਦੇ ਸਨ।

ਰੋਟੀ ਅਜੇ ਤਿਆਰ ਨਹੀਂ ਸੀ, ਇਸ ਲਈ ਮੂੰਹ ਹਥ ਧੋ ਕੇ ਉਹ ਬੈਠਕ ਵਿਚ ਆ ਬੈਠਾ। ਉਹਦੀ ਮਾਂ ਅੰਦਰ ਆਈ ਤੇ ਇਸ਼ਾਰਾ ਕਰ ਕੇ ਆਖਣ ਲਗੀ :

''ਆ, ਮੇਰੇ ਕਮਰੇ ਵਿਚ ਜਰਾ ਆ – ਮੈਂ ਤੇਰੇ ਨਾਲ ਕੁਝ ਗਲ ਕਰਨੀ ਏ।''

ਦੁਨੀਰਮ ਉਠਿਆ ਤੇ ਬੜੀ ਆਗਿਆ ਕਾਰੀ ਨਾਲ ਮਾਂ ਦੇ ਮਗਰ ਮਗਰ ਗਿਆ।

ਮਾਂ ਨੇ ਬੂਹਾ ਬੰਦ ਕਰ ਕੇ ਪੁਤ੍ਰ ਦੇ ਮੂੰਹ ਵਲ ਤਕਿਆ।

"ਦੁਨੀਰਮ, ਮਿਸਿਜ਼ ਵੀਟ ਅਜ ਸਤਸੰਗ ਵਿਚ ਆਈ ਸੀ, ਤੇ ਪਿਛੋਂ ਉਸਨੇ ਪੁਰਾਣਾ ਮਾਮਲਾ ਤੇਰਾ ਤੇ ਬੈਕੀ ਦਾਂ ਛੇੜ ਧਰਿਆ।"

"ਹੁਣ ਉਹਨੂੰ ਫੇਰ ਛੇੜਨ ਦਾ ਕੋਈ ਲਾਭ ਨਹੀਂ।"

"ਉਹ ਕਹਿੰਦੀ ਸੀ ਤੂੰ ਉਹਦਾ ਮਤਲਬ ਗ਼ਲਤ ਸਮਝਿਆ ਸੀ। ਉਹ ਆਂਹਦੀ ਸੀ ਉਸ ਬੈਕੀ ਨੂੰ ਸਿਰਫ਼ ਸੀਊਣ ਲਈ ਸਦਿਆ ਸੀ। ਪਰ ਮੈਂ ਉਹਦੇ ਮੂੰਹ ਉਤੇ ਆਖ ਦਿਤਾ ਸੀ, ਕਿ ਉਹ ਅਮੀਰ ਸਾਕ ਢੂੰਡਦੀ ਸੀ ਤੇ ਉਸ ਨੇ ਮੇਰੇ ਦੁਨੀਰਮ ਦੀ ਹੇਠੀ ਕੀਤੀ ਸੀ।"

"ਪਰ ਮੇਰੇ ਖ਼ਿਆਲ ਵਿਚ, ਮਾਂ ਜੀ, ਇਸ ਗਲ ਦਾ ਜ਼ਿਕਰ ਹੁਣ ਕਰਨਾ ਨਹੀਂ ਚਾਹੀਦਾ।"

ਪਰ ਅਜ ਉਹ ਚਲਾਕੋ ਮੇਰੇ ਨਾਲ ਸੁਲਾਹ ਕਰਨਾ ਚਾਂਹਦੀ ਸੀ, ਪਰ ਉਹਦਾ ਮਤਲਬ ਸੀ ... ... ਪਰ ਮੈਨੂੰ ਉਹ ਜ਼ਰਾ ਚੰਗੀ ਨਹੀਂ ਲਗਦੀ।"

"ਪਰ ਸ਼ਾਇਦ ਤੁਸੀ ਉਹਦਾ ਮਤਲਬ ਨਹੀਂ ਸਮਝ ਸਕੇ।"

"ਮੈਂ ਚੰਗੀ ਤਰ੍ਹਾਂ ਸਮਝਦੀ ਸਾਂ। ਹੁਣ ਉਹ ਆਪਣੀ ਧੀ ਨਾਲ ਇਕੱਲੀ ਰਹਿੰਦੀ ਅਕ ਗਈ ਹੈ – ਉਹ ਵੇਖਦੀ ਏ – ਹੁਣ ਤੇਰਾ ਹਥ ਚੰਗਾ ਹੈ – ਹੁਣ ਉਹ ਤੈਨੂੰ ਮੇਰੇ ਕੋਲੋਂ ਖੋਹਣਾ ਚਾਂਹਦੀ ਹੈ।"

"ਮਾਂ ਜੀ, ਇਹ ਗਲ ਨਹੀਂ ਹੋਣੀ।"

"ਹਾਂ, ਏਸੇ ਤਰ੍ਹਾਂ ਹੀ ਹੈ – ਦੁਨੀਰਮ, ਮੈਨੂੰ ਸਚ ਦੱਸੀਂ, ਤੂੰ ਬੈਕੀ ਨਾਲ ਵਿਆਹ ਦਾ ਇਰਾਦਾ ਤੇ ਨਹੀਂ ਰਖਦਾ – ਜਦ ਤੇਰੀ ਉਹਨਾਂ ਏਡੀ ਹੱਤਕ ਕੀਤੀ ?"

"ਤੁਸਾਂ, ਮਾਂ ਜੀ, ਕਦੇ ਮੇਰੇ ਮੂੰਹੋਂ ਇਹੋ ਜਿਹੀ ਗਲ ਸੁਣੀ ਹੈ ?"

"ਮੇਰਾ ਖ਼ਿਆਲ ਹੈ, ਤੂੰ ਉਦਾਸ ਜਿਹਾ ਰਹਿਨਾ ਏਂ – ਤੂੰ ਵਿਆਹ ਨਾ ਕਰੀਂ – ਨਾ ਕਰੀਂ – ਮੇਰੇ ਦੁਨੀਰਮ।"

"ਇਸ ਗਲ ਦਾ ਕੋਈ ਮੌਕਾ ਨਹੀਂ, ਮਾਂ ਜੀ, ਤੁਸੀ ਇਸ ਤਰ੍ਹਾਂ

ਆਪਣੇ ਆਪ ਨੂੰ ਤਕਲੀਫ਼ ਦੇ ਰਹੇ ਹੋ ?''

ਅਚਾਨਕ, ਇਹ ਆਖਦਿਆ ਹੀ ਦੂਨੀਰਮ ਮੇਜ਼ ਉਤੇ ਬਹਿ ਗਿਆ ਤੇ ਆਪਣਾ ਸਿਰ ਓਸੇ ਮੇਜ਼ ਉਤੇ ਰਖ ਦਿਤਾ ਜੀਕਰ ਚਾਲੀ ਵਰ੍ਹੇ ਹੋਏ ਬੇਕੀ ਦੇ ਘਰੋਂ ਮੁੜ ਆ ਕੇ ਰਖਿਆ ਸੀ।

''ਕਿਉਂ ਮੇਰੇ ਬੱਚੇ, ਤੈਨੂੰ ਕੀ ਏ ?'' ਮਾਂ ਨੇ ਪੁਛਿਆ, ਤੇ ਉਹਦੀਆਂ ਅੱਖਾਂ ਵਿਚ ਬੜਾ ਤਰਸ ਤੇ ਚਿੰਤਾ ਸੀ। ਉਹਨੂੰ ਐਉਂ ਜਾਪਿਆ ਜੀਕਰ ਮੋਇਆ ਜੀਉ ਪੈਂਦਾ ਹੈ – ਉਹਦੇ ਪੁਤ੍ਰ ਦੀ ਗਈ ਜਵਾਨੀ ਇਕ ਦੰਮ ਉਹਦੀਆਂ ਅੱਖਾਂ ਸਾਹਮਣੇ ਸਮੇਂ ਦੀ ਠੰਡੀ ਤੇ ਪੂਰੀ ਜਾ ਚੁਕੀ ਕਬਰ ਵਿਚੋਂ ਨਿਕਲ ਆਈ ਸੀ।

''ਓ ਦੂਨੀਰਮ, ਮੇਰੇ ਸ਼ੁਹਦੇ ਬੱਚੇ – ਕੀ ਐਨੇ ਲੰਮੇ ਵਰ੍ਹੇ ਤੂੰ ਇਸੇ ਤਰ੍ਹਾਂ ਸੋਚਦਾ ਰਿਹਾ ਹੈਂ ? ਮੇਰਾ ਕਾਲਜਾ ਪਾਟ ਗਿਆ ਏ – ਮੈਨੂੰ ਇਹਦੀ ਕੁਝ ਖ਼ਬਰ ਨਹੀਂ ਸੀ।''

''ਕੋਈ ਗਲ ਨਹੀਂ, ਮਾਂ ਜੀ, ਭੈਣ ਰੋਟੀ ਲਈ ਪਈ ਬੁਲਾਂਦੀ ਏ – ਤੁਸੀ ਜਾਓ ਤੇ ਮੈਂ ਇਕ ਮਿੰਟ ਵਿਚ ਆਵਾਂਗਾ।''

''ਹੁਣ ਇਸ ਮਾਮਲੇ ਉਤੇ, ਤੈਨੂੰ ਇਸ ਤਰ੍ਹਾਂ ਔਖਿਆਂ ਹੋਣ ਦੀ ਲੋੜ ਨਹੀਂ। ਮੈਂ ਭੁਲ ਗਈ – ਮੇਰਾ ਬੱਚਾ ਮੇਰੇ ਲਈ ਦਿਲ ਟੋਟੇ ਕਰਦਾ ਰਿਹਾ ਹੈ। ਹੁਣ ਉਹਦੀ ਮਾਂ ਮੰਨਦੀ ਹੈ – ਤੇ ਬੇਕੀ ਬਾਬਤ ਤੇ ਕੋਈ ਸ਼ਕ ਹੀ ਨਹੀਂ। ਮੈਂ ਉਹਨੂੰ ਵੀ ਤੇਰੇ ਵਾਂਗ ਉਦਾਸ ਵੇਖਿਆ ਹੈ। ਪਰ ਉਹ ਬੜੀ ਚੰਗੀ ਏ – ਉਸ ਕਦੇ ਗਿਲਾ ਨਹੀਂ ਕੀਤਾ। – ਤੂੰ ਰੋਟੀ ਖਾ ਕੇ ਕਪੜੇ ਪਾ ਲੈ, ਤੇ ਹੁਣ ਉਹਦੇ ਘਰ ਜਾ। ਕੋਈ ਵਜ੍ਹਾ ਨਹੀਂ, ਕਿ ਤੁਸੀ ਆਪਣੀ ਮਰਜ਼ੀ ਨਾ ਕਰ ਸਕੋ। ਤੁਸੀ ਦੋਵੇਂ ਅਜੇ ਕੋਈ ਬੁੱਢੇ ਨਹੀਂ ਹੋਏ – ਸੱਠਾਂ ਦੀ ਕੋਈ ਉਮਰ ਹੁੰਦੀ ਏ – ਤੇ ਸ਼ਾਇਦ ਮਿਸਿਜ਼ ਵੀਟ ਵੀ ਹੁਣ ਤਕ ਚੰਗੀ ਹੋ ਗਈ ਹੋਵੇ।''

ਦੂਨੀਰਮ ਨੇ ਕੁਝ ਨਾ ਆਖਿਆ। ਉਹ ਜਤਨ ਕਰਕੇ ਉਠਿਆ, ਤੇ ਆਪਣੀ ਮਾਂ ਦੇ ਨਾਲ ਖਾਣੇ-ਕਮਰੇ ਵਿਚ ਗਿਆ। ਮਾਂ ਸਾਰਾ

ਸਮਾ ਪਿਆਰ ਨਾਲ ਪੁਛਦੀਆਂ ਅੱਖਾਂ ਵਿਚੋਂ ਪੁਤ੍ਰ ਨੂੰ ਵੇਖਦੀ ਰਹੀ।

"ਕੀ ਤੂੰ ਜਾਣਾ ਨਹੀਂ ? ਮਾਂ ਨੇ ਪੁਛਿਆ ਜਦੋਂ ਉਹ ਰੋਟੀ ਖਾਕੇ ਬੈਠਕ ਵਿਚ ਆ ਬੈਠੇ।

"ਅਜ ਰਾਤੀਂ ਨਹੀਂ, ਮਾਂ ਜੀ।"

"ਚੰਗਾ – ਸ਼ਾਇਦ ਛੇਤੀ ਮੁਨਾਸਬ ਵੀ ਨਾ ਹੋਵੇ – ਕਲ੍ਹ ਸਹੀ।"

ਜਦੋਂ ਮਾਂ ਸੌਣ ਲਈ ਚਲੀ ਗਈ, ਤੇ ਬਾਹਰ ਹੁਨਾਲੇ ਦੀ ਰਾਤ ਸਿਤਾਰਿਆਂ ਨਾਲ ਪੂਰਨ ਸੀ, ਉਹ ਘਰ ਦੀਆਂ ਬਾਹਰਲੀਆਂ ਥੱੜ੍ਹੀਆਂ ਉਤੇ ਬਹਿ ਗਿਆ ਤੇ ਸੋਚਦਾ ਰਿਹਾ। ਉਹਨੂੰ ਜਾਪਦਾ ਸੀ, ਜੀਕਰ ਕੋਈ ਭੌਂਦਾ ਭਟਕਦਾ ਆਦਮੀ ਕਿਸੇ ਪਿਆਰੇ ਸੁਹਣੇ ਦੇਸ ਵਿਚ ਆ ਮੁੜਦਾ ਹੈ, ਜਿਸ ਦੇਸ ਦੇ ਵੇਖਣ ਦੀ ਉਹਨੂੰ ਕੋਈ ਆਸ ਨਹੀਂ ਸੀ। ਅਜ ਰਾਤ ਜਵਾਨੀ ਦੇ ਸੁਨਹਿਰੀ ਫਾਟਕ ਖੁਲ੍ਹ ਪਏ ਤੇ ਉਹਨਾਂ ਦੇ ਅੰਦਰੋਂ ਮਿਠੇ ਗੀਤਾਂ ਦੀ ਲਯ ਦੁਨੀਰਮ ਵਲ ਆ ਰਹੀ ਸੀ। ਭਾਵੇਂ ਕੇਸ ਖਰਵੇ ਤੇ ਚਿੱਟੇ ਹੋ ਗਏ ਸਨ, ਚਿਹਰੇ ਉਤੇ ਡੂੰਘੀਆਂ ਲਕੀਰਾਂ ਸਨ, ਪਰ ਜਦੋਂ ਇਹਨਾਂ ਦਰਾਂ ਵਿਚ ਦੁਨੀਰਮ ਵੜਿਆ, ਉਹਦਾ ਦਿਲ ਬਿਲਕੁਲ ਅਨ-ਬਦਲਿਆ ਸੀ, ਤੇ ਉਸ ਵਿਚ ਉਸ ਪ੍ਰੀਤ ਦਾ ਨਵਾਂ ਉਛਾਲਾ ਸੀ ਜਿਹੜੀ ਕਦੇ ਪੁਰਾਣੀ ਨਹੀਂ ਥੀਂਦੀ।

ਉਸ ਦ੍ਰਿੜ੍ਹਤਾ ਨੇ ਜਿਦ੍ਹੇ ਨਾਲ ਪਿਛਲੇ ਚਾਲੀ ਵਰ੍ਹਿਆਂ ਤੋਂ ਉਸ ਨੇ ਆਪਣੇ ਫ਼ਰਜ਼ ਦੇ ਖ਼ਿਆਲ ਨੂੰ ਨਿਭਾਇਆ ਸੀ, ਅਜ ਉਹਦੀ ਖ਼ੁਸ਼ੀ ਨੂੰ ਇਕ ਪਵਿਤ੍ਰ ਤੇ ਆਕਾਸ਼ੀ ਰੰਗਣ ਦੇ ਦਿਤੀ।

ਵਫ਼ਾਦਾਰ ਬੁੱਢਾ ਆਦਮੀ ਜਿਸਨੇ ਉਹ ਰਸਤਾ ਅਖ਼ਤਿਆਰ ਕੀਤਾ ਸੀ ਜਿਹੜਾ ਉਸ ਆਪਣੇ ਤੇ ਆਪਣੀ ਪ੍ਰਿਯ ਲਈ ਚੰਗਾ ਸਮਝਿਆ ਸੀ, ਅਜ ਸੱਠਾਂ ਵਰ੍ਹਿਆਂ ਦੀ ਉਮਰ ਵਿਚ ਬੱਚੇ ਵਾਂਗ ਪ੍ਰਸੰਨ ਹੋਣ ਦੀ ਸਮਰਥਾ ਰਖਦਾ ਸੀ।

ਉਹ ਇਸ ਗਲ ਨਾਲੋਂ ਬੜਾ ਉੱਚਾ ਸੀ, ਕਿ ਬੈਕੀ ਦੀ ਮਾਂ ਦੀ ਨੀਯਤ ਉਤੇ ਸ਼ਕ ਕਰੇ। ਬੈਕੀ ਦੀ ਮਾਂ ਨੇ ਠੀਕ ਕਈ ਬੇਰਹਿਮ ਗੱਲਾਂ ਆਖੀਆਂ ਸਨ, ਪਰ ਉਸ ਭੁਲਾ ਦਿਤੀਆਂ ਸਨ। ਗ਼ਰੀਬ, ਦਿਆਨਤਦਾਰ ਨੌਜਵਾਨ ਦੁਨੀਰਮ ਉਸ ਦਿਨ ਇਹ ਗਲ ਪਕੀ ਤਰਾਂ ਸਮਝ ਕੇ ਆਇਆ ਸੀ, ਕਿ ਉਹਦੀ ਪ੍ਰੀਤਮਾਂ ਦੀ ਮਾਂ ਉਹਦੀ ਵਿਰੋਧਨ ਸੀ, ਇਸ ਲਈ ਮਾਮਲਾ ਹਮੇਸ਼ਾ ਲਈ ਖ਼ਤਮ ਹੋ ਚੁਕਾ ਸੀ।

ਉਸ ਤੋਂ ਪਿਛੋਂ ਉਹ ਕਦੇ ਬੈਕੀ ਦੇ ਫੁੱਲਾਂ ਭਰੇ ਵਿਹੜੇ ਵਿਚ ਨਹੀਂ ਸੀ ਗਿਆ।

ਉਹ ਤੇ ਬੈਕੀ ਪੇਂਡੂ ਭਾਈਚਾਰੇ ਵਿਚ, ਏਨੇ ਵਰ੍ਹੇ ਹਿਤੂ ਵਾਕਫ਼ਾਂ ਵਾਂਗ ਮਿਲਦੇ ਰਹੇ ਸਨ।

ਦੁਨੀਰਮ ਜਦੋਂ ਬੈਕੀ ਨੂੰ ਆਪਣੇ ਵਾਂਗ ਬੁਢੀ ਹੁੰਦੀ ਜਾਂਦੀ ਵੇਖਦਾ ਸੀ, ਉਹ ਦਿਲ ਵਿਚ ਅਫ਼ਸੋਸ ਕਰਦਾ ਤੇ ਆਂਹਦਾ ਸੀ, ਕਿ ਇਸ ਇਸਤ੍ਰੀ ਨੇ ਉਹਦੇ ਪਾਸੇ ਨਾਲ ਲਗ ਕੇ ਕਦਮ-ਬ-ਕਦਮ ਬੁਢਿਆਂ ਹੋਣਾ ਸੀ। ਜਦੋਂ ਬੈਕੀ ਦਾ ਸਬਰ ਭਰਿਆ ਸੋਗੀ ਮੁਖੜਾ ਭਾਈਚਾਰਕ ਇਕੱਠਾਂ ਵਿਚ ਦੁਨੀਰਮ ਨੂੰ ਨਜ਼ਰੀ ਆਉਂਦਾ ਸੀ, ਉਹ ਲੁਕੀ ਤਾਂਘ ਨਾਲ ਵੇਖਦਾ ਰਹਿੰਦਾ ਸੀ, ਪਰ ਹੋਰ ਕਿਸੇ ਨੂੰ ਪਤਾ ਨਹੀਂ ਸੀ।

ਇਸਤ੍ਰੀ ਸਤਸੰਗ ਦੀ ਇਕੱਤ੍ਰਤਾ ਦੇ ਦਿਨ ਬਾਅਦ ਦੁਨੀਰਮ ਨੂੰ ਸਟੋਰ ਵਿਚ ਕੋਈ ਕੰਮ ਸੀ। ਵਾਪਸੀ ਉਤੇ ਉਹ ਬੈਕੀ ਦੀ ਮਾਸੀ ਦੇ ਘਰ ਕੋਲੋਂ ਲੰਘਿਆ ਤੇ ਉਹਦੇ ਮਨ ਵਿਚੋਂ ਸਵਾਲ ਉਠਿਆ, "ਪਤਾ ਨਹੀਂ, ਬੈਕੀ ਘਰ ਹੋਵੇ ਕਿ ਨਾ।" ਫੇਰ ਉਹ ਆਪਣੀ ਬੱਘੀ ਤ੍ਰਿੱਖੀ ਤੋਰੀ ਗਿਆ, ਤੇ ਉਹਦੇ ਮਨ ਵਿਚ ਇਕ ਇਰਾਦਾ ਦ੍ਰਿੜ੍ਹ ਹੋ ਰਿਹਾ ਸੀ।

ਕੋਈ ਚਾਰ ਵਜੇ ਦੇ ਨੇੜੇ ਉਹ ਵੀਟ ਦੇ ਘਰ ਵਲ ਜਾ ਰਿਹਾ ਸੀ।

ਉਸਨੇ ਆਪਣੇ ਚੰਗੇ ਕਪੜੇ ਪਾਏ ਹੋਏ ਸਨ। ਜਦੋਂ ਘਰ ਦੇ ਨੇੜੇ ਸੀ ਤਾਂ ਉਸਨੇ ਇਕ ਇਸਤ੍ਰੀ ਦੀ ਆਉਂਦੀ ਸੂਰਤ ਵੇਖੀ। ਉਸ ਪਛਾਣ ਲਿਆ ਕਿ ਉਹ ਬੇਕੀ ਸੀ। ਉਹ ਤੰਗ ਪਗਡੰਡੀ ਉਤੇ ਖਲੋ ਗਿਆ।

ਬੇਕੀ ਨੇ ਨੇੜੇ ਪੁਜ ਕੇ ਸ਼ੁਭ ਇਛਾਆਂ ਪ੍ਰਗਟ ਕੀਤੀਆਂ ਤੇ ਪੁਛਿਆ : "ਤੁਸੀ ਰਾਜ਼ੀ ਹੋ, ਮਿਸਟਰ ਟਾਮਸ ?"

"ਮੈਂ ਤੁਹਾਨੂੰ ਮਿਲਣ ਆ ਰਿਹਾ ਸਾਂ, ਬੇਕੀ।"

ਉਹ ਉਹਦੇ ਮੂੰਹ ਵਲ ਤੱਕਣ ਲਗ ਪਈ, ਤੇ ਉਹਦੇ ਚਿਹਰੇ ਦੀਆਂ ਪੁਰ-ਅਮਨ ਲਕੀਰਾਂ ਕੁਝ ਬਦਲ ਗਈਆਂ।

ਮੈਂ ਤੁਹਾਡੇ ਨਾਲ ਮੁੜ ਪੈਂਦੀ ਹਾਂ। ਮੈਂ ਮਾਂ ਜੀ ਵਲ ਜਾ ਰਹੀ ਸਾਂ – ਸਿਰਫ਼ – ਪਰ ਉਹਨਾਂ ਨੂੰ ਕੋਈ ਕਾਹਲ ਨਹੀਂ ਹੋਣੀ।"

"ਤੁਹਾਡੇ ਵਾਪਸ ਮੁੜਨ ਦੀ ਲੋੜ ਨਹੀਂ। ਮੈਂ ਜੋ ਕਹਿਣਾ ਹੈ, ਮੈਂ ਇਥੇ ਖੜੋਤਾ ਵੀ ਆਖ ਸਕਦਾ ਹਾਂ ਤੇ ਫੇਰ ਤੁਸੀ ਆਪਣੀ ਮਾਂ ਜੀ ਵਲ ਚਲੇ ਜਾਣਾ। ਬੇਕੀ, ਫ਼ਰਜ਼ ਕਰੋ, ਅਜ ਚਾਲ੍ਹੀ ਵਰ੍ਹੇ ਪਹਿਲੋਂ ਦਾ ਦਿਨ ਹੋਵੇ ਤੇ ਤੁਸੀ ਤੇ ਮੈਂ ਏਥੇ ਖੜੋਤੇ ਹੋਵੀਏ, ਤੁਹਾਡੀ ਮਾਂ ਰਜ਼ਾਮੰਦ ਹੋਵ੍ਹੇ, ਤਾਂ ਤੁਸੀ ਕੀ ਆਖੋਗੇ ਜੇ ਮੈਂ ਤੁਹਾਡਾ ਹੱਥ ਮੰਗਾਂ।"

ਵਡੇ ਵਡੇ ਹੰਝੂ ਬੇਕੀ ਦੀਆਂ ਅੱਖਾਂ ਵਿਚ ਭਰ ਖਲੋਤੇ।

"ਓ – ਦੁਨੀਰਮ ਇਹ ਇਨਸਾਫ਼ ਨਹੀਂ ਹੋਵੇਗਾ।"

"ਤੁਹਾਡਾ ਖ਼ਿਆਲ ਏ, ਤੁਹਾਡੀ ਮਾਤਾ ਜੀ ਨਹੀਂ ਮੰਨਣਗੇ ?"

"ਨਹੀਂ, ਹੁਣ ਉਹਨਾਂ ਦਾ ਖ਼ਿਆਲ ਪਹਿਲਾਂ ਵਰਗਾ ਨਹੀਂ, ਪਰ ਇਹ ਤੁਹਾਡੇ ਉਤੇ ਇਨਸਾਫ਼ ਨਹੀਂ ਹੋਵੇਗਾ। – ਮੈਂ ਸੱਠਾਂ ਵਰ੍ਹਿਆਂ ਦੀ ਹੋ ਗਈ ਹਾਂ।"

"ਏਨਾ ਹੀ ਬੇਕੀ ਮੈਂ ਹੋ ਗਿਆ ਹਾਂ"

ਉਸ ਸਿਰ ਫੇਰਿਆ। "ਨਹੀਂ, ਦੁਨੀਰਮ ਹੁਣ ਕੋਈ ਲਾਭ ਨਹੀਂ। ਕਦੇ ਇਹ ਹੋਰ ਗਲ ਸੀ। ਹੁਣ ਏਨੇ ਚਿਰ ਮਗਰੋਂ, ਜਦੋਂ

ਮੈਂ ਬੁੱਢੀ ਹੋ ਗਈ ਹਾਂ, ਤੇ ਮੁਕਦੀ ਪਈ ਜਾਂਦੀ ਹਾਂ – ਨਾਲੇ ਕਸੂਰ ਸਾਰਾ ਮੇਰੇ ਘਰ ਦਾ ਹੈ – ਮੈਂ ਏਡੀ ਕਮੀਨੀ ਨਹੀਂ ਹੋ ਸਕਦੀ ਕਿ ਤੁਹਾਡੀ ਏਡੀ ਕੁਰਬਾਨੀ ਮਨਜ਼ੂਰ ਕਰ ਲਵਾਂ। ਇਹ ਤੁਹਾਡੇ ਉਤੇ ਇਨਸਾਫ਼ ਨਹੀਂ ਹੋਵੇਗਾ।"

ਦੁਨੀਰਮ ਨੇ ਇਕ ਕਦਮ ਅਗੇ ਵਧਕੇ ਆਪਣੀ ਬੁੱਢੀ ਪ੍ਰਿਤਮਾ ਨੂੰ ਬਾਹਾਂ ਵਿਚ ਲੈ ਲਿਆ। "ਮੈਂ ਚਾਲੀ ਵਰ੍ਹੇ ਤੁਹਾਨੂੰ ਉਡੀਕਦਾ ਰਿਹਾ ਹਾਂ, ਬੌਕੀ, ਤੇ ਹੁਣ ਤੁਹਾਡੇ ਤੇ ਮੇਰੇ ਵਿਚਾਲੇ ਕੁਝ ਨਹੀਂ ਖੜੋ ਸਕਦਾ। – ਇਹ ਗਲ ਬਿਲਕੁਲ ਨਾ ਆਖੋ ਕਿ ਇਨਸਾਫ਼ ਨਹੀਂ ਹੋਵੇਗਾ।"

"ਤੁਹਾਨੂੰ ਪਤਾ ਹੋਵੇਗਾ ਕਿ ਮਾਂ ਜੀ ਨੂੰ ਆਪਣੇ ਨਾਲ ਰਖਣਾ ਪਵੇਗਾ।"

"ਮੈਂ ਉਹਨਾਂ ਨੂੰ ਪ੍ਰਸੰਨ ਰਖਣ ਲਈ ਜੋ ਹੋ ਸਕੇਗਾ, ਕਰਾਂਗਾ।"

ਘਾਅ ਤੇ ਫੁੱਲ ਪੌਣ ਨਾਲ ਸਰ ਸਰ ਕਰਦੇ ਸਨ, ਤੇ ਤਿਤ੍ਰੀਆਂ ਬੁੱਢੇ ਆਦਮੀ ਦੇ ਦੁਆਲੇ ਆਈਆਂ। ਉਹਦੀ ਪ੍ਰੀਤਮਾ ਕੋਲ ਖੜੋਤੀ ਸੀ। ਪੀਲੀਆਂ ਸਨ, ਲੋਹੇ ਰੰਗੀਆਂ ਸਨ, ਨੀਲੀਆਂ ਸਨ, ਤੇ ਕਦੇ ਇਕ ਸ਼ਾਨਾਂ ਭਰੀ ਮੋਟੀ ਜਿਹੀ ਨੀਲੇ ਟਿਮਕੜਿਆਂ ਵਾਲੀ ਆਪਣੇ ਕਾਲੇ ਮਖ਼ਮਲੀ ਖੰਭਾਂ ਉਤੇ ਘੂੰ ਘੂੰ ਕਰਦੀ ਆਉਂਦੀ ਸੀ। ਉਹਨੂੰ ਵੇਖ ਕੇ ਦੁਨੀਰਮ ਨੂੰ ਉਹ ਦਿਨ ਚੇਤੇ ਆਇਆ ਜਦੋਂ ਚਾਲੀ ਵਰ੍ਹੇ ਹੋਏ ਉਸ ਦੌੜ ਕੇ ਉਹੋ ਜਿਹੀ ਤਿਤ੍ਰੀ ਬੌਕੀ ਨੂੰ ਫੜਕੇ ਦਿਤੀ ਸੀ।

"ਕੀ, ਬੌਕੀ, ਤੁਹਾਡੇ ਲਈ ਇਹ ਤਿਤ੍ਰੀ ਫੜਕੇ ਲਿਆਵਾਂ ?"

"ਉਹ ਜਿਹੜੀ ਤੁਸਾਂ ਉਦੋਂ ਫੜਕੇ ਦਿਤੀ ਸੀ, ਮੇਰੇ ਕੋਲ ਸੰਭਾਲੀ ਪਈ ਹੈ।"

"ਓ – ਬੌਕਾ ਮੇਰੀ।"

"ਓ ਦਿਲ-ਆਰਾਮ ਮੇਰੇ।"

# ਪੁਰਾਣੀਆ ਦੀ ਥਾਂ ਨਵੀਆਂ ਜਿੰਦਾਂ

ਰੂਸ ਠੀਕ ਬੜਾ ਵਡਾ ਮੁਲਕ ਹੈ। ਇਸਨੂੰ ਰਕਬੇ ਦੀ ਵਡਿੱਤਣ ਤੇ ਆਬੋਹਵਾ ਦੀ ਸਖ਼ਤੀ ਕਰ ਕੇ ਕੋਈ ਜਿੱਤ ਨਹੀਂ ਸਕਿਆ, ਪਰ ਇਸ ਨੇ ਵੀ ਕਿਸੇ ਨਾਲ ਮੁਕਾਬਲਾ ਨਹੀਂ ਸੀ ਕੀਤਾ। ਨੈਪੋਲੀਅਨ ਭਾਵੇਂ ਰੂਸ ਵਿਚ ਜਾਕੇ ਰਹਿ ਨਹੀਂ ਸੀ ਸਕਿਆ, ਪਰ ਉਸਨੂੰ ਮਾਸਕੋ ਤਕ ਪਹੁੰਚਣੋ ਕੋਈ ਰੋਕ ਵੀ ਨਹੀਂ ਸੀ ਸਕਿਆ। ਜਾਪਾਨ ਅਜੇ ਕੋਈ ਵੱਡੀ ਤਾਕਤ ਨਹੀਂ ਸੀ ਬਣਿਆ, ਤਾਂ ਵੀ ਉਸ ਨੇ ਰੂਸ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਹਰਾ ਦਿੱਤਾ ਸੀ।

ਸਿਪਾਹੀਆਨਾ ਬਹਾਦਰੀ ਵਿਚ ਰੂਸ ਦਾ ਰੀਕਾਰਡ ਕਦੇ ਵੀ ਫ਼ਖ਼ਰ ਕਰਨ ਜੋਗਾ ਨਹੀਂ ਰਿਹਾ।

ਭੁਖ ਨੰਗ ਤੇ ਜਹਾਲਤ ਦੀ ਵੀ ਕਦੇ ਥੁੜ ਨਹੀਂ ਰਹੀ। ਅਜੇ ੨੫ ਵਰ੍ਹੇ ਦੀ ਗਲ ਹੈ ਕਿ ਉਥੇ ਅਨਪੜ੍ਹਤਾ ੯੦ ਫ਼ੀ ਸਦੀ ਸੀ। ਮਜ਼੍ਹਬੀ ਤਅੱਸਬਾਂ ਦੇ ਨੁਕਤੇ ਤੋਂ ਇਹ ਏਸ਼ੀਆ ਦੇ ਕਈ ਮੁਲਕਾਂ ਨੂੰ ਮਾਤ ਕਰਦਾ ਸੀ। ਰਾਸਪੂਤੀਨ ਵਰਗੇ ਮੁਜੱਸਮ ਸ਼ੈਤਾਨ ਸ਼ਾਹੀ ਖ਼ਾਨਦਾਨ ਦੇ ਪਾਦਰੀ ਸਨ ਤੇ ਸਾਰੀ ਕੌਮ ਨੂੰ ਉਂਗਲਾਂ ਤੇ ਨਚਾ ਸਕਦੇ ਸਨ।

ਸਨਅੱਤ ਦਾ ਇਹ ਹਾਲ ਸੀ, ਕਿ ਲਗ ਪਗ ੯੦ ਫ਼ੀ ਸਦੀ ਲੋਕ ਖੇਤੀ ਕਰਦੇ ਸਨ। ਹਰ ਮਸ਼ੀਨ ਬਾਹਰੋਂ ਮੰਗਾਈ ਜਾਂਦੀ ਸੀ। ਸਾਰੇ ਮੁਲਕ ਵਿਚ ਇਕ ਟਰੈਕਟਰ ਨਹੀਂ ਸੀ। ਸੀਊਣ ਵਾਲੀਆਂ ਤੇ ਹੋਰ ਲੋੜੀਂਦੀਆਂ ਨਿੱਕੀਆਂ ਵਡੀਆਂ ਮਸ਼ੀਨਾਂ ਬਾਹਰਲੇ ਮੁਲਕਾਂ ਵਿਚੋਂ

ਆਉਂਦੀਆਂ ਸਨ। ਅਧਿਓਂ ਬਹੁਤੇ ਲੋਕ ਸਰਦੀਆਂ ਵਿਚ ਵੀ ਜੁੱਤੀ ਨਹੀਂ ਸਨ ਪਾ ਸਕਦੇ। ਐਡਾ ਵਡਾ ਮੁਲਕ ਹੋਣ ਦੇ ਬਾਵਜੂਦ ਵੀ ਕਾਲ ਪੈ ਜਾਂਦੇ ਤੇ ਲੋਕ ਜਾਨਵਰਾਂ ਵਾਂਗ ਮਰ ਜਾਂਦੇ ਸਨ। ਹਰ ਸ਼ਹਿਰ ਵਿਚ ਵੇਸਵਾਆਂ ਨਾਲ ਬਾਜ਼ਾਰ ਭਰੇ ਹੋਏ ਹੁੰਦੇ ਸਨ। ਪੋਲੀਸ ਤੇ ਅਫ਼ਸਰਾਂ ਦਾ ਇੰਨਾ ਰੁਅਬ ਸੀ, ਕਿ ਜਿਸ ਦੇ ਘਰੋਂ ਜੋ ਕੁਝ ਕੋਈ ਅਫ਼ਸਰ ਲੈਣਾ ਚਾਹੇ, ਲੈ ਸਕਦਾ ਸੀ। ਛੇ ਛੇ ਫ਼ੁਟ ਕਦ ਹੋਣ ਦੇ ਬਾਵਜੂਦ ਵੀ ਲੋਕ ਬੁਜ਼ਦਿਲ ਸਨ। ਯੂਰਪ ਵਿਚ ਰੂਸ ਦਾ ਕੋਈ ਸਤਿਕਾਰ ਨਹੀਂ ਸੀ, ਇਹਨੂੰ ਯੂਰਪ ਦਾ "ਬੀਮਾਰ ਆਦਮੀ" ਆਖਿਆ ਜਾਂਦਾ ਸੀ।

ਪਿਛਲੀ ਲੜਾਈ ਵਿਚ ਪਹਿਲੇ ਪੰਜਾਂ ਮਹੀਨਿਆਂ ਵਿਚ ਹੀ ਰੂਸ ਦੇ ਕਈ ਲਖ ਆਦਮੀ ਮਾਰੇ ਤੇ ਕੈਦ ਹੋ ਗਏ ਸਨ, ਹਾਲਾਂਕਿ ਉਦੋਂ ਜਰਮਨੀ ਇਕੱਲਾ ਹਰ ਪਾਸੇ ਰੁੱਝਾ ਹੋਇਆ ਸੀ। ਉਦੋਂ ਮੁਲਕ ਵਿਚ ਹਰ ਤਰ੍ਹਾਂ ਦੀ ਨਾ ਇਤਫ਼ਾਕੀ ਸੀ।

ਅਜ ਇਕੱਲਾ ਰੂਸ ਸਾਰੇ ਯੂਰਪ ਦੀ ਤਾਕਤ ਨਾਲ ਡਟਿਆ ਖਲੋਤਾ ਹੈ। ਅਜ ਜਰਮਨੀ ਵੀ ਪਿਛਲੀ ਲੜਾਈ ਨਾਲੋਂ ਕਈ ਗੁਣਾਂ ਮਜ਼ਬੂਤ ਹੈ। ਹੋਰ ਕੋਈ ਫ਼ੌਜੀ ਤਾਕਤ ਜਰਮਨੀ ਦੀ ਟੱਕਰ ਚੰਗੀ ਤਰ੍ਹਾਂ ਸਹਾਰ ਨਹੀਂ ਸਕੀ।

ਅਜ ਰੂਸ ਵਿਚ ਕੋਈ ਅੰਦਰੂਨੀ ਨਾ-ਇਤਫ਼ਾਕੀ ਨਹੀਂ। ਰੂਸੀਆਂ ਨੇ ਲੈਨਿਨਗ੍ਰਾਡ ਤੇ ਸਟਾਲਿਨਗ੍ਰਾਡ ਵਿਚ ਜੋ ਕੁਝ ਕੀਤਾ ਹੈ, ਉਹ ਦੁਨੀਆ ਦੀ ਤਾਰੀਖ਼ ਵਿਚ ਕਿਤੇ ਨਹੀਂ ਲਭ ਸਕਦਾ। ਅਜ ਹਜ਼ਾਰਾਂ ਟ੍ਰੈਕਟਰ ਰੂਸ ਵਿਚ ਬਣਦੇ ਹਨ, ਅਨੇਕਾਂ ਭਾਰੀਆਂ ਮਸ਼ੀਨਾਂ ਦੇ ਕਾਰਖ਼ਾਨੇ ਹਨ।

ਸਾਰੇ ਰੂਸ ਵਿਚ ਇਕ ਵੇਸਵਾ ਵੀ ਨਹੀਂ, ਇਕ ਆਦਮੀ ਅਨਪੜ੍ਹ ਨਹੀਂ, ਇਕ ਵੀ ਬੇਰੁਜ਼ਗਾਰ ਨਹੀਂ। ਅਫ਼ਸਰਾਂ ਨਾਲੋਂ ਜਨਤਾ ਦਾ ਸ੍ਵੈ-ਸਨਮਾਨ ਘਟ ਨਹੀਂ। ਨਾ ਪ੍ਰੈਸ ਤੇ ਨਾ ਪਲੇਟ

ਫ਼ਾਰਮ ਉਤੇ ਕੋਈ ਪਾਬੰਦੀ ਹੈ। ਅਖ਼ਲਾਕ ਦਾ ਇਹ ਹਾਲ ਹੈ ਕਿ ਇੰਗਲਿਸਤਾਨ ਦਾ ਵੱਡਾ ਲਾਟ ਪਾਦਰੀ ਰੂਸ ਨੂੰ ਯੂਰਪ ਦਾ ਸਭ ਤੋਂ ਚੰਗੇ ਅਖ਼ਲਾਕ ਵਾਲਾ ਮੁਲਕ ਆਖਦਾ ਹੈ। ਉਥੇ ਇਸਤ੍ਰੀਆਂ ਮਰਦਾਂ ਦੇ ਹੱਕਾਂ ਵਿਚ ਫ਼ਰਕ ਨਹੀਂ ਰਿਹਾ। ਓਥੇ ਕੋਈ ਮਜ਼੍ਹਬੀ ਤਅੱਸਬ ਨਹੀਂ, ਕੋਈ ਪੰਜਵਾਂ ਕਾਲਮ ਨਹੀਂ। ਯੂਰਪ ਦਾ 'ਬੀਮਾਰ' ਅਜ ਦੁਨੀਆ ਦਾ ਤੰਦਰੁਸਤ ਆਦਮੀ ਸਮਝਿਆ ਜਾ ਰਿਹਾ ਹੈ। ਦੁਨੀਆ ਦੀ ਕੋਈ ਤਾਕਤ ਉਸਦਾ ਦੁਸ਼ਮਨ ਬਣਨਾ ਨਹੀਂ ਚਾਹੁੰਦੀ।

ਪਰ ਇਹ ਸਭ ਕੁਝ ਕਿਵੇਂ ਹੋ ਗਿਆ ? ਇਹ ਤਬਦੀਲੀ ਏਨੇ ਥੋੜੇ ਅਰਸੇ ਵਿਚ ਕੀਕਰ ਹੋ ਗਈ ? ਇਹ ਜਾਦੂਗਰੀ ਕਿਸੇ ਆਦਮੀ ਦੀ ਹੈ, ਜਾਂ ਕਿਸੇ ਅਸੂਲ ਦੀ ?

ਰੂਸ ਬਾਰੇ ਇਹ ਸਵਾਲ ਅੱਜ ਸਾਰੀ ਦੁਨੀਆ ਉੱਤੇ ਬਾਰ ਬਾਰ ਪੁਛੇ ਜਾ ਰਹੇ ਹਨ, ਖ਼ਾਸ ਕਰ ਉਨ੍ਹਾਂ ਮੁਲਕਾਂ ਵਿਚ ਜਿਥੇ ਇਸ ਵੇਲੇ ਜ਼ਾਰ (ਰੂਸ ਦਾ ਬਾਦਸ਼ਾਹ) ਦੇ ਰੂਸ ਵਰਗੀ ਸਿਥਲਥਾ ਦਰਿੱਦਰ ਤੇ ਗ਼ੁਲਾਮੀ ਦਾ ਰਾਜ ਹੈ ਤੇ ਲੋਕ ਨਵੇਂ ਦੌਰ ਨੂੰ ਅੱਡੀਆਂ ਚੁਕ ਚੁਕ ਕੇ ਵੇਖ ਰਹੇ ਹਨ।

ਇਨ੍ਹਾਂ ਸਵਾਲਾਂ ਦਾ ਜਵਾਬ ਆਪਣੀ ਲਾਇਬ੍ਰੇਰੀ ਵਿਚੋਂ ਪੁਰਾ-ਣੀਆਂ ਮੈਗਜ਼ੀਨਾਂ ਫੋਲਦਿਆਂ ੧੯੨੭ ਦੀ 'ਹੈਲਡੇਮੈਨ-ਜਿਉਲੀਅਸ-ਕੁਆਰਟਲੀ' ਦੇ ਇਕ ਪਰਚੇ ਵਿਚੋਂ ਮੈਨੂੰ ਲੱਭਾ ਹੈ। ਉਹ ਸੰਖੇਪ ਕਰਕੇ ਆਪਦੀ ਨਜ਼ਰ ਕਰਦਾ ਹਾਂ। ਇਸ ਮਜ਼ਮੂਨ ਦਾ ਸਿਰਲੇਖ "ਅਜ ਦੇ ਰੂਸ ਵਿਚ ਪੁਰਾਣੀਆਂ ਦੀ ਥਾਂ ਨਵੀਆਂ ਜਿੰਦਾਂ" ਹੈ। ਇਹ ਇਕ ਅਮ੍ਰੀਕਨ ਇਸਤ੍ਰੀ ਐਨਾ ਲੁਇਜ਼ੀ ਸਟਰਾਂਗ ਦੀ ਕਲਮ ਦੀ ਲਿਖਤ ਹੈ। ਐਨਾ ਅੱਖੀਂ ਵੇਖ ਕੇ ਲਿਖਦੀ ਹੈ :

ਹਰੇਕ ਕਾਮਯਾਬ ਇਨਕਲਾਬ ਵਿਚ ਕੁਝ ਜਮਾਤਾਂ ਉਤਾਂਹ ਉਠਦੀਆਂ ਤੇ ਕੁਝ ਹੇਠਾਂ ਜਾਂਦੀਆਂ ਹਨ। ਅੱਜ ਦੇ ਰੂਸ ਵਿਚ ਤਿੰਨ ਜਮਾਤਾਂ ਨੇ ਤਾਕਤ ਹਾਸਲ ਕੀਤੀ ਹੈ : ਕਿਸਾਨਾਂ ਦੀ ਨੌਜਵਾਨ

ਨਸਲ, ਸਨਅੱਤੀ ਮਜ਼ਦੂਰ, ਤੇ ਦੱਬੀਆਂ ਹੋਈਆਂ ਕੌਮਾਂ ਦੇ ਲੋਕ।... ਅਜ ਇਨ੍ਹਾਂ ਕੋਲ ਇਸ ਵੇਲੇ ਉਹ ਮੌਕੇ ਹਨ ਜਿਹੜੇ ਅਗੇ ਇਨ੍ਹਾਂ ਨੂੰ ਕਦੀ ਵੀ ਨਸੀਬ ਨਹੀਂ ਹੋਏ। ਇਨ੍ਹਾਂ ਮੌਕਿਆਂ ਵਿਚ ਇਹ ਨਾ ਸਿਰਫ਼ ਆਪਣੇ ਲਈ ਹੀ ਵਧੇਰੇ ਭਰਪੂਰ ਜੀਵਨ ਤਾਮੀਰ ਕਰ ਰਹੇ ਹਨ; ਸਗੋਂ ਇਕ ਨਵਾਂ ਲੋਕ-ਰਾਜ ਬਣਾ ਰਹੇ ਹਨ, ਜਿਹੜਾ ਇਹੋ ਜਿਹੀ ਤਕੜੀ ਇਕ ਕੌਮ ਹੋਵੇਗਾ ਕਿ ਪੁਰਾਣੇ ਰੂਸ ਵਿਚੋਂ ਉਸ ਦੀ ਕੋਈ ਮਿਸਾਲ ਨਹੀਂ ਲੱਭ ਸਕੇਗੀ।

ਜ਼ਾਰ ਤੇ ਉਸ ਦੇ ਸਾਰੇ ਅਹਿਲਕਾਰਾਂ ਦਾ ਦਬਾਓ ਏਡਾ ਮਾਰੂ ਨਹੀਂ ਸੀ ਜੇਡਾ ਬੁਢਿਆਂ ਦਾ ਰਾਜ। ਅਜ ਰੂਸ ਦੇ ਨੌਜਵਾਨ ਕਿਸਾਨਾਂ ਨੇ ਇਹ ਬੁਢਾਪੇ ਦਾ ਰਾਜ ਤੋੜ ਦਿਤਾ ਹੈ, ਤੇ ਜਿਹੜਾ ਸਾਹਸ ਤੇ ਬਲ ਅੱਜ ਪਿੰਡਾਂ ਦੇ ਜੀਵਨ ਵਿਚ, ਸਕੂਲਾਂ ਵਿਚ, ਡਰਾਮੇ ਦੀਆਂ ਕਲੱਬਾਂ ਤੇ ਚੰਗੇ ਖੇਤਾਂ ਵਿਚ ਨੱਚਦਾ ਉਛਲਦਾ ਵਿਖਾਈ ਦੇਂਦਾ ਹੈ, ਉਹ ਹੈਰਾਨ ਕਰਨ ਵਾਲਾ ਹੈ।

ਅਜ ਮਾਸਕੋ ਵਿਚ ਸਾਰੇ ਮੁਲਕ ਉੱਤੇ ਖਿਲਰੀਆਂ ਕੌਮਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਚਾਲੀ ਜ਼ਬਾਨਾਂ ਤੋਂ ਵੀ ਵਧੀਕ ਵਿਚ ਕਿਤਾਬਾਂ ਛਾਪੀਆਂ ਜਾ ਰਹੀਆਂ ਹਨ। ਮਾਸਕੋ ਤੋਂ ਬਹੁਤ ਦੂਰ ਵੀ ਕਈ ਇਲਾਕੇ ਹਨ, ਜਿਨ੍ਹਾਂ ਵਿਚ ਏਥੋਂ ਕਿਤਾਬਾਂ ਨਹੀਂ ਭੇਜੀਆਂ ਜਾ ਸਕਦੀਆਂ। ਵੀਹ ਹੋਰ ਜ਼ਬਾਨਾਂ ਵਿਚ ਕਿਤਾਬਾਂ ਸਥਾਨਕ ਛਾਪੇ ਖ਼ਾਨਿਆਂ ਵਿਚ ਛਪਦੀਆਂ ਤੇ ਸਕੂਲਾਂ ਵਿਚ ਵਰਤੀਆਂ ਜਾਂਦੀਆਂ ਹਨ। ਕਈ ਜ਼ਬਾਨਾਂ ਨੂੰ ਸਿਰਫ਼ ਇਨਕਲਾਬ ਦੇ ਬਾਅਦ ਲਿਖਤੀ ਅੱਖਰਾਂ ਦੀ ਸ਼ਕਲ ਦਿਤੀ ਗਈ ਹੈ।

ਇਸ ਵੇਲੇ ਸੋਵੀਅਟ ਰੀਪਬਲਿਕ ਵਿਚ ਕੋਈ ਸੱਠ ਕੌਮਾਂ ਸ਼ਾਮਲ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦੇ ਨਾਂ ਦੁਨੀਆ ਨੇ ਸੁਣੇ ਤਕ ਨਹੀਂ। ਇਨ੍ਹਾਂ ਸਭਨਾਂ ਲਈ ਇਨਕਲਾਬ ਨੇ ਬਰਾਬਰੀ ਲਿਆਂਦੀ ਹੈ, ਸਾਰੇ ਅਜ ਸੋਵੀਅਟ ਰੀਪਬਲਿਕ ਦੇ "ਸ਼ਹਿਰਦਾਰ" ਹਨ। ਜਿਹੜੇ

ਕਬੀਲਿਆਂ ਤੇ ਫ਼ਿਰਕਿਆਂ ਨੂੰ ਹਿਕਾਰਤ ਕੀਤੀ ਜਾਂਦੀ ਤੇ ਜਿਨ੍ਹਾਂ ਨੂੰ ਧੋਖਾ ਦੇ ਕੇ ਵਰਤਿਆ ਜਾਂਦਾ ਸੀ, ਉਨ੍ਹਾਂ ਨੂੰ ਸਹਾਇਤਾ ਦਿਤੀ ਜਾਂਦੀ ਹੈ ਕਿ ਉਹ ਆਪਣੀ ਜ਼ਬਾਨ ਨੂੰ ਉੱਨਤੀ ਦੇਣ ਤੇ ਪੜ੍ਹਾਈ ਲਈ ਸਕੂਲ ਜਾਰੀ ਕਰਨ, ਸਾਂਝੇ ਸਟੋਰ ਖੋਹਲਣ। ਸੋਵੀਅਟ ਸਮੇਲਨ ਨੇ ਕੌਮਾਂ ਦੇ ਇਤਿਹਾਦ ਦਾ ਨਵਾਂ ਤਰੀਕਾ ਵਰਤੋਂ ਵਿਚ ਆਂਦਾ ਹੈ :

— ਸਭਿਅਤਾ ਦੀ ਅੱਡਤਾ ਨੂੰ ਆਰਥਕ ਏਕਤਾ ਵਿਚ ਪ੍ਰੋਣਾ —

The meth of economic unity with cultural Diversity.

ਇਕ ਕਿਸਾਨ-ਸੈਨੇਟੋਰੀਅਮ ਮੈਂ ਵੇਖ ਰਹੀ ਸਾਂ, ਕੁਝ ਇਕ ਬੀਮਾਰ ਕਿਸਾਨ ਇਕੱਠੇ ਹੋਏ ਆਪੋ ਆਪਣੀਆਂ ਥਾਵਾਂ ਦੇ ਫ਼ਾਸਲੇ ਦਾ ਮੁਕਾਬਲਾ ਕਰ ਰਹੇ ਸਨ। ਇਕ ਲੰਮਾ ਜਿਹਾ ਆਦਮੀ ਦਸ ਰਿਹਾ ਸੀ ਕਿ ਉਸ ਦਾ ਪਿੰਡ ਰੇਲ ਦੇ ਸਟੇਸ਼ਨ ਕੋਲੋਂ ੯੦ ਮੀਲ ਦੂਰ ਹੈ, ਤੇ ਕਈ ਦਲਦਲਾਂ ਵਿਚੋਂ ਤੇ ਪੁਲਾਂ ਉੱਤੋਂ ਲੰਘ ਕੇ ਉਹ ਆਇਆ ਸੀ। ਇਹਨੂੰ ਸੁਣ ਕੇ ਇਕ ਇਸਤ੍ਰੀ ਨੇ ਆਪਣਾ ਹਾਲ ਦਸਿਆ ਕਿ ਉਸ ਦੀ ਥਾਂ ਤੋਂ ਰੇਲ ਦੇ ਸਟੇਸ਼ਨ ਉੱਤੇ ਪਹੁੰਚਣ ਲਈ ੨੯ ਦਿਨ ਲਗਦੇ ਹਨ। ਕਈ ਥਾਵਾਂ ਤੋਂ ਬੇੜੀ ਰਾਹੀਂ ਆਇਆ ਜਾਂਦਾ ਹੈ।

ਕਈਆਂ ਨੂੰ ਇਹ ਫ਼ਾਸਲਾ ਬੜਾ ਦੂਰ ਜਾਪਿਆ, ਪਰ ਇਕ ਛੁਪ ਕੁ ਵਰ੍ਹਿਆਂ ਦੀ ਇਸਤ੍ਰੀ ਮੁਸਕਰਾ ਕੇ ਬੋਲੀ, ਕਿ ਜਿਥੋਂ ਇਹ ਆਈ ਹੈ, ਉਸ ਤੋਂ ਪੰਦਰਾਂ ਸੌ ਵਰਸਟ (ਅੱਧਾ ਕੋਹ) ਪਰੇ ਮੇਰਾ ਪਿੰਡ ਹੈ। ਛੇ ਹਜ਼ਾਰ ਵਰਸਟ ਚਲ ਕੇ ਮੈਂ ਰੇਲ ਦੇ ਸਟੇਸ਼ਨ ਤੇ ਪਹੁੰਚੀ ਸਾਂ, ਪਹਿਲੋਂ ਇਕ ਬੇੜੀ ਰਾਹੀਂ, ਫੇਰ ਘੋੜੇ ਉੱਤੇ, ਫੇਰ ਇਕ ਛੋਟੇ ਜਿਹੇ ਜਹਾਜ਼ ਉੱਤੇ, ਜਿਸ ਵਿਚ ਮੈਨੂੰ ਪੰਦਰਾਂ ਦਿਨ ਲਗੇ। ਉਸ ਤੋਂ ਬਾਅਦ ਫੇਰ ਛੋਟੀ ਕਿਸ਼ਤੀ ਵਿਚ, ਫੇਰ ਉੱਚੇ ਪਹਾੜਾਂ ਤੋਂ ਘੋੜੇ ਉਤੇ ਚੜ੍ਹ ਕੇ ਛੇ ਦਿਨ ਪੈਦਲ, ਪੂਰੇ ਬਤਾਲੀ ਦਿਨਾਂ ਵਿਚ ਮੈਂ ਰੇਲ ਦੇ

ਸਟੇਸ਼ਨ ਤਕ ਪਹੁੰਚੀ ਸਾਂ ।

ਇਸ ਇਸਤ੍ਰੀ ਨੇ ਸਾਰੇ ਸ੍ਰੋਤਿਆਂ ਦਾ ਧਿਆਨ ਕਾਬੂ ਕਰ ਲਿਆ ।

"ਅਸੀ ਯਾਕੂਤਾਂ ਨਾਲੋਂ ਵੀ ਪਰੇਰੇ ਉੱਤਰ ਵਿਚ ਰਹਿੰਦੇ ਹਾਂ । ਅਸੀ ਕਿਸਾਨ ਨਹੀਂ, ਮਜ਼ਦੂਰ ਹਾਂ, ਅਸੀ ਹਲ ਨਹੀਂ ਵਾਂਹਦੇ ਨਾ ਕਟਾਈ ਕਰਦੇ ਹਾਂ, ਅਸੀ ਸ਼ਿਕਾਰ ਤੇ ਮੱਛੀਆਂ ਫੜਦੇ ਹਾਂ" ਇਸਤ੍ਰੀ ਦੇ ਚਿਹਰੇ ਵਿਚ ਫ਼ਖ਼ਰ ਦੀ ਝਲਕ ਸੀ, ਕਿਉਂਕਿ ਅਜ ਰੂਸ ਵਿਚ ਮਜ਼ਦੂਰ ਆਪਣੇ ਆਪ ਨੂੰ ਸਭ ਤੋਂ ਵਧੀਆ ਸਮਝਦਾ ਹੈ । ਤੇ ਉਸ ਨੇ ਬੜੇ ਗੌਰਵ ਨਾਲ ਆਖਿਆ : "ਸਾਡੀਆਂ ਇਸਤ੍ਰੀਆਂ ਕਦੇ ਵੀ ਮਰਦਾਂ ਦੀਆਂ ਦਾਸੀਆਂ ਨਹੀਂ ਸਨ । ਜੇ ਆਦਮੀ ਮੱਛੀਆਂ ਫੜਦਾ ਹੈ, ਤਾਂ ਇਸਤ੍ਰੀ ਵੀ ਫੜਦੀ ਹੈ – ਸਾਡੀਆਂ ਇਸਤ੍ਰੀਆਂ ਹਮੇਸ਼ਾਂ ਸੁਤੰਤ੍ਰ ਸਨ, ਅਸੀ ਘਰ ਨਹੀਂ ਉਸਾਰਦੇ, ਅਸੀ ਤੰਬੂਆਂ ਵਿਚ ਰਹਿੰਦੇ ਹਾਂ ਤੇ ਤੰਬੂਆਂ ਨੂੰ ਖੱਲਾਂ ਦਾ ਅੰਦਰਸ ਲਾਂਦੇ ਹਾਂ – ਓ – ਓ – ਐਡਾ ਨਰਮ, ਨਿਘਾ ਤੇ ਪਿਆਰਾ ਘਰ ।"

ਇਹ ਸੈਨੀਟੋਰੀਮ ਜ਼ਾਰ ਦੇ ਹੁਨਾਲੇ ਦੇ ਮਹਿਲ ਵਿਚ ਖੋਹਲਿਆ ਗਿਆ ਸੀ ਤੇ ਉਹ ਇਸਤ੍ਰੀ ਜ਼ਾਰ ਦੇ ਸੰਗਮਰਮਰ ਦੇ ਫ਼ਰਸ਼ ਨੂੰ ਬੜੀ ਨੁਕਤਾ ਚੀਨੀ ਨਾਲ ਵੇਖ ਰਹੀ ਸੀ । ਉਹ ਸਮਝਦੀ ਸੀ, ਜ਼ਾਰ ਦੇ ਸ਼ਾਨਦਾਰ ਮਹਿਲ ਵਿਚ ਉਹਦੇ ਤੰਬੂ-ਘਰ ਵਰਗੀ ਨਾ ਕੋਮਲਤਾ ਸੀ ਤੇ ਨਾ ਨਿੱਘ । ਇਸ ਇਸਤ੍ਰੀ ਦਾ ਨਾਂ ਐਲਿਜ਼ਵੇਟਾ ਸੀ ।

"ਜਦੋਂ ਸ਼ਿਕਾਰ ਦੀ ਰੁਤ ਮੁਕ ਜਾਂਦੀ ਹੈ, ਅਸੀ ਕੂਚ ਕਰ ਦੇਂਦੇ ਹਾਂ । ਸਾਡੇ ਬਾਰਾਂਸਿੰਙੇ ਹਵਾਈ ਜਹਾਜ਼ ਵਾਂਗ ਤੇਜ਼ ਹੁੰਦੇ ਹਨ ਤੁਰਨ ਲਗਿਆਂ ਅਸੀ ਕੋਈ ਕਾਠੀ ਬਾਰਾਂਸਿੰਙੇ ਤੇ ਨਹੀਂ ਪਾਂਦੇ – ਬਸ ਜ਼ਰਾ ਜਿੰਨੀ ਥਪਕੀ ਉਸ ਦੀ ਧੌਣ ਉਤੇ ਤੇ – ਪੁਫ਼ – ਹਨੇਰੀ ਵਾਂਗ – ਦੁਨੀਆ ਸਾਰੀ ਨੂੰ ਪੋਸਤੀਨਾਂ ਅਸੀ ਘਲਦੇ ਹਾਂ – ਜਰਮਨੀ ਨੂੰ, ਇੰਗਲਿਸਤਾਨ ਨੂੰ, ਤੁਹਾਡੇ ਅਮਰੀਕਾ ਨੂੰ । ਤੁਸੀ ਉਨ੍ਹਾਂ ਨੂੰ ਬੜਾ ਕੀਮਤੀ

ਸਮਝਦੇ ਹੋ – ਬੜਾ ਮੁਲ ਦੇਂਦੇ ਹੋ – ਪਰ ਸਾਡੇ ਲਈ ਉਹ ਕੁਝ ਵੀ ਨਹੀਂ। ਅਸੀ ਇਕ ਚਾਹ ਦੇ ਪਿਆਲੇ ਬਦਲੇ ਦੇ ਦੇਂਦੇ ਹਾਂ'' – ਤੇ ਉਹਦੀਆਂ ਅੱਖਾਂ ਵਿਚ ਚਮਕ ਸੀ।

''ਇਸ ਤਰ੍ਹਾਂ ਪਿਛਲੇ ਦਿਨਾਂ ਵਿਚ ਉਹ ਸਾਨੂੰ ਠਗਦੇ ਸਨ। ਸਾਡੇ ਲੋਕ ਕ੍ਰਿਪਾ-ਭਰੇ ਤੇ ਮਹਿਮਾਨ ਨਿਵਾਜ਼ ਹਨ। ਜੇ ਤੁਸੀ ਦੋਸਤੀ ਵਿਚ ਉਨ੍ਹਾਂ ਨੂੰ ਇਕ ਚਾਹ ਦਾ ਪਿਆਲਾ ਦਿਓ, ਤਾਂ ਉਹ ਦੂਜੇ ਦਿਨ ਤੁਹਾਨੂੰ ਜ਼ਰੂਰ ਕੋਈ ਤੁਹਫ਼ਾ ਦੇਣ ਆਉਣਗੇ। ਉਹ ਇਸ ਗਲ ਨੂੰ ਬੜੀ ਵਡੀ ਸ਼ਰਮ ਸਮਝਦੇ ਹਨ ਕਿ ਜਿੰਨਾਂ ਲਿਆ ਜਾਏ, ਉਸ ਨਾਲੋਂ ਵਧ ਮੋੜਿਆ ਨਾ ਜਾਏ। ਜ਼ਾਰ ਦੇ ਸੁਦਾਗਰ ਸਾਡੇ ਵਿਚ ਆ ਕੇ ਸਾਡੇ ਲੋਕਾਂ ਨੂੰ ਸ਼ਰਾਬ ਦੀਆਂ ਪਾਰਟੀਆਂ ਦੇਂਦੇ ਸਨ। ਦੂਜੇ ਦਿਨ ਅਸੀ ਲੋਕ ਪੋਸਤੀਨਾਂ ਦਾ ਗੱਡਾ ਭਰ ਕੇ ਉਨ੍ਹਾਂ ਨੂੰ ਭੇਟ ਕਰ ਆਉਂਦੇ ਸਾਂ। ਉਹ ਸਾਨੂੰ ਠਗਦੇ ਸਨ ਤੇ ਫੇਰ ਨਫ਼ਰਤ ਕਰਦੇ ਸਨ। ਉਹ ਬੜੇ ਭੈੜੇ ਦਿਨ ਸਨ – ਮੈਂ ਸਾਰੀ ਉਮਰ ਬੂਰਯਵਾ (ਤਜਾਰਤੀ ਜਮਾਤ) ਨੂੰ ਨਫ਼ਰਤ ਕਰਦੀ ਰਹੀ ਹਾਂ।

''ਜ਼ਾਰ ਦੇ ਮਸ਼ਹੂਰ ਬਾਗ਼ਾਂ ਵਿਚ ਮੈਂ ਐਲਿਜ਼ਵੇਟਾ ਨਾਲ ਕਈ ਦਿਨ ਸੈਰ ਕੀਤੀ। ਐਲਿਜ਼ਵੇਟਾ ਦੇ ਮਾਪੇ ਜੰਮਦਿਆਂ ਹੀ ਮਰ ਗਏ ਸਨ ਤੇ ਉਸ ਨੂੰ ਇਕ ਯਾਕੂਤ ਟੱਬਰ ਨੇ ਪਾਲਿਆ ਸੀ, ਇਸ ਟੱਬਰ ਵਿਚ ਇਹ ਛੇ ਵਰ੍ਹੇ ਰਹੀ ਸੀ।

''ਜਦੋਂ ਮੈਂ ਹੋਸ਼ ਸੰਭਲੀ, ਮੈਨੂੰ ਪਤਾ ਲਗਾ, ਇਹ ਮੇਰੇ ਮਾਪੇ ਨਹੀਂ ਸਨ, ਬੁੱਢਾ ਯਾਕੂਤ ਮਰ ਗਿਆ, ਉਹਦੀ ਵਹੁਟੀ ਮੈਨੂੰ ਪਸੰਦ ਨਹੀਂ ਸੀ ਕਰਦੀ। ਮੈਂ ਉਹਦੇ ਘਰੋਂ ਨੱਸ ਕੇ ਇਕ ਪਾਦਰੀ ਕੋਲ ਚਲੀ ਗਈ। ਚਾਰ ਵਰ੍ਹੇ ਮੈਂ ਇਸ ਪਾਦਰੀ ਕੋਲ ਰਹੀ, ਉਸ ਮੈਨੂੰ ਈਸਾਈ ਬਣਾਨ ਦਾ ਜਤਨ ਕੀਤਾ। ਉਹ ਮੈਨੂੰ ਕਈ ਮੁਤਬੱਰਕ ਤਸਵੀਰਾਂ ਕਮਰੇ ਵਿਚ ਟੰਗੀਆਂ ਵਿਖਾ ਕੇ ਕਹਿੰਦਾ ਹੁੰਦਾ ਸੀ 'ਰੋਟੀ ਤਾਂ ਮਿਲੇਗੀ, ਜੇ ਇਨ੍ਹਾਂ ਅਗੇ ਪ੍ਰਾਰਥਨਾ ਕਰੇਂਗੀ'। ਉਹ ਖੰਡਣ

ਲਈ ਚੰਗੀਆਂ ਸਨ – ਜੇ ਉਹ ਖੇਡਣ ਵਾਸਤੇ ਮੈਨੂੰ ਮਿਲ ਜਾਂਦੀਆਂ ਤਾਂ ਮੈਂ ਬੜੀ ਖ਼ੁਸ਼ ਹੁੰਦੀ, ਪਰ ਮੈਂ ਉਨ੍ਹਾਂ ਛੋਟੀਆਂ ਮੂਰਤਾਂ ਅਗੇ ਕਿਉਂ ਮੱਥੇ ਟੇਕਦੀ ?

"ਤਦ ਲੋਕ ਆਖਣ ਲਗ ਪਏ – 'ਇਹ ਨਾਸਤਕ ਹੈ – ਇਹਨੂੰ ਬਪਤਸਮਾ ਦਿਓ – ਸ਼ਾਇਦ ਫੇਰ ਇਹ ਪ੍ਰਾਰਥਨਾ ਕਰਨ ਲਗ ਪਏਗੀ' ਪਾਦਰੀ ਦੇ ਦੋ ਬੱਚੇ ਪੰਜ ਤੇ ਛੇ ਸਾਲ ਦੇ ਸਨ ਤੇ ਉਹ ਬੜੀ ਚੰਗੀ ਪ੍ਰਾਰਥਨਾ ਕਰਦੇ ਸਨ, ਮੈਂ ਅਠਾਂ ਵਰ੍ਹਿਆਂ ਦੀ ਵੀ ਪ੍ਰਾਰਥਨਾ ਨਹੀਂ ਸਾਂ ਕਰ ਸਕਦੀ – ਇਹ ਬੜੀ ਸ਼ਰਮਨਾਕ ਗਲ ਹੈ, ਉਹ ਆਂਹਦੇ ਸਨ : 'ਇਸ ਐਤਵਾਰ ਤੈਨੂੰ ਬਪਤਸਮਾ ਦਿਆਂਗੇ' ਮੈਨੂੰ ਪਤਾ ਨਹੀਂ ਸੀ, ਇਹ ਕੀ ਹੁੰਦਾ ਹੈ – ਮੈਂ ਸਮਝਿਆ ਕੋਈ ਸਜ਼ਾ ਹੋਵੇਗੀ।

"ਕਈ ਲੋਕ ਚਿੱਟੇ ਕਪੜੇ ਪ੍ਰਾਈ ਖਲੋਤੇ ਸਨ, ਕਈ ਮੋਮ ਬੱਤੀਆਂ ਬਲ ਰਹੀਆਂ ਸਨ ਤੇ ਇਕ ਪਾਣੀ ਦਾ ਭਰਿਆ ਹੋਇਆ ਵਡਾ ਸਾਰਾ ਕੁੰਡ ਸੀ, ਭਜਨ ਪੜ੍ਹੇ ਜਾ ਰਹੇ ਸਨ। ਮੈਨੂੰ ਖ਼ਿਆਲ ਸੀ ਕਿ ਉਹ ਹੁਣ ਮੈਨੂੰ ਮਾਰ ਦੇਣਗੇ। ਮੈਂ ਅਠਾਂ ਵਰ੍ਹਿਆਂ ਦੀ ਵਡੀ ਸਾਰੀ ਕੁੜੀ ਸਾਂ, ਬੱਚਿਆਂ ਵਾਂਗ ਸਾਰੀ ਪਾਣੀ ਵਿਚ ਡੋਬੀ ਨਹੀਂ ਸਾਂ ਜਾ ਸਕਦੀ। ਇਸ ਲਈ ਉਨ੍ਹਾਂ ਮੈਨੂੰ ਚੁਕ ਕੇ ਮੇਰਾ ਸਿਰ ਹੇਠਾਂ ਤੇ ਲੱਤਾਂ ਉਤਾਂਹ ਕਰ ਦਿਤੀਆਂ ਤੇ ਮੇਰਾ ਸਿਰ ਪਾਣੀ ਵਿਚ ਡੋਬਣਾ ਚਾਹਿਆ। ਮੈਂ ਚੀਕਾਂ ਤੇ ਲੱਤਾਂ ਮਾਰੀਆਂ, ਪਾਦਰੀ ਰੋ ਕੇ ਕਹਿਣ ਲਗਾ ਕਿ ਇਹਦੇ ਅੰਦਰ ਸ਼ੈਤਾਨ ਵੜਿਆ ਹੋਇਆ ਹੈ। ਪਰ ਉਹ ਮੇਰਾ ਸਿਰ ਪਾਣੀ ਵਿਚ ਡੋਬ ਨਾ ਹੀ ਸਕੇ – ਫੇਰ ਮੇਰੀ ਧਰਮ-ਮਾਤਾ ਨੇ ਮੈਨੂੰ ਵਿਚੋਂ ਕਢ ਲਿਆ ਤੇ ਕੁੰਡ ਦੇ ਦੁਆਲੇ ਭੁਆਇਆ ਤੇ ਮੇਰਾ ਨਾਂ ਐਲਿਜ਼ਬੇਟਾ ਰਖਿਆ।

"ਇਸ ਦੇ ਬਾਅਦ ਵੀ ਮੈਂ ਪ੍ਰਾਰਥਨਾ ਨਾ ਕੀਤੀ। ਮੈਂ ਦੋ ਵਰ੍ਹੇ ਹੋਰ ਪਾਦਰੀ ਦੇ ਘਰ ਰਹੀ। ਉਹਦੀ ਵਹੁਟੀ ਮੈਨੂੰ ਪਲੇਟਾਂ ਧੋਣ ਲਈ

ਦਿਆ ਕਰਦੀ ਸੀ, ਮੈਂ ਬਹੁਤ ਸਾਰੀਆਂ ਤੋੜ ਛਡਿਆ ਕਰਦੀ ਸਾਂ, ਉਹ ਮੈਨੂੰ ਨਫ਼ਰਤ ਕਰਨ ਲਗ ਪਈ, ਉਹ ਮੈਨੂੰ ਮਾਰਦੀ ਸੀ, ਮੈਂ ਇਕ ਹੁਨਾਲੇ ਦੀ ਰਾਤੇ ਘਰੋਂ ਨਸ ਗਈ ਤੇ ਇਕ ਬਾਜ਼ਾਰ ਵਿਚ ਬੈਂਚ ਉਤੇ ਸੌਂ ਰਹੀ, ਪੋਲੀਸ ਨੇ ਪਤਾ ਪੁਛਿਆ – ਮੈਂ ਦਸਿਆ ਕੋਈ ਨਾ – ਉਨ੍ਹਾਂ ਢੂੰਡ ਕੇ ਲਭ ਲਿਆ – ਮੈਂ ਆਖਿਆ, ਮੈਂ ਮਰ ਜਾਵਾਂਗੀ – ਵਾਪਸ ਨਹੀਂ ਜਾਣਾ। ਮੋਟੇ ਪੋਲੀਸ ਕਪਤਾਨ ਨੇ ਮੈਨੂੰ ਗਲ ਨਾਲ ਲਾਇਆ, ਮੈਂ ਆਖਿਆ, ਮੈਂ ਉਹਦੇ ਨਾਲ ਜਾਵਾਂਗੀ– ਪਰ ਉਹ ਮੰਨਿਆਂ ਨਾ, ਕਹਿਣ ਲਗਾ, ਨਿਕੀਏ ਕਬੂਤਰੀਏ, ਮੇਰੇ ਘਰ ਅਗੇ ਹੀ ਅੱਧੀ ਦਰਜਨ ਨੇ।''

''ਪੁਲੀਸ ਨੇ ਇਸ਼ਤਿਹਾਰ ਦਿਤਾ ਕਿ ਕੋਈ ਮੈਨੂੰ ਰਖ ਲਵੇ। ਇਕ ਜਰਮਨ ਉਸਤਾਦਨੀ ਆਈ, 'ਮੈਂ ਤੈਨੂੰ ਵਖਰਾ ਬਿਸਤਰਾ ਦਿਆਂਗੀ......' ਮੈਨੂੰ ਉਹ ਬੜੀ ਚੰਗੀ ਲਗੀ। ਉਹ ਮਾਪਿਆਂ ਨਾਲੋਂ ਵੀ ਚੰਗੀ ਸੀ। ਆਪਣੇ ਬੱਚਿਆਂ ਵਰਗੇ ਕਪੜੇ ਮੈਨੂੰ ਪੁਆਂਦੀ ਸੀ– ਉਨ੍ਹਾਂ ਨਾਲ ਹੀ ਨੁਹਾਂਦੀ ਸੀ।''

ਇਹ ਬਰਾਬਰੀ ਦਾ ਸਲੂਕ ਅਲਿਜ਼ਵੇਟਾ ਦੀ ਜ਼ਿੰਦਗੀ ਵਿਚ ਪਹਿਲਾ ਸੀ। ਪਰ ਉਸ ਦੇ ਅੰਦਰ ਪਹਿਲੇ ਤਜਰਬਿਆਂ ਨੇ ਕਈ ਸ਼ਕ ਪੈਦਾ ਕਰ ਦਿਤੇ ਸਨ। ਜਦੋਂ ਉਹਦੀ ਧਰਮ-ਮਾਂ ਵਾਪਸ ਜਰਮਨੀ ਜਾਣ ਲਗੀ ਤਾਂ ਉਹ ਉਹਦੇ ਨਾਲ ਜਾਣ ਨੂੰ ਤਿਆਰ ਨਾ ਹੋਈ। ਉਹਨੇ ਸੁਣਿਆ ਹੋਇਆ ਸੀ ਕਿ ਜਰਮਨ ਲੋਕ ਚੰਗੇ ਨਹੀਂ ਹੁੰਦੇ।

ਪਰ ਹੁਣ ਅਲਿਜ਼ਵੇਟਾ ਦੀ ਉਮਰ ਚੌਦਾਂ ਸਾਲਾਂ ਦੀ ਹੋ ਗਈ ਸੀ। ਉਹ ਆਪਣੇ ਗੁਜ਼ਾਰੇ ਲਈ ਕੰਮ ਕਰ ਸਕਦੀ ਸੀ। ਜਰਮਨ ਇਸਤ੍ਰੀ ਨੇ ਉਸ ਨੂੰ ਇਕ ਰੂਸੀ ਟੱਬਰ ਵਿਚ ਕੰਮ ਲੈ ਦਿਤਾ। ਉਸ ਤੋਂ ਬਾਅਦ ਉਸ ਕਈਆਂ ਘਰਾਂ ਵਿਚ ਕੰਮ ਕੀਤਾ। ਓੜਕ ਉਹ ਇਕ ਹਸਪਤਾਲ ਵਿਚ ਬਿਨਾਂ ਤਨਖ਼ਾਹ ਕੰਮ ਕਰਨ ਲਗ ਪਈ।

ਏਥੇ ਉਸ ਨਰਸ ਦਾ ਕੰਮ ਸਿਖਿਆ।

"ਮੈਂ ਕਈਆਂ ਹਸਪਤਾਲਾਂ ਵਿਚ ਕੰਮ ਕੀਤਾ ਹੈ – ਲੜਾਈ ਸਮੇਂ ਮੈਂ ਕਈ ਥਾਈਂ ਫਿਰੀ ਵੀ। ਮੈਂ ਇਕ ਅਮ੍ਰੀਕਨ ਹੇਸਪਤਾਲ ਵਿਚ ਵੀ ਰਹੀ। ਉਹ ਮੈਨੂੰ ਹਮੇਸ਼ਾ ਯਾਦ ਰਹੇਗਾ। ਅਮ੍ਰੀਕਨ ਕਰ ਕੇ ਨਹੀਂ – ਅਮ੍ਰੀਕਨ ਬੜੇ ਚੰਗੇ ਲੋਕ ਹਨ – ਪਰ ਇਸ ਲਈ ਕਿ ਉਦੋਂ ਮੈਂ ਉਥੇ ਯੂਨੀਅਨ ਦੀ ਮੈਂਬਰ ਹੋਈ ਸਾਂ, ਜਦੋਂ ਇਨਕਲਾਬ ਆਇਆ – ਇਸ ਤਰ੍ਹਾਂ ਓੜਕ ਮੈਂ "ਮਜ਼ਦੂਰ" ਦੀ ਹੈਸੀਅਤ ਪ੍ਰਾਪਤ ਕਰ ਲਈ – ਮੈਂ ਹੁਣ ਕਿਸੇ ਦੀ ਨੌਕਰ ਨਹੀਂ ਸਾਂ।"

ਇਸ ਪਦਵੀ ਲਈ ਅਲਿਜ਼ਵੇਟਾ ਨੂੰ ਬੜੀ ਕੀਮਤ ਦੇਣੀ ਪਈ। ਉਹ ਇਨਕਲਾਬੀ ਫ਼ੌਜਾਂ ਲਈ ਜਾਨ ਵਾਰ ਕੇ ਕੰਮ ਕਰਦੀ ਰਹੀ – ਉਸ ਭੁੱਖਾਂ ਝਾਕੀਆਂ – ਉਸ ਨੂੰ ਬੁਖ਼ਾਰ ਚੜ੍ਹੇ, ਟਾਈਫ਼ਾਈਡ ਨਾਲ ਬੇਬਸ ਰਹੀ – ਜ਼ੀਰੋ ਤੋਂ ਚਾਲ੍ਹੀ ਡਿਗਰੀਆਂ ਹੇਠਾਂ ਦੀ ਸਰਦੀ ਵਿਚ ਬੀਮਾਰਾਂ ਦੀ ਸੇਵਾ ਕਰਦੀ ਰਹੀ। ਇਨ੍ਹਾਂ ਹਾਲਤਾਂ ਵਿਚ ਉਸ ਨੂੰ ਤਪਦਿਕ ਹੋ ਗਿਆ। ਹੁਣ ਹਰੇਕ ਹੁਨਾਲੇ ਸਰਕਾਰ ਉਸ ਨੂੰ ਸੈਨੀ-ਟੋਰੀਅਮ ਵਿਚ ਘਲਦੀ ਹੈ। ਇਹ ਸੈਨੀਟੋਰੀਅਮ ਸੋਸ਼ਲ ਇਨਸ਼ੂ-ਰੈਂਸ ਦੀ ਸਕੀਮ ਹੇਠਾਂ ਚਲਦਾ ਹੈ। ਸਰਕਾਰ ਇਸ ਨੂੰ ਲੰਮਾ ਆਰਾਮ ਦੇਣਾ ਚਾਹੁੰਦੀ ਹੈ ਪਰ ਇਹ ਕੰਮ ਬਿਨਾ ਰਹਿ ਨਹੀਂ ਸਕਦੀ।

"ਸਰਕਾਰ ਪੈਨਸ਼ਨ ਦੇਣ ਲਈ ਤਿਆਰ ਹੈ, ਜੇ ਮੈਂ ਚਾਹਾਂ – ਪਰ ਜੇ ਉਹ ਸਾਰੇ ਬੀਮਾਰਾਂ ਨੂੰ ਪੈਨਸ਼ਨਾਂ ਦੇਣ ਲਗਣ ਤਾਂ ਉਹ ਮੁਲਕ ਨੂੰ ਕੀਕਰ ਉਸਾਰ ਸਕਣਗੇ ? ਮੈਂ ਕੰਮ ਕਰਨਾ ਚਾਹੁੰਦੀ ਹਾਂ। ਮੈਂ ਸੋਵੀਅਟ ਤਾਕਤ ਉੱਤੇ ਭਾਰ ਹੋਣਾ ਨਹੀਂ ਚਾਹੁੰਦੀ। ਜੇ ਇਕ ਬਾਂਹ ਟੁਟ ਜਾਏ, ਤਾਂ ਦੂਜੀ ਬਾਂਹ ਨਾਲ ਕੰਮ ਕਰਨਾ ਚਾਹੀਦਾ ਹੈ।"

ਇਹ ਅਜ ਅਲਿਜ਼ਵੇਟਾ ਦਾ ਅਕੀਦਾ ਹੈ, ਜਿਹੜੀ ਕਲ੍ਹ ਇਕ ਜਾਂਗਲੀ ਜਿਹੀ ਕੁੜੀ ਹੁੰਦੀ ਸੀ। ਅਸਾਂ ਦੁਹਾਂ ਨੇ ਜ਼ਾਰ ਦੀਆਂ

ਪਾਰਕਾਂ ਵਿਚ ਕਈ ਸੈਰਾਂ ਕੀਤੀਆਂ – ਪਰ ਇਹ ਬੜੀ ਅਨੋਖੀ ਗਲ ਸੀ ਕਿ ਜੰਗਲਾਂ ਦੀ ਰਹਿਣ ਵਾਲੀ ਇਸਤ੍ਰੀ ਉੱਤੇ ਜ਼ਾਰ ਦੇ ਮਹੱਲਾਂ ਦੀ ਸ਼ਾਨ ਦਾ ਕੋਈ ਅਸਰ ਨਹੀਂ ਸੀ, ਜਦੋਂ ਅਸੀ ਜ਼ਾਰ ਦੇ ਗਿਰਜੇ ਵਿਚ ਵੜੇ ਤਾਂ ਵੀ ਉਸ ਉਤੇ ਕੋਈ ਰੁਅਬ ਨਹੀਂ ਪਿਆ। ਉਸ ਨੇ ਮੁਬੱਰਕ ਬੁਤਾਂ ਤੋਂ ਪਰਦਾ ਖਿੱਚ ਕੇ ਹਸਦੀ ਨੇ ਆਖਿਆ : "ਏਥੇ ਰੱਬ ਜ਼ਾਰ ਨੂੰ ਮਿਲਣ ਆਇਆ ਸੀ। ਪਿਛਲੇ ਵਕਤਾਂ ਵਿਚ ਕੋਈ ਇਸਤ੍ਰੀ ਏਥੇ ਖੜੋ ਨਹੀਂ ਸੀ ਸਕਦੀ। ਇਸਤ੍ਰੀਆਂ ਗੁਨਾਹ ਸਨ। ਉਹ ਉਥੇ ਨਹੀਂ ਸਨ ਜਾ ਸਕਦੀਆਂ ਜਿਥੇ ਰਬ ਹੋਵੇ। ਪਰ ਹੁਣ ਇਸਤ੍ਰੀਆਂ ਹਰ ਥਾਂ ਜਾ ਸਕਦੀਆਂ ਹਨ।"

ਇਕ ਦਿਨ ਅਸੀ ਸ਼ਾਨਦਾਰ ਬਾਗਾਂ ਵਿਚ ਟਹਿਲ ਰਹੀਆਂ ਸਾਂ। ਮੈਂ ਪੁਛਿਆ, ਉਹਦਾ ਇਨ੍ਹਾਂ ਬਾਬਤ ਕੀ ਖ਼ਿਆਲ ਸੀ। "ਉਹ – ਇਨ੍ਹਾਂ ਵਿਚ ਉਹ ਸੁਗੰਧੀ ਨਹੀਂ, ਜਿਹੜੀ ਸਾਡੇ ਜੰਗਲਾਂ ਵਿਚ ਹੁੰਦੀ ਹੈ।"

ਸਾਡੇ ਸਾਹਮਣੇ ਸਮੁੰਦਰ ਦੇ ਪਾਣੀ ਸੂਰਜ ਦੀਆਂ ਕਿਰਨਾਂ ਹੇਠਾਂ ਲਿਸ਼ਕ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਅਲਿਜ਼ਵੇਟਾ ਨੇ ਆਖਿਆ।

"ਆਹ – ਇਹ ਸਮੁੰਦਰ ਮੈਂ ਨਹੀਂ ਭੁਲ ਸਕਦੀ, ਕੇਡਾ ਸੁਹਣਾ – ਇਹ ਮੁਲਕਾਂ ਮੁਲਕਾਂ ਨੂੰ ਛੁਹਦਾ ਦੁਨੀਆ ਸਾਰੀ ਤੇ ਫਿਰ ਜਾਂਦਾ ਹੈ – ਪਰ ਸੁਣਦੇ ਹਾਂ ਇਸ ਦੇ ਪਾਰ ਲੋਕ ਵਸਦੇ ਹਨ – ਕਿਹੋ ਜਿਹੇ ਲੋਕ, ਕੀ ਇਹ ਤੁਹਾਡਾ ਅਮ੍ਰੀਕਾ ਹੈ ?"

"ਨਹੀਂ", ਮੈਂ ਆਖਿਆ, "ਪਹਿਲੋਂ ਟਰਕੀ ਤੇ ਕਸਤਨਤੁਨੀਆ ਆਉਣਗੇ।" "ਇਕ ਹੋਰ ਬੂਰਯਵਾ ਸਰਕਾਰ" ਉਸ ਆਹ ਭਰੀ, "ਉਹ ਵੀ ਮੈਨੂੰ ਮਾਰ ਦੇਣ ਜੇ ਮੈਂ ਉੱਥੇ ਹੋਵਾਂ।"

"ਮਾਰਨਗੇ ਕਿਉਂ ?" ਮੈਂ ਹਸੀ, "ਉਹ ਸਿਰਫ਼ ਤੈਨੂੰ ਬਾਹਰ ਜਾਣ ਦੀ ਆਗਿਆ ਨਹੀਂ ਦੇਣਗੇ।"

"ਪਰ ਜੇ ਮੈਂ ਅਮ੍ਰੀਕਾ ਵਿਚ ਜਾਵਾਂ ਤਾਂ ਉਹ ਤਾਂ ਮੈਨੂੰ ਜ਼ਰੂਰ

ਮਾਰ ਦੇਣ ? ਮੈਂ ਸੁਣਿਆ ਹੈ ਉਹ ਹਬਸ਼ੀਆਂ ਨੂੰ ਜੀਉਂਦਿਆਂ ਸਾੜ ਦੇਂਦੇ ਹਨ ।"

ਏਥੇ ਉਸ ਨੇ ਫੇਰ ਬੁੱਢੇ ਜ਼ਾਰ ਦੇ ਭੈੜੇ ਸਲੂਕ ਦਾ ਜ਼ਿਕਰ ਆਹ ਭਰ ਕੇ ਕੀਤਾ । ਉਹਦੀਆਂ ਨਜ਼ਰਾਂ ਵਿਚ ਅਸੀਂ ਕੁੱਤਿਆਂ ਵਰਗੇ ਸਾਂ । ਤੇ ਉਹ ਨਿਕਲਸ – ਉਹ ਕੌਣ ਸੀ, ਜਿਹੜਾ ਏਡਾ ਆਕੜਦਾ ਸੀ, ਇਕ ਝੱਲਾ ਆਦਮੀ – ਝੱਲਾ – ਤੇ ਇਸ ਝੱਲੇ ਆਦਮੀ ਨੇ ਸਾਡੇ ਲੋਕਾਂ ਨੂੰ ਕੁਤੇ ਬਣਾ ਛਡਿਆ ਸੀ ।

"ਸਾਡੇ ਲੋਕ ਬੜੀ ਭੋਲੀ ਮਿੱਤ੍ਰ ਤਬੀਅਤ ਦੇ ਹਨ । ਇਹ ਬੂਰਯਵਾ ਆ ਕੇ ਸਾਨੂੰ ਸ਼ਰਾਬਾਂ ਪਿਲਾਂਦੇ ਤੇ ਸਾਡੀਆਂ ਪੋਸਤੀਨਾਂ ਬਾਹਰ ਸਾਰੀ ਦੁਨੀਆ ਤੇ ਘਲਦੇ, ਸਾਡੀ ਸਾਦਗੀ ਨੂੰ ਠਗਦੇ ਤੇ ਫੇਰ ਸਾਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਦੇ – ਇਕ ਛੋਟਾ ਜਿਹਾ ਅਫ਼ਸਰ ਵੀ ਸਾਡੇ ਲਈ ਦੇਉ ਬਣ ਜਾਂਦਾ ਸੀ । ਸਾਡੇ ਨੁਮਾਇੰਦੇ ਹਫ਼ਤਿਆਂ ਦੇ ਸਫ਼ਰ ਝਾਕ ਕੇ ਯਾਕੂਤਸਕ ਸ਼ਹਿਰ ਵਿਚ ਜਾਂਦੇ ਸਨ, ਕਈ ਹਫ਼ਤੇ ਉਡੀਕਣ ਬਾਅਦ ਕੋਈ ਅਫ਼ਸਰ ਮਿਲਦਾ ਸੀ – ਜਾਂ ਕਈ ਵਾਰੀ ਮਿਲਦਾ ਹੀ ਨਹੀਂ ਸੀ, ਅਸੀ ਉਨ੍ਹਾਂ ਦੇ ਰੂ-ਬਰੂ ਕੁੱਤਿਆਂ ਵਰਗੇ ਸਾਂ ।

"ਪਰ ਜਦੋਂ ਸੋਵੀਅਟ ਸਰਕਾਰ ਯਾਕੂਤਸਕ ਸ਼ਹਿਰ ਵਿਚ ਆਈ, ਉਨ੍ਹਾਂ ਦਾ ਡੇਲੀਗੇਟ ਇਨ੍ਹਾਂ ਜੰਗਲਾਂ ਵਿਚੋਂ ਹਜ਼ਾਰ ਵਰਸਟ ਸਫ਼ਰ ਕਰਕੇ ਸਾਡੇ ਕੋਲ ਆਇਆ, ਉਸ ਨੇ ਸਾਰਾ ਇਲਾਕਾ ਇਕੱਠਾ ਕੀਤਾ ਤੇ ਪੁਛਿਆ ਕਿ ਅਸੀ ਕਿਹੋ ਜਿਹੀ ਸਰਕਾਰ ਚਾਹੁੰਦੇ ਸਾਂ । ਅਸਾਂ ਆਖਿਆ : 'ਯਾਕੂਤਸਕ ਸ਼ਹਿਰ ਵਿਚ ਜਿਹੋ ਜਿਹੀ ਮਰਜ਼ੀ ਜੇ ਸਰਕਾਰ ਬਣਾਓ, ਪਰ ਉਹ ਸਾਨੂੰ ਠੱਗੇ ਨਾ ਤੇ ਨਾ ਸਾਨੂੰ ਹਿਕਾਰਤ ਦੀ ਨਜ਼ਰ ਨਾਲ ਵੇਖੇ' – ਤਦ ਉਸ ਆਖਿਆ : 'ਇਸ ਲਈ ਇਸ ਮੀਟਿੰਗ ਵਿਚ ਆਪਣੇ ਨੁਮਾਇੰਦੇ ਚੁਣੋ, ਜਿਹੜੇ ਯਾਕੂਤਸਕ ਸ਼ਹਿਰ ਵਿਚ ਸਾਡੀ ਹਕੂਮਤ ਦਾ ਭਾਗ ਬਣਨ ਤੇ ਸਰਕਾਰ ਨੂੰ ਤੁਹਾਡੇ ਲੋਕਾਂ

ਦੀਆਂ ਜ਼ਰੂਰਤਾਂ ਦਸਣ।' ਇਹੋ ਜਿਹੀ ਗਲ ਅਗੇ ਕਦੇ ਨਹੀਂ ਸੀ ਹੋਈ। ਅਸਾਂ ਉਥੇ ਡੈਲੀਗੇਟ ਚੁਣੇ, ਇਕ ਵਾਰੀ ਮੈਂ ਵੀ ਚੁਣੀ ਗਈ ਸਾਂ।

"ਯਾਕੂਤਸਕ ਸ਼ਹਿਰ ਸ਼ਾਇਸਤਾ ਹੈ। ਉਥੇ ਬਿਜਲੀ ਹੈ, ਰੇਡੀਉ ਹੈ, ਬੱਚੇ "ਪਾਇਉਨੀਰ" ਹਨ। ਸਰਕਾਰ ਨੇ ਇਕ ਦਰਜ਼ੀ ਖ਼ਾਨਾ ਖੋਹਲਿਆ ਹੈ, ਜਿਥੇ ਇਸਤ੍ਰੀਆਂ ਨੂੰ ਸਿਊਣਾ ਸਿਖਾਇਆ ਜਾਂਦਾ ਹੈ। ਉਥੇ ਪੰਦਰਾਂ ਮੁਤਾਲਿਆ-ਕੇਂਦਰ ਹਨ, ਜਿਨ੍ਹਾਂ ਵਿਚ ਹਰ ਜ਼ਬਾਨ ਦੀਆਂ ਕਿਤਾਬਾਂ ਹਨ। ਇਨਕਲਾਬ ਤੋਂ ਪਹਿਲਾਂ ਜਿਨ੍ਹਾਂ ਜ਼ਬਾਨਾਂ ਵਿਚ ਕਦੇ ਕੋਈ ਕਿਤਾਬ ਨਹੀਂ ਸੀ ਛਪੀ, ਉਨ੍ਹਾਂ ਜ਼ਬਾਨਾਂ ਵਿਚ ਵੀ ਅਜ ਸਾਹਿਤ ਪੈਦਾ ਹੋ ਰਿਹਾ ਹੈ। ਕਈ ਹਸਪਤਾਲ ਖੋਲ੍ਹੇ ਗਏ ਹਨ। ਤਪਦਿਕ ਦੇ ਮਰੀਜ਼ਾਂ ਲਈ ਦੋ ਸੈਨੇਟੋਰੀਅਮ ਬਣਾਏ ਗਏ ਹਨ। ਦੂਰ ਦੂਰ ਜੰਗਲਾਂ ਦੇ ਤੰਬੂਆਂ ਵਿਚੋਂ ਸਿਆਲ ਵਿਚ ਬੱਚੇ ਯਾਕੂਤਸਕ ਸ਼ਹਿਰ ਵਚ ਭੇਜੇ ਜਾਂਦੇ ਹਨ। ਸੋਵੀਅਟ ਸਰਕਾਰ ਉਨ੍ਹਾਂ ਨੂੰ ਖ਼ੁਰਾਕ ਦੇਂਦੀ ਹੈ, ਪੜ੍ਹਾਂਦੀ ਹੈ, ਤਾ ਕਿ ਉਹ ਵਾਪਸ ਜਾ ਕੇ ਹੁਨਾਲੇ ਵਿਚ ਆਪਣੇ ਜੰਗਲਾਂ ਵਿਚ ਕੰਮ ਕਰ ਸਕਣ। "ਪੁਰਾਣੇ ਵਕਤ ਵਿਚ ਬੁਢਾ ਨਿਕੀ (ਜ਼ਾਰ) ਪਲਿਟੀਕਲ ਕੈਦੀਆਂ ਨੂੰ ਸਾਡੇ ਵਿਚ ਘਲਦਾ ਹੁੰਦਾ ਸੀ। ਉਹਨਾਂ ਦੇ ਹਥ ਪਿਛੇ ਬੱਧੇ ਹੋਏ ਹੁੰਦੇ ਸਨ ਤੇ ਉਹ ਕਈ ਕਈ ਹਫ਼ਤੇ ਇਸ ਤਰ੍ਹਾਂ ਸਾਡੇ ਵਿਚ ਫਿਰਦੇ ਰਹਿੰਦੇ ਸਨ। ਪਰ ਹੁਣ ਇਹ ਗਲਾਂ ਨਹੀਂ – ਹੁਣ ਤੇ ਜਿਹੜਾ ਕੋਈ ਚਾਹੇ, ਜਿਸ ਤਰ੍ਹਾਂ ਚਾਹੇ, ਆਪਣੀ ਜਥੇਬੰਦੀ ਕਰ ਸਕਦਾ ਹੈ।"

ਅਲਿਜ਼ਵੈਟਾ ਬੜੇ ਫ਼ਖ਼ਰ ਨਾਲ ਆਪਣੀ ਨਵੀਂ ਆਜ਼ਾਦੀ ਦਾ ਜ਼ਿਕਰ ਕਰਦੀ ਸੀ ਤੇ ਉਸ ਨੂੰ ਮੈਂ ਉਹੋ ਸਵਾਲ ਪੁਛਿਆ ਜਿਹੜਾ ਮੈਂ ਕਈਆਂ ਨੂੰ ਪੁਛਿਆ ਕਰਦੀ ਹਾਂ: "ਤੁਹਾਨੂੰ ਇਨਕਲਾਬ ਤੋਂ ਕੀ ਵਸੂਲ ਹੋਇਆ ਹੈ ?"

ਅਲਿਜ਼ਵੈਟਾ ਖ਼ੁਸ਼ੀ ਨਾਲ ਹਸੀ ਤੇ ਫ਼ਖ਼ਰ ਨਾਲ ਕਹਿਣ ਲਗੀ:

'ਮੈਨੂੰ ਇਨਕਲਾਬ ਕੋਲੋਂ ਕੀ ਮਿਲਨਾ ਚਾਹੀਦਾ ਸੀ ? ਇਨਕਲਾਬ ਫ਼ਾਇਦੇ ਵਸੂਲ ਕਰਨ ਲਈ ਨਹੀਂ ਹੋਂਦਾ, ਇਨਕਲਾਬ ਲਿਆਉਣ ਲਈ ਕੰਮ ਕਰਨਾ ਹੁੰਦਾ ਹੈ, ਜੇ ਮੈਂ ਚਾਹੁੰਦੀ ਤਾਂ ਮੈਨੂੰ "ਰੈੱਡ ਆਰਡਰ" ਦਾ ਤਕਮਾ ਮਿਲ ਸਕਦਾ ਸੀ – ਮੈਂ ਦਸ ਦਿਆਂ ਕਿ ਮੈਂ ਲੜਾਈ ਦੀ ਕਤਾਰ ਵਿਚ ਰਹੀ ਹਾਂ, ਤੇ ਮੈਂ ਓਥੋਂ ਸਦੀਵੀ ਬੀਮਾਰ ਹੋ ਕੇ ਆਈ ਹਾਂ, ਪਰ ਜੇ ਦੂਜਿਆਂ ਨੂੰ ਮੇਰੀ ਖ਼ਿਦਮਤ ਯਾਦ ਨਹੀਂ ਆਈ ਤਾਂ ਮੈਂ ਆਪ ਕਿਉਂ ਯਾਦ ਕਰਾਵਾਂ – ਮੇਰੇ ਕਿੰਨੇ ਹੋਰ ਸਾਥੀਆਂ ਨੇ ਮੇਰੇ ਨਾਲੋਂ ਬਹੁਤ ਕੰਮ ਕੀਤਾ ਹੈ ਤੇ "ਰੈੱਡ ਆਰਡਰ" ਬਿਨਾਂ ਹੀ ਉਹ ਮਰ ਗਏ ਹਨ ।"

ਮੈਨੂੰ ਸਮਝ ਆਈ ਕਿ ਮੈਂ ਆਪਣਾ ਸਵਾਲ ਠੀਕ ਤਰ੍ਹਾਂ ਪੇਸ਼ ਨਹੀਂ ਕੀਤਾ–ਮੈਂ ਫੇਰ ਕੋਸ਼ਿਸ਼ ਕੀਤੀ: "ਉਹ ਕਿਹੜੀ ਗਲ ਹੈ ਜਿਸ ਕਰਕੇ ਤੁਸੀ ਸੋਵੀਅਟ ਸਰਕਾਰ ਲਈ ਕੰਮ ਕਰਨਾ ਚਾਹੁੰਦੇ ਹੋ ?"

"ਮੈਂ ਕਿਉਂ ਸੋਵੀਅਟ ਸਰਕਾਰ ਲਈ ਕੰਮ ਨਾ ਕਰਾਂ, ਜਦ ਉਹ ਚਲ ਕੇ ਮੇਰੇ ਲੋਕਾਂ ਨੂੰ ਮਿਲਣ ਆਉਂਦੇ ਹਨ ? ਉਨ੍ਹਾਂ ਨੇ ਮੈਨੂੰ ਇਕ ਨੌਕਰ ਤੋਂ ਟਰੇਡ-ਯੂਨੀਅਨ ਦਾ ਮਜ਼ਦੂਰ ਬਣਾ ਦਿਤਾ ਹੈ, ਉਹ ਦੁਰਾਡੇ ਤੋਂ ਦੁਰਾਡੇ ਪਿੰਡ ਦੇ ਕਾਲੇ ਬੋਲੇ ਲੋਕਾਂ ਲਈ ਵੀ ਕੰਮ ਕਰਦੇ ਹਨ । ਜੇ ਉਹ ਸਾਡੀ ਇਸ ਤਰ੍ਹਾਂ ਕਦਰ ਕਰਦੇ ਹਨ ਤਾਂ ਅਸੀ ਕਿਉਂ ਨਾ ਉਨ੍ਹਾਂ ਦੀ ਮਦਦ ਲਈ ਸਭ ਕੁਝ ਦੇ ਦੇਈਏ ?"

ਅਲਿਜ਼ਵੈਟਾ ਆਪਣੇ ਲੋਕਾਂ ਦੀ ਸੁਭਾਵਕ ਸਖ਼ਾਵਤ ਨੂੰ ਨਵੀਂ ਸ਼ਕਲ ਵਿਚ ਬਿਆਨ ਕਰ ਰਹੀ ਸੀ – ਉਹਦੇ ਲੋਕ ਇਕ ਚਾਹ ਦੇ ਪਿਆਲੇ ਤੇ ਕ੍ਰਿਪਾਲੂ ਸ਼ਬਦ ਦੇ ਬਦਲੇ ਗੱਡਾ ਭਰ ਕੇ ਪੋਸਤੀਨਾਂ ਦਾ ਦੇਂਦੇ ਸਨ । ਹੁਣ ਉਹ ਸਮਾਨਤਾ ਤੇ ਇਨਸਾਫ਼ ਦੇ ਸਲੂਕ ਬਦਲੇ ਆਪਣੀ ਜਾਨ ਹਾਜ਼ਰ ਕਰ ਰਹੀ ਸੀ ।

"ਕੀ ਅਮ੍ਰੀਕਾ ਵਿਚ ਕਮਿਊਨਿਸਟ ਨੌਜਵਾਨ ਹਨ ?" ਉਸ ਮੇਥੋਂ ਪੁਛਿਆ । ਤੇ ਜਦੋਂ ਮੈਂ ਉਹਨੂੰ ਦਸਿਆ ਕਿ ਹੈਨ, ਤਾਂ ਉਸ

ਬੜੀ ਗੰਭੀਰਤਾ ਨਾਲ ਆਖਿਆ: "ਮੇਰੀ ਵਲੋਂ ਉਨ੍ਹਾਂ ਨੂੰ ਸ਼ੁਭ ਇਛਾਆਂ ਦੇਣੀਆਂ। ਕੀ ਉਥੇ ਮਜ਼ਦੂਰ ਔਰਤਾਂ ਦੀਆਂ ਸੰਸਥਾਆਂ ਵੀ ਹੈਨ? ਉਨ੍ਹਾਂ ਨੂੰ ਵੀ ਮੇਰੇ ਵਲੋਂ ਤੇ ਮੇਰੇ ਤੰਗੁਸ਼ਕੀ ਲੋਕਾਂ ਵਲੋਂ ਸ਼ੁਭ ਇਛਾਂਆਂ ਦੇਣੀਆਂ। ਅਮ੍ਰੀਕਾ ਦੇ ਸਾਰੇ ਮਜ਼ਦੂਰਾਂ ਤੇ ਕਮਿਊ-ਨਿਸਟਾਂ ਨੂੰ ਮੇਰੇ ਵਲੋਂ ਸ਼ੁਭ ਇਛਾਆਂ ਦੇਣੀਆ – ਪਰ ਬੂਰਯਵਾਂ ਨੂੰ ਬਿਲਕੁਲ ਮੇਰੇ ਵਲੋਂ ਨਾ ਦੇਣਾ। ਬੂਰਯਵਾ ਲੋਕਾਂ ਨੇ ਸਾਡੇ ਲੋਕਾਂ ਨੂੰ ਹਨੇਰੇ ਵਿਚ ਰਖਿਆ ਹੋਇਆ ਸੀ ੇ ਸਾਨੂੰ ਉਹ ਨਫ਼ਰਤ ਕਰਦੇ ਸਨ। ਉਹ ਸਾਨੂੰ ਸ਼ਰਾਬ ਪਿਲਾਕੇ ਸਾਡੀਆਂ ਪੋਸਤੀਨਾਂ ਚੁਰਾ ਲੈਂਦੇ ਸਨ, ਤੇ ਅਮ੍ਰੀਕਾ ਵਿਚ ਸੋਨੇ ਦੇ ਭਾ ਵੇਚ ਦੇਂਦੇ ਸਨ।"

"ਤੁਹਾਨੂੰ ਕੀ ਪਤਾ – ਤੁਹਾਨੂੰ ਹੁਣ ਵੀ ਕੋਈ ਠਗਦਾ ਹੀ ਹੋਵੇ?" ਮੈਂ ਪੁਛਿਆ "ਤੁਹਾਨੂੰ ਪਤਾ ਏ ਕਿ ਤੁਹਾਡੀਆਂ ਪੋਸਤੀਨਾਂ ਅਮ੍ਰੀਕਾ ਵਿਚ ਕਿਸ ਕੀਮਤ ਤੇ ਵਿਕਦੀਆਂ ਹਨ?"

ਉਸਨੇ ਮੇਰੇ ਵਲ ਬੜੀ ਕੇਰੀ ਨਿਗਾਹ ਨਾਲ ਤੱਕਿਆ ਤੇ ਬੋਲੀ: "ਮੈਂ ਜਾਣਦੀ ਹਾਂ, ਸੋਵੀਅਟ ਸਰਕਾਰ ਸਾਡੀਆਂ ਪੋਸਤੀਨਾਂ ਤੋਂ ਬਹੁਤ ਮੁਨਾਫ਼ਾ ਖਾ ਰਹੀ ਹੈ, ਤੇ ਹੋਰ ਕਿਸ ਤਰ੍ਹਾਂ ਉਹ ਸਕੂਲਾਂ ਲਈ ਰੁਪਈਆ ਪੈਦਾ ਕਰੇ ਤੇ ਡਾਕਟਰ ਸਾਡੇ ਇਲਾਕੇ ਵਿਚ ਘੱਲੇ? – ਪਰ ਜੇ ਸੋਵੀਅਟ ਨੇ ਸਾਨੂੰ ਠਗਣਾ ਹੀ ਹੁੰਦਾ ਤਾਂ ਕੀ ਉਹ ਸਾਡੇ ਡੇਲੀਗੇਟਾਂ ਨੂੰ ਆਪਣੀ ਸਰਕਰ ਵਿਚ ਸ਼ਾਮਲ ਕਰਦੇ, ਫੇਰ ਉਹ ਸਾਨੂੰ ਸਕੂਲ ਕਿਉਂ ਦੇਂਦੇ ਤੇ ਕਿਉਂ ਸਾਡੇ ਯੂਨੀਅਨ ਬਣਾਂਦੇ? ਸਾਡੇ ਕੋਆਪਰੇਟਿਵ (ਸਾਂਝੇ) ਸਟੋਰ ਵਿਚ ਅਗੇ ਨਾਲੋਂ ਬਹੁਤੀ ਖੰਡ, ਬਹੁਤੀ ਕਪਾਹ, ਬਹੁਤਾ ਮਾਲ ਹੈ, ਜਦੋਂ ਸਾਡੇ ਲੋਕ ਪੜ੍ਹ ਜਾਣਗੇ, ਉਨ੍ਹਾਂ ਨੂੰ ਆਪਣੇ ਸਟੋਰ ਦਾ ਪ੍ਰਬੰਧ ਆ ਜਾਏਗਾ, ਉਨ੍ਹਾਂ ਨੂੰ ਪੋਸਤੀਨਾਂ ਦੇ ਭਾ ਦੀ ਸਮਝ ਵੀ ਆ ਜਾਏਗੀ – ਅਸੀ ਆਪਣੇ ਨੁਮਾਇੰਦੇ ਅਮ੍ਰੀਕਾ ਘਲ ਸਕਾਂਗੇ, ਅਸੀ ਸੋਵੀਅਟ ਰੀਪਬਲਿਕ ਦੇ ਸ਼ਹਿਰਦਾਰ ਹਾਂ – ਸਾਨੂੰ ਕੌਣ ਰੋਕ ਸਕਦਾ ਹੈ।"

★

# ਉਤਸਿਕਤਾ

**Curiosity**

ਇਕ ਰਾਜਾ ਸੀ; ਉਹਦੀਆਂ ਤਿੰਨ ਰਾਣੀਆਂ ਏਡੀਆਂ ਸੁੰਦਰ ਕਿ ਚਾਨਣੀ ਰਾਤੇ ਕੋਈ ਨਹੀਂ ਸੀ ਕਹਿ ਸਕਦਾ ਕਿ ਚੌਂਹਾਂ ਵਿਚੋਂ ਅਸਲੀ ਚੰਦਰਮਾ ਕਿਹੜਾ ਹੈ। ਇਕ ਹੁਨਾਲੇ ਦੀ ਰਾਤੇ ਮਹਿਲਾਂ ਦੇ ਚਬੂਤਰੇ ਉਤੇ ਰਾਜਾ ਆਪਣੀਆਂ ਰਾਣੀਆਂ ਸਮੇਤ ਸੁੱਤਾ ਹੋਇਆ ਸੀ ਕਿ ਉਹਦੀ ਅੱਖ ਖੁਲ੍ਹ ਗਈ, ਤੇ ਉਸ ਨੇ ਚੰਨ ਦੀ ਚਾਨਣੀ ਵਿਚ ਸੁਤੀਆਂ ਰਾਣੀਆਂ ਵਲ ਤੱਕ ਕੇ ਮਨ ਵਿਚ ਆਖਿਆ: "ਇਸਤ੍ਰੀ-ਰੂਪ ਦੀਆਂ ਨਿਰਸੰਦੇਹ ਸੂਰਤਾਂ ਬਹੁਤ ਹਨ, ਪਰ ਮੈਂ ਇਹ ਪਤਾ ਕਰਨਾ ਚਾਂਹਦਾ ਹਾਂ ਕਿ ਮੇਰੀ ਕਿਹੜੀ ਰਾਣੀ ਅਤਿ-ਸੁੰਦਰ ਹੈ।" ਉਹ ਇੱਕ ਇੱਕ ਦੇ ਕੋਲ ਗਿਆ ਤੇ ਗਹੁ ਨਾਲ ਵੇਖਦਾ ਰਿਹਾ। ਇਕ ਰਾਣੀ ਚਾਨਣ ਵਿਚ ਸਿੱਧੀ ਲੰਮੀ ਪਈ ਸੀ, ਇਕ ਬਾਂਹ ਸਿਰ ਉਤੇ ਤੇ ਹਿੱਕ ਉਤੋਂ ਧੀਮੀਂ ਪੌਣ ਨਾਲ ਪੱਲਾ ਕਦੇ ਉਡਦਾ ਤੇ ਕਦੇ ਡਿਗਦਾ ਸੀ। ਦੂਜੀ ਜਾਲੀ ਦੇ ਪਿਛੇ ਸੁੱਤੀ ਸੀ। ਤੇ ਜਾਲੀ ਦੀਆਂ ਤਾਰਾਂ ਦੀ ਛਾਂ ਤੇ ਚਾਨਣੀਆਂ ਲਕੀਰਾਂ ਉਹਦੇ ਸਰੀਰ ਨੂੰ ਆਬਨੂਸ ਤੇ ਦੰਦ-ਖੰਡ ਦੀ ਬਣਤਰ ਵਿਖਾਂਦੀਆਂ ਸਨ। ਤੀਜੀ ਗੂਹੜੇ ਪਛਾਵੇਂ ਵਿਚ ਸੁੱਤੀ ਸੀ, ਕੇਵਲ ਇੱਕ ਕਿਰਨ ਚੰਨ ਦੀ ਉਹਦੇ ਕੰਨ ਦੇ ਗੋਲੇ ਉਤੇ ਪੈ ਰਹੀ ਸੀ। ਸਾਰੀ ਰਾਤ ਰਾਜਾ ਇੱਕ ਮੰਜਿਓਂ ਦੂਜੇ ਮੰਜੇ ਦੇ ਗੇੜੇ ਲਾਂਦਾ ਰਿਹਾ; ਜਿਦ੍ਹੇ ਕੋਲ ਜਾਵੇ, ਉਹੀ ਪਹਿਲੀ ਨਾਲੋਂ ਸੁਹਣੀ ਜਾਪੇ। ਨਿਰਨਾ ਅਜੇ ਹੋਇਆ ਨਹੀਂ ਸੀ ਕਿ ਸੂਰਜ ਨਿਕਲ ਆਇਆ।

ਜਦੋਂ ਸਵੇਰੇ ਪਾਠ ਪੂਜਾ ਕਰਕੇ ਰਾਜਾ ਸਿੰਘਾਸਣ ਉਤੇ ਬਿਰਾਜਿਆ ਤਾਂ ਉਹਦੇ ਮੁਖ-ਮੰਤ੍ਰੀ, ਨਿਯਾਨੇਤ੍ਰੀ, ਨੇ ਪੁਛਿਆ: "ਰਾਜਨ ਅੱਜ ਆਪ ਦੇ ਨੇਤ੍ਰ ਉਨੀਂਦਰੇ ਲਾਲ ਕਿਉਂ ਹਨ ?" ਤਾਂ ਰਾਜੇ ਨੇ ਉੱਤ੍ਰ ਦਿੱਤਾ : "ਨਿਯਾਨੇਤ੍ਰੀ, ਅੱਜ ਰਾਤ ਮੇਰੇ ਚਿੱਤ ਵਿਚ ਆ ਗਿਆ ਕਿ ਨਿਰਨਾ ਕਰਾਂ ਕਿਹੜੀ ਰਾਣੀ ਸਭ ਤੋਂ ਸੁਹਣੀ ਹੈ, ਤੇ ਇਸੇ ਵਿਚਾਰ ਵਿਚ ਮੈਨੂੰ ਨੀਂਦ ਨਾ ਆਈ, ਤੇ ਨਾ ਹੁਣ ਤਕ ਮੈਨੂੰ ਕੁਝ ਪਤਾ ਹੀ ਲਗਾ ਹੈ।" ਤਦ ਨਿਯਾਨੇਤ੍ਰੀ ਨੇ ਆਖਿਆ: "ਰਾਜਨ, ਸੰਤੁਸ਼ਟ ਰਹੋ ਕਿ ਆਪਦੀਆਂ ਰਾਣੀਆਂ ਇਕੋ ਜਿਹੀਆਂ ਸੁੰਦਰ ਹਨ ਜਿਦ੍ਹੇ ਕਰਕੇ ਈਰਖਾ ਦਾ ਕਾਰਨ ਕੋਈ ਨਹੀਂ। ਵੇਹਲੀ ਉਤਸਿਕਤਾ ਮਨ ਨੂੰ ਅਸ਼ਾਂਤ ਕਰਦੀ ਹੈ ਤੇ ਔਗੁਣ ਕਰਦੀ ਹੈ !" ਪਰ ਰਾਜੇ ਨੇ ਆਖਿਆ ਕਿ ਉਹ ਸੰਕਲਪ ਕਰ ਚੁੱਕਾ ਹੈ, ਤੇ ਇਸ ਲਈ ਹੁਣ ਕੁਝ ਵੀ ਹੋਵੇ ਉਹਦੇ ਪ੍ਰਸ਼ਨ ਦਾ ਉੱਤ੍ਰ ਮਿਲਣਾ ਜ਼ਰੂਰੀ ਹੈ।

ਰਾਜੇ ਨੂੰ ਤੁਲਿਆ ਵੇਖਕੇ ਨਿਯਾਨੇਤ੍ਰੀ ਨੇ ਆਖਿਆ: "ਰਾਜਨ, ਮੰਤ੍ਰੀ ਘੁੜ-ਸਵਾਰ ਦੀ ਨਿਯਾਈਂ ਹੈ, ਜਿਸ ਘੋੜੇ ਨੂੰ ਮੰਤ੍ਰ ਰੋਕ ਨਾ ਸਕੇ, ਉਹਨੂੰ ਰਸਤੇ ਤੋਰੀ ਜਾਣ ਦਾ ਜਤਨ ਕਰਦਾ ਹੈ। ਜੇ ਰਾਣੀਆਂ ਦੀ ਸੁੰਦਰਤਾ ਦਾ ਨਿਰਨਾ ਕਰਨਾ ਆਪ ਲਈ ਅਵੱਸ਼ ਹੋ ਗਿਆ ਹੈ ਤਦ ਮੈਂ ਬੇਨਤੀ ਕਰਦਾ ਹਾਂ ਕਿ ਅਜ ਕਲ੍ਹ ਆਪ ਦੀ ਰਾਜਧਾਨੀ ਵਿਚ ਇਕ ਵਿਗੜਿਆ ਬ੍ਰਾਹਮਣ ਮੁੰਡਾ, ਕਾਂਤੀਗ੍ਰਹਿ, ਆਇਆ ਹੋਇਆ ਹੈ। ਇਹ ਯੁਵਕ ਚੌਂਹ-ਕੂਟਾਂ ਵਿਚ ਇਸਤ੍ਰੀ-ਸੁੰਦਰਤਾ ਦਾ ਪਾਰਖੂ ਪ੍ਰਸਿਧ ਹੈ। ਇਸਨੂੰ ਬੁਲਾਓ ਤੇ ਰਾਣੀਆਂ ਨੂੰ ਵੇਖਣ ਦਿਓ, ਇਹ ਜ਼ਰੂਰ ਦੱਸ ਸਕੇਗਾ। ਕਿਹੜੀ ਅਤਿ ਸੁੰਦਰ ਹੈ। ਕਹਿੰਦੇ ਹਨ ਹੰਸ ਦੁਧ ਵਿਚੋਂ ਪਾਣੀ ਏਡੀ ਚੰਗੀ ਤਰ੍ਹਾਂ ਨਹੀਂ ਨਿਖੇੜ ਸਕਦਾ ਜਿਡੀ ਚੰਗੀ ਤਰ੍ਹਾਂ ਇਹ ਸੁੰਦਰਤਾ ਦੀਆਂ ਵਾਧਾਂ ਘਾਟਾਂ ਪਛਾਣ ਸਕਦਾ ਹੈ।

ਰਾਜੇ ਨੇ ਪ੍ਰਸੰਨ ਹੋ ਕੇ ਕਾਂਤੀਗ੍ਰਿਹ ਨੂੰ ਸੱਦ ਬੁਲਾਇਆ; ਤੇ ਜਦੋਂ ਉਹ ਗੱਲਾਂ ਕਰ ਰਹੇ ਸਨ ਤਾਂ ਰਾਜੇ ਨੇ ਰਾਣੀਆਂ ਨੂੰ ਇਕ ਇਕ ਕਰਕੇ ਕਮਰੇ ਵਿਚੋਂ ਗੁਜ਼ਾਰਿਆ। ਜਦੋਂ ਪਹਿਲੀ ਲੰਘੀ, ਬ੍ਰਾਹਮਣ ਐਉਂ ਖੜੋਤਾ ਸੀ ਜਿਵੇਂ ਗੱਡਿਆ ਗਿਆ ਹੁੰਦਾ ਹੈ। ਤੇ ਦੂਜੀ ਲੰਘੀ, ਤਾਂ ਉਹ ਥੋੜਾ ਜਿਹਾ ਕੰਬਿਆ। ਤੇ ਜਦੋਂ ਤੀਜੀ ਲੰਘੀ, ਉਹਦੇ ਚਿਹਰੇ ਦਾ ਰੰਗ ਬਦਲ ਗਿਆ। ਜਦੋਂ ਸਭ ਲੰਘ ਗਈਆਂ, ਤਾਂ ਰਾਜੇ ਨੇ ਆਖਿਆ, "ਦਸ ਕਾਂਤੀਗ੍ਰਿਹ, ਤੂੰ ਪਾਰਖੂ ਸਦਾਂਦਾ ਹੈਂ, ਕਿ ਇਹਨਾਂ ਤਿੰਨਾਂ ਵਿਚੋਂ ਕਿਹੜੀ ਅਤਿ ਸੁੰਦਰ ਹੈ?" ਪਰ ਕਾਂਤੀਗ੍ਰਿਹ ਨੇ ਮਨ ਵਿਚ ਸੋਚਿਆ ਕਿ ਦਸਿਆਂ ਮਤੇ ਰਾਜਾ ਆਪਣੀ ਚਾਹਤੀ ਦੀ ਹੇਠੀ ਸਮਝ ਕੇ ਨਾਰਾਜ਼ ਹੋ ਜਾਏ, ਤੇ ਨਾਲੇ ਦੂਜੀਆਂ ਦੂਹ ਨੂੰ ਜਦੋਂ ਪਤਾ ਲਗੇ ਉਹ ਮੈਨੂੰ ਜ਼ਹਿਰ ਦੇ ਕੇ ਨਾ ਮਰਵਾ ਦੇਣ। ਇਸ ਲਈ ਉਸ ਪ੍ਰਣਾਮ ਕਰਕੇ ਆਖਿਆ: "ਰਾਜਨ, ਮੈਨੂੰ ਕਲ੍ਹ ਤੀਕ ਮੁਹਲਤ ਬਖ਼ਸ਼ੀ ਜਾਏ।" ਰਾਜੇ ਨੇ ਮੰਨ ਲਿਆ, ਤੇ ਕਾਂਤੀ-ਗ੍ਰਿਹ ਚਲਾ ਗਿਆ। ਕਾਂਤੀਗ੍ਰਿਹ ਨੇ ਸੋਚਿਆ ਸੀ ਕਿ ਰਾਤੋ ਰਾਤ ਸ਼ਹਿਰ ਵਿਚੋਂ ਨੱਸ ਜਾਏਗਾ।

ਪਰ ਨਿਯਾ-ਨੇਤ੍ਰੀ ਬਾਹਰਲੇ ਅਸਾਰਾਂ ਤੋਂ ਦਿਲ ਪੜ੍ਹ ਲੈਂਦਾ ਸੀ। ਉਸਨੇ ਰਾਜੇ ਨੂੰ ਆਖਿਆ ਕਿ ਬ੍ਰਾਹਮਣ ਦੀ ਨੀਯਤ ਧੋਖਾ ਦੇਣ ਦੀ ਹੈ, ਉਹ ਡਰਦਾ ਹੈ ਤੇ ਨੱਠ ਜਾਣ ਦੀ ਸਲਾਹ ਰਖਦਾ ਹੈ। ਨਿਯਾਨੇਤ੍ਰੀ ਨੇ ਰਾਜੇ ਨੂੰ ਉਹਦੀ ਰਾਇ ਲੱਭ ਲੈਣ ਦਾ ਉਪਾ ਦਸਿਆ ਜਿਸਦੇ ਨਾਲ ਰਾਜੇ ਨੂੰ ਸੋਹਣੀ ਰਾਣੀ ਦਾ ਪਤਾ ਲੱਗ ਗਿਆ। ਏਸ ਰਾਣੀ ਨੂੰ ਉਹ ਬਹੁਤ ਪਿਆਰ ਕਰਨ ਲਗ ਪਿਆ ਜਿਸ ਕਰਕੇ ਦੂਜੀਆਂ ਦੋ ਸਾੜਾ ਕਰਨ ਲਗ ਪਈਆਂ। ਓੜਕ ਏਹਨਾਂ ਦੂਹਾਂ ਨੇ ਮਨਸੂਬਾ ਜੋੜ ਕੇ ਤੀਜੀ ਨੂੰ ਜ਼ਹਿਰ ਦੁਆ ਦਿੱਤਾ। ਰਾਜੇ ਨੂੰ ਜਦ ਪਤਾ ਲੱਗਾ ਉਸਨੇ ਦੋਸ਼ੀ ਰਾਣੀਆਂ ਨੂੰ ਫਾਹੇ ਲਗਵਾ

ਦਿੱਤਾ। ਇਸ ਤਰ੍ਹਾਂ ਉਤਸਿਕਤਾ ਨਾਲ, ਜਿਵੇਂ ਨਿਯਾਨੇਤ੍ਰੀ ਨੇ ਬੁਝਿਆ ਸੀ, ਰਾਜਾ ਤਿੰਨੇ ਰਾਣੀਆਂ ਗੁਆ ਬੈਠਾ।

ਪ੍ਰਸ਼ਨ — ਉਹ ਉਪਾ ਕੀ ਸੀ ਜਿਸਦੇ ਨਾਲ ਰਾਜੇ ਨੇ ਕਾਂਤੀਗ੍ਰਹਿ ਦੀ ਰਾਇ ਪਤਾ ਕਰ ਲਈ ?

ਉਤ੍ਰ — ਨਿਯਾਨੇਤ੍ਰੀ ਨੂੰ ਬ੍ਰਾਹਮਣ ਦੇ ਵਤੀਰੇ ਤੋਂ ਤੀਜੀ ਰਾਣੀ ਦੇ ਅਤਿ ਸੁੰਦਰ ਹੋਣ ਦਾ ਪਤਾ ਲੱਗ ਗਿਆ ਸੀ, ਪਰ ਉਹ ਯਕੀਨ ਚਾਂਹਦਾ ਸੀ। ਪਹਿਲੀ ਰਾਣੀ ਦੀ ਸੁੰਦਰਤਾ ਨੇ ਬ੍ਰਾਹਮਣ ਨੂੰ ਚਕ੍ਰਾ ਦਿੱਤਾ ਸੀ, ਦੂਜੀ ਦੀ ਨੇ ਪ੍ਰਭਾ ਦਿੱਤਾ ਸੀ, ਪਰ ਤੀਜੀ ਨੇ ਉਹਦਾ ਦਿਲ ਟੋਹ ਕਢਿਆ ਸੀ, ਜਿਦੇ ਕਰਕੇ ਉਹਦੇ ਚਿਹਰੇ ਦਾ ਰੰਗ ਬਦਲ ਗਿਆ ਸੀ। ਦਿਲ ਦਾ ਪਤਾ ਸ਼ਬਦਾਂ ਨਾਲੋਂ ਵਧੇਰੇ ਆਦਮੀ ਦੇ ਅਮਲ ਦਸਦੇ ਹਨ।

ਕਾਂਤੀਗ੍ਰਹਿ ਦੇ ਪ੍ਰੇਮੀ ਸੁਭਾ ਤੋਂ ਜਾਣੂ ਹੋਣ ਕਰਕੇ ਉਸਨੇ ਤਿੰਨਾਂ ਰਾਣੀਆਂ ਵਲੋਂ ਝੂਠੇ ਪਿਆਰ-ਪੱਤ੍ਰ ਭਿਜਵਾਏ। ਤਿੰਨਾਂ ਵਿਚ ਕਾਂਤੀ ਗ੍ਰਹਿ ਦੀ ਜਵਾਨੀ ਤੇ ਜਾਗਦੇ ਹੁਸਨ ਨਾਲ ਪ੍ਰੀਤ ਦਸਕੇ ਮੁਲਾਕਾਤ ਦਾ ਇਕੋ ਸਮਾ ਨੀਯਤ ਕੀਤਾ ਸੀ। ਕਾਂਤੀਗ੍ਰਹ ਇਕੋ ਦੀ ਗਲ ਮੰਨ ਸਕਦਾ ਸੀ, ਉਹ ਸੁਭਾਵਕ ਉਸੇ ਰਾਣੀ ਦੇ ਥਾਂ ਉਤੇ ਗਿਆ ਜਿਨ੍ਹੂ ਉਹ ਸੁੰਦਰ ਸਮਝਦਾ ਸੀ। ਉਥੇ ਪਹਿਰੇਦਾਰ ਖੜ੍ਹੇ ਕੀਤੇ ਹੋਏ ਸਨ।

# ਤਿੰਨ ਹਜ਼ਾਰ ਮੀਲ ਦੀ ਵਿਥ

ਇਹ ਉਸ ਦਾ ਪਹਿਲਾ ਖ਼ਤ ਸੀ, ਕੇਥਰੀਨ ਦੀ ਜ਼ਿੰਦਗੀ ਦੀ ਇਹ ਵਡੀ ਹੈਰਾਨੀ ਸੀ। ਉਹਦੇ ਤੇ ਕੇਥਰੀਨ ਦੇ ਦਰਮਿਅਨ ਸਭ ਕੁਝ ਫ਼ੈਸਲਾ ਹੋ ਕੇ ਹਮੇਸ਼ਾ ਲਈ ਮੁੱਕ ਚੁਕਾ ਸੀ। ਏਥੋਂ ਤਕ ਕਿ ਉਹ ਖ਼ਤ ਦਾ ਲਫ਼ਾਫ਼ਾ ਖੋਹਲਨੋਂ ਵੀ ਸੰਕੋਚ ਕਰਦੀ ਸੀ, ਪਰ ਲਿਫ਼ਾਫ਼ੇ ਉਤੇ ਜੋ ਕੁਝ ਲਿਖਿਆ ਹੋਇਆ ਸੀ, ਉਹ ਉਤਸਕਤਾ ਪੈਦਾ ਕਰਨੋਂ ਰਹਿ ਨਹੀਂ ਸੀ ਸਕਦਾ :

ਜੋਗ — ਮਿਸਿਜ਼ ਕੇਥਰੀਨ ਟਾਮਸ
ਸੇਂਟ ਐਨੇ ਪਲੇਸ
ਲਾਰ ਚੈਸਟਰ – ਨਿਊ ਯਾਰਕ

ਵਲੋਂ — ਲੇਫ਼ਟੀਨੇਂਟ ਜੇ. ਬੀ. ਟਾਮਸ
ਫਰਾਂਸ

ਕੇਥਰੀਨ ਨੇ ਇਹ ਸੁਣਿਆਂ ਤਕ ਨਹੀਂ ਸੀ, ਕਿ ਉਸ ਦਾ ਪਤੀ ਲੜਾਈ ਵਿਚ ਚਲਾ ਗਿਆ ਸੀ। ਪਿਛਲੇ ਕੁਝ ਸਾਲਾਂ ਤੋਂ ਉਹ ਉਸ ਤੋਂ ਅਲਹਿਦਗੀ ਲੈ ਕੇ ਰਹਿ ਰਹੀ ਸੀ, ਤੇ ਉਸ ਨੇ ਕਦੇ ਪਤਾ ਤਕ ਨਹੀਂ ਸੀ ਕੀਤਾ ਕਿ ਉਹ ਕੀ ਕਰ ਰਿਹਾ ਹੈ।

"ਪਿਆਰੀ ਕੇਟ" ਖ਼ਤ ਸ਼ੁਰੂ ਹੁੰਦਾ ਸੀ। ਉਹ ਉਸ ਨੂੰ "ਵਾਪਸ" ਸਦਿਆ ਕਰਦਾ ਹੁੰਦਾ ਸੀ, ਜਦੋਂ ਉਹ ਕਦੇ ਪਿਆਰ ਕਰਦੇ ਤੇ ਪਤੀ ਪਤਨੀ ਵਾਂਗ ਰਹਿੰਦੇ ਹੁੰਦੇ ਸਨ। ਉਸ ਨੇ ਮਨ ਵਿਚ ਆਖਿਆ, ਏਨੀ ਚੰਗੀ ਗਲ ਕਿ ਮੈਨੂੰ ਉਸ ਡੂੰਘੇ ਚਾਤੀ ਨਾਮ ਨਾਲ ਬੁਲਾਣ ਦੀ

ਹਿਮਕਤ ਤਾਂ ਨਹੀਂ ਸੂ ਕੀਤੀ। ਉਹ ਸੋਚਣ ਲਗ ਪਈ ਕਿ ਜੇ ਕਦੇ ਉਹ ਉਸ ਨਾਂ ਨਾਲ ਲਿਖਦਾ ਤਾਂ ਉਹ ਕੇਡੀ ਗੁੱਸੇ ਹੁੰਦੀ – ਪਰ ਉਸੇ ਘੜੀ ਇਕ ਮਾੜੀ ਜਿਹੀ ਹਸਰਤ ਵੀ ਉਹਦੇ ਅੰਦਰ ਅਨਭਵ ਹੋਈ ਕਿ ਕਿਉਂ ਉਸ ਨੇ ਉਹਨੂੰ ਉਸ ਨਾਂ ਨਾਲ ਸੰਬੋਧਨ ਨਹੀਂ ਸੀ ਕੀਤਾ।

"ਪਿਆਰੀ ਕੇਟ,

"ਮੈਂ ਆਪਣੀ ਯਾਦ ਵਿਚ ਰਹਿਣ ਵਾਲੇ ਸਾਰਿਆਂ ਨੂੰ ਫੋਲਿਆ ਹੈ, ਤੇ ਤੁਸੀ ਮੈਨੂੰ ਇਕੋ ਹੀ ਇਹੋ ਜਿਹੇ ਦਿਸੇ ਹੋ ਜਿਦ੍ਹੇ ਨਾਲ ਮੈਂ ਗੱਲ ਕਰਨਾ ਚਾਹੁੰਦਾ ਹਾਂ। ਤੁਹਾਡਾ ਹਕ ਹੈ ਕਿ ਤੁਸੀ ਮੈਨੂੰ ਨਾ ਸੁਣੋ। ਮੈਂ ਤੁਹਾਨੂੰ ਕੋਈ ਦੋਸ਼ ਨਹੀਂ ਦੇਵਾਂਗਾ।

"ਪਰ ਮੈਨੂੰ ਲੋੜ ਹੈ ਮੈਂ ਕਿਸੇ ਨਾਲ ਗੱਲ ਕਰਾਂ। ਕੀ ਮੇਰੀ ਪੁਰਾਣੀ ਕੁੜੀ ਤਾਰ ਦੇ ਦੂਜੇ ਸਿਰੇ ਤੇ ਖੜੋ ਕੇ ਕਦੇ ਕਦਾਈਂ ਸੁਣ ਛਡਿਆ ਕਰੇਗੀ? ਮੈਂ ਜਾਣ ਲਵਾਂਗਾ ਕਿ ਤੁਸੀ ਦੂਜੇ ਸਿਰੇ ਤੇ ਖਲੋਤੇ ਹੋ ਭਾਵੇਂ ਤੁਸੀ ਇਕ ਲਫ਼ਜ਼ ਵੀ ਕਦੇ ਨਾ ਬੋਲੋ।

"ਇਹ ਬੜੀ ਉਦਾਸ ਕਰਨ ਵਾਲੀ ਅਵਸਥਾ ਹੈ, ਕਿ ਤੁਸੀ ਫ਼ਰਾਂਸ ਵਿਚ ਹੋਵੋ ਤੇ ਤੁਹਾਡੇ ਸਾਹਮਣੇ ਸਿਰਫ਼ ਲੜਾਈ ਦੀਆਂ ਖੁੰਦਰਾਂ ਹੋਣ, ਤੇ ਤੁਹਾਡੀ ਸਾਰੀ ਜ਼ਿੰਦਗੀ ਵਿਚ ਸਿਰਫ਼ ਇਕੋ ਹੀ ਕੋਈ ਹੋਵੇ, ਜਿਸ ਦੀ ਤੁਸੀ ਪ੍ਰਸੰਸਾ ਕਰ ਸਕੋ। ਇਹ ਨਹੀਂ, ਕਿ ਮੈਨੂੰ ਮਰ ਜਾਣ ਦਾ ਕੋਈ ਖ਼ਿਆਲ ਹੈ – ਮੈਨੂੰ ਯਕੀਨ ਹੈ ਮੈਨੂੰ ਕੁਝ ਨਹੀਂ ਹੋਣ ਲਗਾ। ਹੁਣ ਅਸੀ ਇਕ ਮਾਹਰਕੇ ਲਈ ਜਾ ਵੀ ਰਹੇ ਹਾਂ ਤੇ ਛੋਟੀਆਂ ਮੋਟੀਆਂ ਗੱਲਾਂ ਇਸ ਵੇਲੇ ਸਭ ਭੁਲ ਵੀ ਜਾਂਦੀਆਂ ਹਨ।

"ਇਸ ਤਰ੍ਹਾਂ ਮੈਨੂੰ ਪਤਾ ਲਗਾ ਕਿ ਤੁਸੀ ਮੇਰੇ ਜੀਵਨ ਦਾ ਕੇਡਾ ਵਡਾ ਭਾਗ ਰਹੇ ਹੋ। ਤੁਸੀ ਇਸ ਵੇਲੇ ਮੇਰੇ ਸਾਰੇ ਖ਼ਿਆਲਾਂ ਨੂੰ ਮੱਲੀ ਬੈਠੇ ਹੋ। ਜੇ ਕੋਈ ਅਨੋਖੀ ਗੱਲ ਹੁੰਦੀ ਹੈ, ਤਾਂ ਮੈਂ ਦੌੜ ਕੇ ਡੇਰੇ ਆ ਕੇ ਤੁਹਾਨੂੰ ਲਿਖਣਾ ਚਾਹੁੰਦਾ ਹਾਂ, ਕਿਉਂਕਿ ਕਦੇ ਤੁਸੀ ਵੀ ਉਨ੍ਹਾਂ

ਗੱਲਾਂ ਉਤੇ ਹਸ ਸਕਦੇ ਸੋ ਜਿਹੜੀਆਂ ਮੈਨੂੰ ਹਸਾਂਦਿਆਂ ਸਨ। ਤੇ ਜੇ ਕਦੇ ਸਾਡੀ ਫੌਜ ਨੂੰ ਕੋਈ ਮੁਸੀਬਤ ਆ ਜਾਏ, ਉਹ ਮੈਨੂੰ ਘਟ ਜਾਪੇਗੀ ਜੇ ਮੈਂ ਜਾਣਦਾ ਹੋਵਾਂ ਕਿ ਤੁਹਾਨੂੰ ਉਸਦਾ ਪਤਾ ਹੈ।

"ਤੇ ਮੇਰੇ ਸਾਥੀਆਂ ਨੂੰ ਕਈ ਅਸਲੀ ਗ਼ਮ ਵੀ ਹਨ। ਮੈਂ ਆਪਣੀ ਫ਼ੌਜ ਦਾ "ਸੈਂਸਰ" ਵੀ ਹਾਂ – ਸਾਰੀ ਡਾਕ ਭੇਜਣ ਤੋਂ ਪਹਿਲੋਂ ਮੈਨੂੰ ਭੇਜੀ ਜਾਂਦੀ ਹੈ, ਇਸ ਲਈ ਹਰ ਕਿਸੇ ਦੇ ਦਿਲ ਦੀਆਂ ਗੱਲਾਂ ਦਾ ਮੈਨੂੰ ਪਤਾ ਹੈ। ਇਹ ਇਸ ਤਰ੍ਹਾਂ ਹੈ ਜੀਕਰ ਕਿਸੇ ਅੱਗੇ ਪੰਜ ਬੋਰੀਆਂ ਮਟਰ ਛਿਲਣ ਲਈ ਰਖ ਦਿੱਤੇ ਜਾਣ – ਛੋਟਿਆਂ ਹੁੰਦਿਆਂ ਮੈਂ ਇਕ ਵਾਰੀ ਏਨੇ ਮਟਰ ਛਿਲੇ ਸਨ – ਮੈਂ ਏਨੇ ਛਿਲੜ ਕਦੇ ਵੀ ਜ਼ਿੰਦਗੀ ਵਿਚ ਨਹੀਂ ਵੇਖੇ। ਅਨੇਕਾਂ ਖ਼ਤ ਇਕੋ ਜਿਹੇ ਹੁੰਦੇ ਹਨ, ਜੀਕਰ ਮਟਰਾਂ ਦੇ ਛਿਲੜ। ਸ਼ਾਇਦ "ਸੈਂਸਰ" ਦਾ ਡਰ ਦਿਲ ਵਿਚੋਂ ਡੂੰਘੀਆਂ ਗੱਲਾਂ ਉੱਠਣ ਨਹੀਂ ਦੇਂਦਾ।

"ਪਰ ਸਾਰੇ ਦਿਲਾਂ ਨੂੰ ਸੈਂਸਰ ਦਾ ਸਹਿਮ ਚੁਪ ਨਹੀਂ ਕਰਾ ਸਕਦਾ। ਸਾਡੇ ਮੁੰਡੇ ਕਈ ਨਿਸ਼ਾਨੀਆਂ ਵਿਚ ਗੱਲਾਂ ਕਰਦੇ ਹਨ – ਜਦੋਂ ਉਹ ਲਿਖਦੇ ਹਨ ਕਿ ਮਛਰਾਂ ਦੀ ਭਿਣ ਭਿਣ ਸੌਣ ਨਹੀਂ ਦੇਂਦੀ, ਉਹ ਦਸਦੇ ਹਨ ਕਿ ਦੁਸ਼ਮਨ ਦੇ ਹਵਾਈ ਜਹਾਜ਼ ਘੂੰ ਘੂੰ ਕਰਦੇ ਹਨ। ਜਦੋਂ ਉਹ ਕਹਿੰਦੇ ਹਨ ਕਿ ਨਾਸ਼ਤੇ ਉਤੇ ਸਾਨੂੰ ਗ੍ਰੇਪਫ਼ਰੂਟ ਮਿਲਦਾ ਹੈ, ਉਹ ਦਸਣਾ ਚਾਹੁੰਦੇ ਹਨ ਕਿ ਨਾਸ਼ਤੇ ਤੋਂ ਪਹਿਲਾਂ ਹੀ ਬੰਬਾਂ ਦੀਆਂ ਛਿੱਲੜਾਂ ਉਡ ਉਡ ਸਾਡੇ ਮੇਜ਼ਾਂ ਤੇ ਆਉਂਦੀਆਂ ਹਨ।

"ਪਰ ਇਹ ਸਭ ਕੁਝ ਉਹ ਉਦੋਂ ਲਿਖਦੇ ਹਨ, ਜਦੋਂ ਉਹ "ਡਿਪੋ" ਵਿਚ ਲੜਾਈ ਨੂੰ ਉਡੀਕਦੇ ਹੁੰਦੇ ਹਨ – ਜਦੋਂ ਉਹ ਲੜਾਈ ਦੀ ਲਾਈਨ ਵਿਚ ਹੋਣ ਓਦੋਂ ਉਹ ਘਰੀਂ ਸਿਰਫ਼ ਮੌਸਮ ਦੀ ਸਿਫ਼ਤ ਕਰਦੇ ਤੇ ਬੱਚੇ ਦੀ ਸੁਖ ਪੁਛਦੇ ਹਨ।

"ਤੇ ਹੁਣ ਮੈਂ ਤੁਹਾਨੂੰ ਇਸ ਖ਼ਤ ਦੇ ਲਿਖਣ ਦਾ ਕਾਰਨ ਦਸਦਾ

ਹਾਂ। ਮੈਂ ਜਾਣਦਾ ਹਾਂ, ਤੁਸੀ ਹੈਰਾਨ ਹੋ ਕਿ ਇਹ ਕਿਉਂ ਲਿਖ ਰਿਹਾ ਹੈ। ਇਹ ਕਾਰਨ ਮੈਨੂੰ ਉਸ ਆਦਮੀ ਦੇ ਖ਼ਤ ਵਿਚੋਂ ਲੱਭਾ ਹੈ, ਜਿਹੜਾ ਅਜ ਦੁਪਹਿਰੀਂ ਮੇਰੇ ਕੋਲ ਸੈਂਸਰ ਹੋਣ ਲਈ ਆਇਆ ਸੀ। ਮੈਂ ਉਸ ਖ਼ਤ ਵਿਚੋਂ ਦੋ ਪੈਰੇ ਨਕਲ ਕਰਨ ਦੀ ਗੁਸਤਾਖ਼ੀ ਕਰ ਰਿਹਾ ਹਾਂ। ਖ਼ਤ ਇਸ ਤਰ੍ਹਾਂ ਸ਼ੁਰੂ ਹੋਇਆ ਸੀ "ਪਿਆਰੀ" – ਜਿਸ ਦੀ ਤੁਸੀ ਸਚੀ ਪਰਵਾਹ ਕਰਦੇ ਹੋਵੋ, ਉਸ ਨੂੰ ਮੁਖ਼ਾਤਬ ਕਰਨ ਦਾ ਇਹ ਅਤਿ ਸੁਹਣਾ ਤਰੀਕਾ ਹੈ – ਜਿਹੜਾ ਹਿੱਸਾ ਮੈਂ ਤੁਹਾਨੂੰ ਖ਼ਾਸ ਤੌਰ ਤੇ ਦਸਣਾ ਚਾਹੁੰਦਾ ਹਾਂ, ਉਹ ਇਹ ਹੈ :

"ਇਹ ਨਿਰੇ ਘਰ ਹੀ ਨਹੀਂ, ਜਿਨ੍ਹਾਂ ਨੂੰ ਰੂਹਾਂ ਮੱਲ ਲੈਂਦੀਆਂ ਹਨ। ਕਈ ਵਾਰੀ ਘਰਾਂ ਦੀ ਯਾਦ ਆਦਮੀਆਂ ਦੀਆਂ ਰੂਹਾਂ ਨੂੰ ਮੱਲ ਲੈਂਦੀ ਹੈ। ਇਸ ਤੋਂ ਇਹ ਨਾ ਸਮਝਣਾ ਕਿ ਮੈਂ "ਘਰ-ਉਦਰੇਵੇਂ" ਨਾਲ ਵਿਆਕੁਲ ਹਾਂ – ਸਿਰਫ਼ ਅਸੀ ਉਸ ਘਰ ਨੂੰ ਯਾਦ ਕਰਦੇ ਹਾਂ ਜਿਸ ਵਿਚ ਫ਼ਤਹਿ ਦੇ ਬਾਅਦ ਅਸਾਂ ਮੁੜ ਕੇ ਆਉਣਾ ਹੈ।

"ਅਜ ਕਲ ਫ਼ਰਾਂਸ ਵਿਚ ਬਹਾਰ ਹੈ, ਤੇ ਮੇਰਾ ਖ਼ਿਆਲ ਸੀ, ਇਹ ਆਉਣਾ ਭੁਲ ਜਾਏਗੀ. ਇਹ ਮੈਨੂੰ ਮੁਮਕਿਨ ਨਹੀਂ ਸੀ ਜਾਪਦਾ ਕਿ ਜਿੱਥੇ ਤੁਸੀ ਨਾ ਹੋਵੋ ਉਥੇ ਬਹਾਰ ਆ ਸਕੇ।

"ਏਥੇ ਨੀਲੇ ਬਨਿਫ਼ਸ਼ੇ ਦੇ ਫੁੱਲ ਵੀ ਮੈਂ ਵੇਖਦਾ ਹਾਂ – ਉਹ ਦਿਲ-ਮੋਹਣੇ ਨੀਲੇ ਜਿਹੜੇ ਤੁਹਾਡੇ ਲਈ ਖ਼ਰੀਦੇ ਜਾਣ ਲਈ ਤਰਲੇ ਕਰਦੇ ਹਨ। ਕਿਸੇ ਨੇ ਉਹਨਾਂ ਨੂੰ ਦੱਸਿਆ ਨਹੀਂ ਕਿ ਤੁਸੀ ਤਿੰਨ ਹਜ਼ਾਰ ਮੀਲ ਦੂਰ ਹੋ, ਤੇ ਉਹ ਹੈਰਾਨ ਹੁੰਦੇ ਹਨ, ਮੈਂ ਕਿਉਂ ਉਹਨਾਂ ਦੇ ਕੋਲੋਂ ਦੀ ਲੰਘ ਜਾਂਦਾ ਹਾਂ।

"ਏਥੇ ਉਹਨਾਂ ਲਾਲ ਸੂਹੇ "ਪਿਓਨੀਆ" ਵਰਗੇ ਫੁੱਲ ਵੀ ਹੈਨ ਜਿਹੜੇ ਉਸ ਪਹਾੜੀ ਦੇ ਰਾਹ ਨੂੰ ਸੁਨਹਿਰੀ ਕਰਦੇ ਹਨ।"

"ਇਸ ਕਿਸਮ ਦੀ ਗੱਲ ਮੈਂ ਤੁਹਾਡੇ ਸਿਵਾ ਕਿਸੇ ਹੋਰ ਨੂੰ ਨਹੀਂ ਸਾਂ ਦਸ ਸਕਦਾ। ਮੈਨੂੰ ਇਹ ਖ਼ਿਆਲ ਵੀ ਕਦੇ ਨਹੀਂ ਸੀ ਆ

ਸਕਦਾ ਕਿ ਇਸ ਆਦਮੀ ਦੇ ਅੰਦਰ ਇਹੋ ਜਿਹੇ ਜਜ਼ਬੇ ਵੀ ਹੋ ਸਕਦੇ ਸਨ: ਜੇ ਮੈਨੂੰ ਉਹਦੇ, ਜਦੋਂ ਉਹ ਕਲਮ ਰਾਹੀਂ ਆਪਣੀ ਆਤਮਾ ਕਾਗ਼ਜ਼ ਉੱਤੇ ਡੋਹਲ ਰਿਹਾ ਸੀ, ਮੋਢਿਆਂ ਤੋਂ ਝਾਕਣ ਦਾ ਮੌਕਾ ਨਾ ਮਿਲ ਜਾਂਦਾ।

"ਪਰ ਇਹ ਆਦਮੀ ਹਮੇਸ਼ਾਂ ਇਹੋ ਜਿਹੇ ਇਸ਼ਕੀਆ ਖ਼ਤ ਹੀ ਵਹੁਟੀ ਨੂੰ ਨਹੀਂ ਲਿਖਦਾ – ਕੀ ਮੈਂ ਦਸ ਬੈਠਾਂ ਹਾਂ, ਕਿ ਇਹ ਮਿਸਿਜ਼ ਜਾਨ ਸਕਾਰਬਰੋ ਹੇਲਜ਼ ਫ਼ੈਰੀ, ਨੀਊਯਾਰਕ ਨੂੰ ਸੰਬੋਧਨ ਕੀਤਾ ਹੋਇਆ ਹੈ, ਤੇ ਇਸ ਦਾ ਆਪਣਾ ਨਾਂ ਸਰਜੈਂਟ ਜਾਨ ਸਕਾਰਬਰੋ ਹੈ, ਗ਼ਾਲਬਨ ਉਸੇ ਹੀ ਥਾਂ ਦਾ ਰਹਿਣ ਵਾਲਾ ਹੋਵੇਗਾ। ਕਈ ਖ਼ਤ ਉਸ ਦੇ ਬਿਲਕੁਲ ਮੁਖ਼ਤਲਿਫ਼ ਲਹਿਜੇ ਵਿਚ ਲਿਖੇ ਵੀ ਹੁੰਦੇ ਹਨ। ਉਸ ਦੇ ਪਹਿਲੇ ਇਕ ਖ਼ਤ ਵਿਚੋਂ ਵੀ ਦੋ ਪੈਰੇ ਤੁਹਾਨੂੰ ਦਸਦਾ ਹਾਂ :

ਮਿੱਤਰ ਪਤਨੀ,

ਤੁਹਾਡਾ ਕੀ ਭਾਵ ਹੈ ਸਾਡਾ ਬਿਲਾ "ਬਲੈਕਬੈਰੀ ਸਮਿਥ" ਘਰੋਂ ਨਸ ਗਿਆ ਹੈ ? ਮੈਂ ਸ਼ਰਤ ਲਾ ਸਕਦਾ ਹਾਂ ਕਿ ਉਹ ਫ਼ੌਜ ਵਿਚ ਭਰਤੀ ਹੋ ਗਿਆ ਹੋਵੇਗਾ। ਉਹਨੂੰ ਘਰ ਵਿਚ ਮਨ-ਮਰਜ਼ੀ ਦੀ ਲੜਾਈ ਨਹੀਂ ਸੀ ਮਿਲਦੀ ਹੋਣੀ। ਪਰ ਇਹ ਵੀ ਮੈਨੂੰ ਆਸ ਹੁੰਦੀ ਹੈ ਕਿ ਹੁਣ ਤਕ ਉਹ ਘਰ ਮੁੜ ਆਇਆ ਹੋਵੇਗਾ। ਉਹ ਬੜਾ ਵਫ਼ਾਦਾਰ ਬਿੱਲਾ ਹੈ। ਮੈਂ ਉਸ ਨੂੰ ਏਸ ਲਈ ਪਾਲਿਆ ਸੀ ਕਿ ਉਹ ਘਰ ਵਿਚ ਇਕ ਚੂਹਾ ਵੀ ਜੀਊਂਦਾ ਨਾ ਰਹਿਣ ਦੇਵੇ, ਜਿਹੜਾ ਤੁਹਾਨੂੰ ਤਕਲੀਫ਼ ਦੇ ਸਕੇ।

ਹੁਣੇ ਹੀ, ਜਦੋਂ ਮੈਂ ਲਿਖ ਰਿਹਾ ਸਾਂ, ਕਿਸੇ ਨੇ ਬਾਹਰੋਂ ਸੀਟੀ ਮਾਰੀ, ਤੇ ਇਹ ਮੈਨੂੰ ਉਹੋ ਜਿਹੀ ਸੁਣਾਈ ਦਿੱਤੀ ਜਿਹੋ

ਜਿਹੀ ਤੁਸੀ ਕਦੇ ਮੈਨੂੰ ਬੁਲਾਣ ਲਈ ਮਾਰਿਆ ਕਰਦੇ ਸਓ। ਇਹ ਏਡੀ ਸਾਫ਼ ਸੀ, ਕਿ ਮੈਂ ਆਪਣੇ "ਬੰਕ" ਵਿਚੋਂ ਉਠ ਬੈਠਾ – ਮੇਰੇ ਦਿਲ ਦੇ ਹੁਕਮ ਦੇ ਸਾਹਮਣੇ ਅਕਲ ਦੀ ਦਲੀਲ ਖ਼ਾਮੋਸ਼ ਸੀ ਕਿ ਇਹ ਸੀਟੀ ਸਿਰਫ਼ ਇਕ ਇਤਫ਼ਾਕ ਹੀ ਸੀ, ਪਰ ਇਸ ਨੇ ਇਕ ਘੜੀ ਲਈ ਮੈਨੂੰ ਤੁਹਾਡੇ ਏਡਾ ਨੇੜੇ ਲੈ ਆਂਦਾ ਕਿ ਮੈਂ ਤੁਹਾਨੂੰ ਹਥ ਲਾਣ ਲਈ ਅਗਾਂਹ ਵਧ ਪਿਆ ਸਾਂ।

ਔਹ ਬਿਗਲ ਵਜ ਪਿਆ। ਇਹ ਕੋਈ ਚੰਗਾ ਨਹੀਂ ਪਰ ਹੁਣ ਤੁਹਾਨੂੰ ਛਡ ਕੇ ਜਾਣਾ ਹੀ ਪਵੇਗਾ।

ਤੁਹਾਡਾ ਪਤੀ

ਕੈਥਰੀਨ ਨੇ ਵੇਖਿਆ ਕਿ ਉਸ ਦੇ ਪਤੀ ਨੇ ਆਪਣਾ ਨਾਂ ਵੀ ਨਹੀਂ ਸੀ ਲਿਖਿਆ। ਉਸ ਨੇ ਸਮਝ ਲਿਆ, ਕਿ ਟੁਟੇ ਹੋਏ ਰਿਸ਼ਤੇ ਦੀ ਬੇਯਕੀਨੀ ਵਿਚ ਉਸ ਨੂੰ ਆਪਣਾ ਖ਼ਤ ਅੰਤ ਕਰਨਾ ਆਇਆ ਨਹੀਂ, ਤੇ ਉਸ ਨੇ ਕਿਸੇ ਹੋਰ ਆਦਮੀ ਦੇ ਸੁਨੇਹੇ ਰਾਹੀਂ ਇਸ਼ਾਰਾ ਕਰਨਾ ਹੀ ਕਾਫ਼ੀ ਸਮਝਿਆ ਹੈ।

ਉਸ ਨੇ ਆਹ ਭਰੀ ਤੇ ਖ਼ਤ ਆਪਣੀ ਝੋਲ ਵਿਚ ਹੀ ਪਿਆ ਰਹਿਣ ਦਿੱਤਾ। ਇਸ ਖ਼ਤ ਨੇ ਕਈ ਸੁਖਾਵੀਆਂ ਤੇ ਦੁਖਾਵੀਆਂ ਯਾਦਾਂ ਖੋਹਲ ਦਿੱਤੀਆਂ ਸਨ। ਉਸ ਦੇ ਪਤੀ ਨੇ ਉਸ ਨੂੰ ਨਿਹਾਇਤ ਖ਼ੁਸ਼ ਸਮਾ ਵੀ ਵਿਖਾਇਆ ਸੀ ਤੇ ਨਿਹਾਇਤ ਦੁਖ ਭਰਿਆ ਸਮਾ ਵੀ। ਕਦੇ ਉਹ ਥੋੜਾ ਜਿਹਾ ਇਸ ਆਦਮੀ ਵਰਗਾ ਹੁੰਦਾ ਜਿਸ ਦੇ ਖ਼ਤ ਉਸ ਨੇ ਨਕਲ ਕਰ ਕੇ ਭੇਜੇ ਸਨ! ਕੈਥਰੀਨ ਨੂੰ ਉਸ ਇਸਤ੍ਰੀ ਲਈ ਥੋੜੀ ਜਿੰਨੀ ਈਰਖਾ ਆਈ ਜਿਹੜੀ ਜਾਨ ਸਕਾਰਬਰੋ ਵਿਚ ਇਹੋ ਜਿਹਾ ਘਰ-ਉਦਰੇਵਾਂ ਪ੍ਰੇਰ ਸਕੀ ਸੀ। ਹੇਲਜ਼ ਫ਼ੇਰੀ ਉਥੋਂ ਕੋਈ ਦੂਰ ਨਹੀਂ ਸੀ। ਇਕ ਘੜੀ ਲਈ ਉਸ

ਦੇ ਮਨ ਵਿਚ ਆਈਆ ਕਿ ਉਹ ਮਿਸਿਜ਼ ਜਾਨ ਨੂੰ ਵੇਖ ਆਵੇ ਕਿ ਉਹ ਕਿਹੋ ਜਿਹੀ ਕੁੜੀ ਹੈ, ਪਰ ਓੜਕ ਉਸ ਫ਼ੈਸਲਾ ਕੀਤਾ ਕਿ ਇਹ ਮੂਰਖਤਾ ਹੈ। ਇਹ ਉਸ ਦਾ ਸਰੋਕਾਰ ਨਹੀਂ। ਉਹ ਉਸ ਮੁਆਮਲੇ ਨੂੰ ਭੁਲ ਜਾਏਗੀ।

ਪਰ ਕਹਿਣਾ ਕਰਨ ਨਾਲੋਂ ਸੌਖਾ ਸੀ। ਉਸ ਆਦਮੀ ਦਾ ਖ਼ਤ ਜਿਸ ਨੂੰ ਉਹ ਆਪਣੇ ਦਿਲ ਵਿਚੋਂ ਅਜੇ ਕਢ ਨਹੀਂ ਸੀ ਸਕੀ, ਕਈ ਦਿਨ ਉਸ ਦੇ ਮਨ ਨੂੰ ਠਕੋਰਦਾ ਰਿਹਾ। ਉਹ ਕਈ ਵਾਰੀ ਉਸ ਖ਼ਤ ਨੂੰ ਪੜ੍ਹਨ ਲਈ ਮਜਬੂਰ ਹੋ ਜਾਂਦੀ, ਇਹ ਵੇਖਣ ਲਈ ਕਿ ਉਹ ਕਿਉਂ ਉਸ ਦੇ ਖ਼ਿਆਲਾਂ ਨੂੰ ਮੱਲੀ ਰਖਦਾ ਸੀ।

ਤਿੰਨਾਂ ਹਫ਼ਤਿਆਂ ਬਾਅਦ ਇਕ ਹੋਰ ਖ਼ਤ ਆਇਆ ਇਹ ਵੀ ਪਹਿਲੇ ਖ਼ਤ ਵਾਂਙ "ਪਿਆਰੀ ਕੇਟ" ਨਾਲ ਸ਼ੁਰੂ ਕੀਤਾ ਹੋਇਆ ਸੀ, ਪਰ ਇਸ ਉੱਤੇ 'ਕੇਟ' ਦੀ ਥਾਂ ਪਹਿਲੋਂ "ਵਾਪਸ" ਲਿਖਿਆ ਤੇ ਬੜੀ ਮਿਹਨਤ ਨਾਲ ਕਟਿਆ ਹੋਇਆ ਸੀ ਕੈਥਰੀਨ ਨੇ ਦਸ ਮਿੰਟ ਲਾ ਕੇ ਉਸਦੀਆਂ ਕਟਣ ਵਾਲੀਆਂ ਲਕੀਰਾਂ ਨੂੰ ਰਗੜ ਰਗੜ ਕੇ ਹੇਠੋਂ "ਵਾਪਸ" ਪੜ੍ਹ ਲਿਆ। ਇਹ ਉਹਦਾ ਉਹ ਨਾਂ ਸੀ ਜਿਹੜਾ ਪਿਆਰ ਨਾਲ ਉਸ ਦਾ ਪਤੀ ਲਿਆ ਕਰਦਾ ਸੀ।

"ਅਸੀ ਹੁਣ ਫ਼ਰੰਟ-ਲਾਈਨ ਦੇ ਨੇੜੇ ਆ ਗਏ ਹਾਂ, ਜਿਹੜੀ ਗੱਲ ਮੈਂ ਤੁਹਾਨੂੰ ਪਹਿਲੇ ਖ਼ਤ ਵਿਚ ਲਿਖੀ ਸੀ, ਉਹ ਸੱਚੀ ਜਾਪ ਰਹੀ ਹੈ: ਜਿੰਨੀ ਨੇੜੇ ਸਿਪਾਹੀ ਲੜਾਈ ਦੇ ਆ ਜਾਂਦੇ ਹਨ, ਉੱਨਾ ਹੀ ਘਟ ਉਹ ਉਸ ਬਾਬਤ ਜ਼ਿਕਰ ਕਰਦੇ ਹਨ।

'ਇਸ ਵਾਰੀ ਜਾਨ ਸਕਾਰਬਰੋ ਦੇ ਖ਼ਤ ਵਿਚੋਂ ਕੋਈ ਖ਼ਾਸ ਗੱਲ ਚੁਣ ਕੇ ਲਿਖਣ ਵਾਲੀ ਨਹੀਂ – ਮੈਂ ਸਾਰੇ ਦਾ ਸਾਰਾ ਹੀ ਖ਼ਤ ਨਕਲ ਕਰਦਾ ਹਾਂ। ਇਹ ਆਦਮੀ ਇਸ ਇਸਤ੍ਰੀ ਨੂੰ ਏਨਾ ਪਿਆਰ ਕਰਦਾ ਹੈ ਕਿ ਸਿਵਾਇ ਮੇਰੇ ਹਰ ਕੋਈ ਸਮਝੇਗਾ ਕਿ ਇਹ ਉਸ ਦੀ ਪਤਨੀ ਨਹੀਂ ਹੋ ਸਕਦੀ। ਸ਼ਾਇਦ ਘਰ ਵਿਚ ਉਹ ਉਸ ਨਾਲ

ਕੁੱਤਿਆਂ ਵਰਗਾ ਸਲੂਕ ਹੀ ਕਰਦਾ ਹੋਵੇ, ਪਰ ਏਥੇ ਉਸ ਦਾ ਮਨ ਤਬਦੀਲ ਹੋ ਗਿਆ ਹੈ।

"ਪਿਆਰੀ :

ਪਤਾ ਨਹੀਂ ਤੁਹਾਨੂੰ ਇਸ ਗੱਲ ਵਿਚ ਕੋਈ ਦਿਲਚਸਪੀ ਹੋਵੇ ਕਿ ਨਾ, ਪਰ ਜਿਹੜੀ ਨਿੱਕੀ ਜਿਹੀ ਘੜੀ ਤੁਸਾਂ ਮੇਰੀ ਰਵਾਨਗੀ ਉੱਤੇ ਮੇਰੀ ਕਲਾਈ ਨਾਲ ਬੱਧੀ ਸੀ, ਉਹ ਇਕ ਮਿੰਟ ਵੀ ਅਗਾਂਹ ਪਿਛਾਂਹ ਨਹੀਂ ਹੁੰਦੀ, ਜ਼ਾਤੀ ਤੌਰ ਤੇ ਮੈਂ ਉਸ ਦੀ ਇਸ ਗੱਲ ਤੇ ਬੜਾ ਨਾਰਾਜ਼ ਹਾਂ, ਮੈਂ ਉਹਦੀ ਥਾਂ ਹੁੰਦਾ ਤਾਂ ਤੁਹਾਥੋਂ ਜੁਦਾਈ ਦੀਆਂ ਘੜੀਆਂ ਨੂੰ ਛੇਤੀ ਛੇਤੀ ਤੁਰ ਕੇ ਮੁਕਾਂਦਾ ।

ਤੁਹਾਡਾ ਖ਼ਤ ਮੈਨੂੰ ਮਿਲਿਆ ਤੇ ਉਸ ਵਿਚਲਾ ਸੁਗੰਧਤ ਰੁਮਾਲ ਵੀ। ਮੈਂ ਤੁਹਾਡੀ ਮਿੰਨੀ ਜਿਹੀ ਖ਼ੁਸ਼ਬੂ ਪਛਾਣ ਲਈ। ਉਥੇ ਕਦੇ ਮੈਂ ਇਸ ਸੁਗੰਧੀ ਤੋਂ ਚੇਤੰਨ ਨਹੀਂ ਸਾਂ ਹੋਇਆ, ਪਰ ਏਥੇ ਜਦੋਂ ਸੁੰਘੀ, ਤਾਂ ਮੈਂ ਜਾਣਿਆ ਕਿ ਉਹ ਕਿਹੜੀ ਚੀਜ਼ ਸੀ ਜਿਸ ਦੀ ਮੇਰੇ ਅੰਦਰ ਅਪ੍ਰਗਟ ਜਿਹੀ ਤਾਂਘ ਸੀ। ਇਹ ਸਮਝੋ ਮੈਨੂੰ ਝਲਿਆਂ ਕਰਨ ਵਾਲੀ ਤੁਹਾਡੀ ਚਾਲ ਸੀ ਕਿ ਤੁਸੀ ਆਪਣੀ ਯਾਦ ਇਸ ਤਰੀਕੇ ਨਾਲ ਭੇਜੀ। ਤੁਹਾਨੂੰ ਪਤਾ ਨਹੀਂ ਕਿ ਜਿਹੜਾ ਕੋਈ ਸਿਪਾਹੀਆਂ ਨੂੰ ਅਮ੍ਰੀਕਨ ਫ਼ੌਜ ਵਿਚੋਂ ਨੱਸ ਜਾਣ ਲਈ ਤਰਗੀਬ ਦੇਂਦਾ ਹੈ; ਉਸ ਲਈ ਸਜ਼ਾਆਂ ਨੀਯਤ ਹਨ ? ਮੈਂ ਨਹੀਂ ਕਹਿ ਸਕਦਾ ਤੁਹਾਨੂੰ ਉਹ ਕੀ ਸਜ਼ਾ ਦੇਣਾ ਚਾਹੁਣਗੇ, ਪਰ ਮੈਨੂੰ ਪਤਾ ਹੈ, ਮੈਂ ਤੁਹਾਨੂੰ ਕੀ ਕਰਾਂਗਾ ਜੇ ਤੁਹਾਨੂੰ ਮੈਂ ਕਦੇ ਫੜ ਲਿਆ ।

ਤੁਹਾਨੂੰ ਮੈਂ ਦਸਾਂ, ਜਿਹੜੀ ਖ਼ੁਸ਼ਬੋ ਤੁਸੀ ਵਰਤਦੇ ਹੋ, ਉਹ ਫ਼ਰਾਂਸ ਦੇ ਇਸ ਭਾਗ ਵਿਚ ਬਣਦੀ ਹੈ। ਇਕ ਦੁਕਾਨ ਵਿਚ

ਕਲ੍ਹ ਮੈਂ ਵੇਖੀ ਸੀ, ਤੇ ਟੁੱਟੀ ਫੁੱਟੀ ਫ਼ਰੈਂਚ ਵਿਚ ਉਸ ਕੋਲੋਂ ਪੁਛਿਆ ਸੀ। ਉਹਨਾਂ ਮੈਨੂੰ ਦਸਿਆ ਕਿ ਇਹ ਏਥੇ ਬਣਦੀ ਹੈ, ਤੇ ਇਸ ਦਾ ਨਾਮ "ਫਲੌਰ ਐਲਿਸ" ਹੈ। ਤੁਸੀ ਕਹਿੰਦੇ ਹੋ ਕਿ ਤੁਸੀ ਰਾਜ਼ੀ ਹੋ। ਇਸ ਲਈ ਮੈਂ ਰੱਬ ਦਾ ਸ਼ੁਕਰ ਕਰਦਾ ਹਾਂ, ਤੁਸੀ ਪਿਆਰੀ, ਰਾਜ਼ੀ ਰਹਿਣਾ। ਅਖ਼ਰੀਲਾ ਬਿਗਲ, ਮੇਰੀ ਤੁਹਾਡੇ ਲਈ ਰਾਤ ਦੀ ਪ੍ਰਾਰਥਨਾ ਦਾ ਵਜ ਰਿਹਾ ਹੈ, ਇਹ ਸਿਪਾਹੀਆਂ ਲਈ ਜ਼ਿੰਦਗੀ ਦੀ ਇਕੱਲਤਾ ਦੀ ਬੜੀ ਔਖੀ ਚੇਤਾਵਾਨੀ ਹੈ। ਸ਼ੁਭ ਰਾਤ੍ਰੀ !

ਜਾਨ"

"ਇਹ ਖ਼ਤ ਸੈਂਸਰ ਕਰਨ ਬਾਅਦ ਮੈਂ ਆਪਣੇ ਕੈਂਪ ਦੇ ਨੇੜੇ ਦੇ ਪਿੰਡ ਦੀ ਦੁਕਾਨ ਉੱਤੇ ਗਿਆ। ਉਥੋਂ ਮੈਂ ਫਲੌਰ ਐਲਿਸ ਦੀ ਇਕ ਸ਼ੀਸ਼ੀ ਖ਼ਰੀਦੀ, ਇਹ ਬੜੀ ਕੋਮਲ ਹੈ, ਤੇ ਮੈਂ ਜਾਣਦਾ ਹਾਂ ਤੁਸੀ ਇਸ ਨੂੰ ਪਸੰਦ ਕਰੋਗੇ। ਇਸ ਜਾਦੂ ਭਰੀ ਖ਼ੁਸ਼ਬੂ ਦਾ ਇਕ ਕਤਰਾ ਮੈਂ ਇਸ ਕਾਗ਼ਜ਼ ਉੱਤੇ ਡੋਹਲਿਆ ਹੈ – ਤੁਸੀ ਆਪਣੇ ਸੁਆਦਾਂ ਭਰੇ ਨੱਕ ਨਾਲ ਪਰਖ ਕੇ ਵੇਖਣਾ ਕੀ ਇਸ ਮਿਸਿਜ਼ ਸਕਾਰਬਰੋ ਵਿਚ ਕੋਈ ਦਿਲ-ਮੋਹਣੀ ਖ਼ੂਬੀ ਹੈ ? ਮੈਂ ਆਸ ਕਰਦਾ ਹਾਂ ਮਿਸਿਜ਼ ਤੇ ਮਿਸਟਰ ਜਾਨ ਸਾਡੀ ਉਨ੍ਹਾਂ ਦੇ ਪਿਆਰ ਉੱਤੇ ਇਸ ਚੋਰ-ਝਾਤੀ ਤੋਂ ਸਾਡੇ ਨਾਲ ਨਾਰਾਜ਼ ਨਹੀਂ ਹੋਣਗੇ।

ਜੈਰੀ"

ਕੈਥਰੀਨ ਨੇ ਇਸ ਦਾ ਉੱਤਰ ਨਾ ਦਿੱਤਾ। ਪਰ ਉਹ ਸੋਚ ਹੀ ਰਹੀ ਸੀ, ਤੇ ਤੀਜਾ ਖ਼ਤ ਦੋ ਮਹੀਨੇ ਬਾਅਦ ਆ ਗਿਆ। "ਵਾਪਸ" – ਇਸ ਦਾ ਸ਼ੁਰੂ ਏਉਂ ਸੀ, ਤੇ ਇਸ ਤਰ੍ਹਾਂ ਸ਼ੁਰੂ ਕਰਨ ਲਈ ਕੋਈ ਮੁਆਫ਼ੀ ਵੀ ਨਹੀਂ ਸੀ ਮੰਗੀ ਹੋਈ।

"ਵਾਪਸ"

"ਅਸੀ ਕਲ ਲੜਨ ਲਈ ਜਾ ਰਹੇ ਹਾਂ। ਹੌਲੇ ਤੋਪਖ਼ਾਨੇ ਦੀ ਲੋੜ ਪੈ ਗਈ ਹੈ – ਤੇ ਸਾਨੂੰ ਇਕ ਦਮ ਬੁਲਾਇਆ ਗਿਆ ਹੈ। ਕੋਈ ਵਡਾ ਹਮਲਾ ਕਰਨ ਦੀ ਤਜਵੀਜ਼ ਹੈ। ਤੋਪਾਂ ਦੀ ਗਰਜ ਤਾਂ ਅਗੇ ਵੀ ਸੁਣਾਈ ਦੇਂਦੀ ਰਹਿੰਦੀ ਸੀ, ਪਰ ਅਜ ਉਨ੍ਹਾਂ ਤੋਪਾਂ ਦਾ ਸਾਡੇ ਨਾਲ ਸਬੰਧ ਜ਼ਾਤੀ ਹੋ ਗਿਆ ਮਲੂਮ ਹੁੰਦਾ ਹੈ।

"ਬਹੁਤ ਸਾਰੇ ਖ਼ਤ ਸੈਂਸਰ ਕਰਨ ਵਾਲੇ ਸਨ ਕਿਉਂਕਿ "ਅੰਦਰ" ਜਾਣ ਤੋਂ ਪਹਿਲਾਂ ਸਿਪਾਹੀਆਂ ਨੇ ਘਰੀਂ ਖ਼ਤ ਲਿਖੇ ਸਨ। ਪਰ ਸਿਰਫ਼ ਜਾਨ ਸਕਾਰਬਰੋ ਨੇ ਇਸ ਅਵਸਥਾ ਬਾਬਤ ਕੁਝ ਲਿਖਿਆ। ਉਸ ਨੂੰ ਆਪਣੀ ਕਿਸਮਤ ਬਾਬਤ ਕੁਝ ਸ਼ੰਕਾ ਜਿਹਾ ਹੋ ਗਿਆ ਹੈ – ਉਸ ਨੇ ਇਹ ਗਲ ਸਾਫ਼ ਤਾਂ ਨਹੀਂ ਲਿਖੀ, ਪਰ ਉਸ ਦੇ ਖ਼ਤ ਦੀਆਂ ਸਤਰਾਂ ਵਿਚੋਂ ਇਹ ਭਾਵ ਪੜ੍ਹਿਆ ਜਾਂਦਾ ਸੀ। ਡਾਕ ਤੁਰਨ ਤੋਂ ਪਹਿਲਾਂ ਉਹ ਮੇਰੇ ਕੋਲ ਆਇਆ, ਤੇ ਉਸ ਨੇ ਆਪਣਾ ਖ਼ਤ ਜ਼ਾਇਆ ਕਰਨ ਲਈ ਵਾਪਸ ਮੰਗਿਆ। 'ਕਿਉਂ ਸਾਰਜੈਂਟ' ਮੈਂ ਪੁਛਿਆ। ਮੈਨੂੰ ਡਰ ਹੈ ਇਸ ਖ਼ਤ ਦਾ ਅਸਰ ਉਸ ਤੇ ਚੰਗਾ ਨਹੀਂ ਹੋਣ ਲਗਾ – ਸਾਡੇ ਘਰ ਬੱਚਾ ਹੋਣ ਵਾਲਾ ਹੈ – ਤੇ ਮੈਂ ਸ਼ਾਇਦ ਕੁਝ ਇਹੋ ਜਿਹਾ ਲਿਖ ਦਿੱਤਾ ਸੀ ਜਿਹੜਾ ਚਿੰਤਾ ਪੈਦਾ ਕਰੇ। ਮੈਂ ਨਹੀਂ ਚਾਹੁੰਦਾ ਉਹਨੂੰ ਪਤਾ ਲਗੇ ਭਾਵੇਂ ਮੈਨੂੰ ਕੁਝ ਹੋ ਜਾਏ – ਘਟ ਤੋਂ ਘਟ ਕੁਝ ਚਿਰ ਲਈ।

"ਮੈਨੂੰ ਅਫ਼ਸੋਸ ਹੈ ਕਿ ਮੈਂ ਤੁਹਾਨੂੰ ਖ਼ਤ ਦਾ ਕੋਈ ਹਿੱਸਾ ਨਕਲ ਕਰ ਕੇ ਨਹੀਂ ਭੇਜ ਸਕਦਾ – ਉਹ ਖ਼ਤ ਹੈ ਬੜਾ ਹੀ

ਪਿਆਰ-ਭਰਿਆ ਸੀ। ਉਸ ਵਿਚੋਂ ਸਪਸ਼ਟ ਦਿੱਸਦਾ ਸੀ ਕਿ ਉਹ ਉਸ ਇਸਤ੍ਰੀ ਨੂੰ ਦਿਲੋਂ ਪਿਆਰ ਕਰਦਾ ਹੈ । ਮੇਰਾ ਖ਼ਿਆਲ ਹੈ, ਕਿ ਉਹ ਖ਼ਤ ਉਸ ਨੂੰ ਭੇਜ ਦੇਣਾ ਚਾਹੋਂਦਾ ਸੀ – ਪਰ ਜਾਨ ਠੀਕ ਹੀ ਹੋਵੇਗਾ – ਸ਼ਾਇਦ ਕੋਈ ਹਾਦਸਾ ਹੋ ਜਾਏ, ਪਰ ਏਥੇ ਅਸੀ ਹਾਦਸਿਆਂ ਦਾ ਖ਼ਿਆਲ ਨਹੀਂ ਕਰਦੇ। ਮੈਂ ਅਜ "ਲਿਏਜ਼ਾਂ" ਅਫ਼ਸਰ ਹੋ ਕੇ ਜਾ ਰਿਹਾ ਹਾਂ, ਓਥੇ ਜਾ ਕੇ ਆਰੰਭਕ ਲੋੜਾਂ ਦਾ ਪ੍ਰਬੰਧ ਕਰਨਾ ਹੈ। ਹੋ ਸਕਦਾ ਹੈ, ਅਗਲੀ ਵਾਰੀ ਮੈਂ ਤੁਹਾਨੂੰ ਕੋਈ ਦਿਲਚਸਪ ਗਲ ਲਿਖ ਸਕਾਂ – ਜੇ ਤੁਸਾਂ ਮੈਨੂੰ ਇਜਾਜ਼ਤ ਦਿੱਤੀ – ਤੇ ਮੈਂ ਉਮੈਦ ਕਰਦਾ ਹਾਂ ਤੁਸੀ ਦਿਓਗੇ ਵੀ।

"ਜੈਰੀ"

ਜੋ ਕੁਝ ਫ਼ਰਾਂਸ ਵਿਚ ਹੋ ਰਿਹਾ ਸੀ, ਉਹ ਤਵਾਰੀਖ਼ ਬਣ ਗਿਆ ਸੀ। ਸਾਰੀਆਂ ਅਖ਼ਬਾਰਾਂ ਵਿਚ ਸੁਰਖੀਆਂ ਨਿਕਲ ਰਹੀਆਂ ਸਨ। ਉਸ ਦਾ ਤੋਪਖ਼ਾਨਾ ਤਿੰਨਾਂ ਹਫ਼ਤਿਆਂ ਤੋਂ ਹਮਲੇ ਵਿਚ ਸੀ, ਤੇ ਇਤਿਹਾਦੀ ਫ਼ੌਜਾਂ ਅਗਾਂਹ ਵਧ ਰਹੀਆਂ ਸਨ। ਉਸ ਦੇ ਖ਼ਤ ਨੂੰ ਲਿਖਿਆਂ ਅਜ ਤਿੰਨ ਹਫ਼ਤੇ ਹੋ ਚੁਕੇ ਸਨ। ਉਹ ਜਦੋਂ ਪੜ੍ਹ ਰਹੀ ਸੀ, ਉਹ ਸ਼ਾਇਦ ਪਾਟਦੇ ਬੰਬਾਂ ਦੇ ਨਰਕ ਵਿਚ ਸੀ ਜਾਂ ਉਸ ਨੂੰ ਕੁਝ ਹੋ – ਪਰ ਜੀਕਰ ਉਸ ਆਖਿਆ ਸੀ, ਸਿਪਾਹੀ ਇਨ੍ਹਾਂ ਗਲਾਂ ਦਾ ਖ਼ਿਆਲ ਨਹੀਂ ਕਰਦੇ। ਪਰ ਉਹਨੂੰ ਕੀ – ਉਸ ਦਾ ਉਹ ਕੀ ਲਗਦਾ ਸੀ – ਉਸ ਨੂੰ ਚਿੰਤਾ ਕਿਉਂ ਹੋਵੇ ।

ਉਸ ਦੀ ਬੇਫ਼ਿਕਰ ਰਹਿਣ ਦੀ ਕੋਸ਼ਿਸ਼ ਕਾਮਯਾਬ ਨਾ ਹੋਈ ਜਦ ਨਾ ਅਗਲੇ ਤੇ ਨਾ ਅਗਲੇਰੇ ਹਫ਼ਤੇ ਕੋਈ ਖ਼ਤ ਆਇਆ। ਉਸ ਦਾ ਮਨ ਵੀ ਘੜੀ ਮੁੜੀ ਲੜਾਈ ਦੀ ਕਤਾਰ ਵਿਚ ਚਲਾ ਜਾਂਦਾ ਜਿਥੇ ਅਨੇਕਾਂ ਅਮ੍ਰੀਕਨ ਇਸਤ੍ਰੀਆਂ ਦੇ ਦਿਲ ਆਪਣੇ ਪਿਆਰਿਆਂ ਤੇ

ਦੁਸ਼ਮਨ ਦੇ ਵਿਚਕਾਰ ਢਾਲ ਬਣ ਕੇ ਖੜੋਨ ਦਾ ਯਤਨ ਕਰ ਰਹੇ ਸਨ। ਕੈਥਰੀਨ ਇਸ ਗਲ ਦਾ ਇਕਬਾਲ ਕਿਸੇ ਕੋਲ ਨਹੀਂ ਸੀ ਕਰਦੀ, ਪਰ ਜਦੋਂ ੩੭ ਦਿਨਾਂ ਤਕ ਕੋਈ ਖ਼ਤ ਨਾ ਆਇਆ ਤਾਂ ਉਸ ਦੀ ਚਿੰਤਾ ਲਗ ਪਗ ਉਸ ਦੇ ਨਰਵਸ ਸਿਸਟਮ ਨੂੰ ਚੂਰ ਕਰ ਚੁਕੀ ਸੀ।

੩੭ ਦਿਨਾਂ ਬਾਅਦ ਖ਼ਤ ਆਇਆ, ਤੇ ਇਹ ਉਸ ਦੇ ਆਪਣੇ ਹਥਾਂ ਦੀ ਲਿਖਤ ਨਹੀਂ ਸੀ ਤੇ ਕਿਸੇ ਬੇਸ ਹਸਪਤਾਲ ਦੇ ਨੋਟ ਪੇਪਰ ਉਤੇ ਲਿਖਿਆ ਹੋਇਆ ਸੀ। ਪਰ ਇਹ ਹੈ ਉਸੇ ਵਲੋਂ ਸੀ, ਕਿਉਂਕਿ ਉਹ "ਵਾਪਸ" ਨਾਲ ਸ਼ੁਰੂ ਕੀਤਾ ਹੋਇਆ ਸੀ, ਤੇ ਕੈਥਰੀਨ ਨੇ ਆਪਣੇ ਮਨ ਵਿਚ ਦੁਹਰਾਇਆ ਸੀ, "ਇਹ ਚਿਠੀ ਸ਼ੁਰੂ ਕਰਨ ਦਾ ਸਭ ਤੋਂ ਚੰਗਾ ਢੰਗ" – ਤੇ ਉਸ ਵਿਚ ਲਿਖਿਆ ਸੀ :

"ਹੈਰਾਨ ਨਾ ਹੋਣਾ ਕਿ ਇਹ ਮੇਰੇ ਹਥ ਦਾ ਲਿਖਿਆ ਨਹੀਂ। ਮੈਂ ਮਾੜਾ ਜਿਹਾ ਜ਼ਖਮੀ ਹੋ ਗਿਆ ਹਾਂ, ਤੇ ਆਪਣੀ ਸੱਜੀ ਬਾਂਹ ਵਰਤ ਨਹੀਂ ਸਕਦਾ – ਇਸ ਲਈ ਆਪਣੀਆਂ ਨਰਸਾਂ ਵਿਚੋਂ ਇਕ ਕੋਲੋਂ ਇਹ ਖ਼ਤ ਲਿਖਾ ਰਿਹਾ ਹਾਂ। ਮੈਂ ਸਿਹਤ ਨੂੰ ਉਡੀਕ ਕੇ ਹੀ ਲਿਖਦਾ, ਪਰ ਮੇਰਾ ਖ਼ਿਆਲ ਸੀ, ਤੁਸੀ ਜਾਨ ਸਕਾਰਬਰੋ ਦੀ ਬਾਬਤ ਜ਼ਰੂਰ ਕੁਝ ਸੁਨਣਾ ਚਾਹੁੰਦੇ ਹੋਵੋਗੇ। ਮੁਖ਼ਤਸਰ ਇਹ ਗਲ ਹੈ, ਕਿ ਜਾਨ "ਗੈਸ" ਹੋ ਗਿਆ ਹੈ। ਇਹ ਇਕ ਬੜੀ ਬਦਕਿਸਮਤ ਘਟਨਾ ਹੈ। ਜਾਨ ਨੂੰ ਗੈਸ ਨੇ ਅਕਹਿ ਤੇ ਅਸਹਿ ਪੀੜ ਕੀਤੀ ਤੇ ਉਹਦੀਆਂ ਅੱਖਾਂ ਦੀ ਜੋਤ ਖ਼ਰਾਬ ਕਰ ਦਿੱਤੀ ਹੈ – ਕਮ ਅਜ਼ ਕਮ, ਕੁਝ ਚਿਰ ਲਈ। ਚੰਗੇ ਇਤਫ਼ਾਕ ਨਾਲ ਅਸੀ ਦੋਵੇਂ ਇਕੋ ਹਸਪਤਾਲ ਵਿਚ ਭੇਜੇ ਗਏ। ਮੈਂ ਇਸ ਇਤਫ਼ਾਕ ਨੂੰ ਚੰਗਾ ਇਸ ਲਈ ਆਖਦਾ ਹਾਂ, ਕਿ ਇਸ ਬਿਨਾ ਉਹ ਕਦੇ ਵੀ ਆਪਣੀ ਪਤਨੀ ਨੂੰ ਮਿਲ ਨਾ ਸਕਦਾ, ਜਿਹੜੀ ਮੇਰਾ ਖ਼ਿਆਲ ਹੈ, ਉਸ ਨੂੰ ਓਨਾ ਹੀ ਪਿਆਰ ਕਰਦੀ ਹੈ, ਜਿੰਨਾ ਉਹ ਉਸ ਨੂੰ ਕਰਦਾ ਹੈ। ਉਹ ਹੁਣ ਉਸ ਨੂੰ ਜ਼ਰੂਰ ਬਹੁਤ ਸਾਰਾ

ਪਿਆਰ ਕਰੇਗੀ, ਉਸ ਯਾਦ ਦਾ ਸਦਕਾ ਜੋ ਉਹ ਕਦੇ ਸੀ ਕਿਉਂਕਿ ਹੁਣ ਫੇਰ ਉਸ ਕਦੇ ਵੀ ਉਹੋ ਜਿਹਾ ਨਹੀਂ ਹੋਣਾ। ਮੈਨੂੰ ਉਹਦੇ ਇਸ ਹਸਪਤਾਲ ਵਿਚ ਹੋਣ ਦਾ ਪਤਾ ਨਹੀਂ ਸੀ, ਇਕ ਅਰਦਲੀ ਪੁਛਦਾ ਆਇਆ ਕਿ ਕੋਈ ਫਲਾਣੀ ਰੈਜਮੈਂਟ ਦੀ "ਸੀ" ਬੈਟਰੀ ਦਾ ਅਫ਼ਸਰ ਹੋਵੇ?

" 'ਤੁਹਾਡੇ ਤੋਪਖ਼ਾਨੇ ਦਾ ਬੜਾ ਖ਼ਤਰਨਾਕ "ਕੇਸ" ਹੈ' ਅਰਦਲੀ ਨੇ ਰਿਪੋਰਟ ਕੀਤੀ, "ਤੇ ਨਰਸ ਇਨਚਾਰਜ ਦਾ ਖਿਆਲ ਹੈ, ਕਿ ਇਸ ਤੋਪਖਾਨੇ ਦਾ ਕੋਈ ਅਫ਼ਸਰ ਉਸ ਦੀ ਮਦਦ ਕਰ ਸਕੇਗਾ – ਇਕ ਸਾਰਜੈਂਟ ਜਿਸ ਦਾ ਨਾਂ ਸਕਾਰਬਰੋ ਹੈ – ਗੈਸ ਕੇਸ।' "

"ਜਾਨ ਬੇਹੋਸ਼ੀ ਵਿਚ ਗਲਾਂ ਕਰ ਰਿਹਾ ਸੀ, ਜਦੋਂ ਮੈਂ ਉਸ ਦੇ ਵਾਰਡ ਵਿਚ ਗਿਆ। ਮੈਂ ਨਰਸ ਇਨਚਾਰਜ ਨਾਲ ਗਲ ਕੀਤੀ। ਪਤਾ ਲਗਾ ਕਿ ਉਹ ਇਕ ਤਰਾਂ ਦੀ ਲਾ-ਇਲਾਜ ਬੇਆਰਾਮੀ ਵਿਚ ਆਪਣੇ ਆਪ ਨੂੰ ਪਾ ਰਿਹਾ ਸੀ ਕਿਉਂਕਿ ਦੋ ਮਹੀਨਿਆਂ ਤੋਂ ਉਸ ਦੀ ਪਤਨੀ ਦੀ ਖ਼ਬਰ ਨਹੀਂ ਸੀ ਆਈ। ਮੈਂ ਨਰਸ ਨੂੰ ਦਸਿਆ ਕਿ ਜਾਨ ਦੇ ਘਰ ਬੱਚਾ ਹੋਣ ਵਾਲਾ ਸੀ, ਤੇ ਅਸਾਂ ਫ਼ੈਸਲਾ ਕੀਤਾ ਕਿ ਉਹਨੂੰ ਖ਼ਤ ਕਿਸੇ ਤਰ੍ਹਾਂ ਜ਼ਰੂਰ ਆਉਣਾ ਚਾਹੀਦਾ ਹੈ। ਤੁਸੀ ਖ਼ਿਆਲ ਕਰ ਸਕਦੇ ਹੋ ਅਸਾਂ ਕੀਕਰ ਪ੍ਰਬੰਧ ਕੀਤਾ ਹੋਵੇਗਾ। ਇਕ ਮਾਂ ਪਹਿਲੀ ਵਾਰੀ ਬਹੁਤਾ ਕੁਝ ਨਹੀਂ ਲਿਖ ਸਕਦੀ। ਉਸ ਵਿਚ ਲਿਖਿਆ ਸੀ:

ਪਿਆਰੇ

"ਅਸੀ ਦੋਵੇਂ ਤੁਹਾਨੂੰ ਉਡੀਕ ਰਹੇ ਹਾਂ ਕਿ ਕਦੋਂ ਤੁਸੀਂ ਸਮੁੰਦਰ ਦੇ ਇਸ ਪਾਸੇ ਸਾਡੇ ਦੋਹਾਂ ਦੇ ਦਿਲ ਮੋੜ ਕੇ ਲਿਆਓਗੇ।

"ਇਹ ਚੰਗਾ ਸੀ ਤੇ ਅਨੁਸਚਿਤ ਸੀ – ਪਰ ਇਹ ਜਜ਼ਬਾਤੀ ਤੌਰ ਤੇ ਖ਼ਬਰ ਪਹੁੰਚਾਂਦਾ ਸੀ। ਦਸਖ਼ਤਾਂ ਦੀ ਮੈਨੂੰ ਚਿੰਤਾ ਹੋਈ। ਹਰੇਕ ਇਸਤ੍ਰੀ ਦਾ ਇਕ ਪਤੀ-ਨਾਮ ਹੁੰਦਾ ਹੈ, ਜਿਹੜਾ ਹੋਰ ਕੋਈ ਨਹੀਂ ਲੈਂਦਾ – ਜੀਕਰ ਤੁਹਾਨੂੰ ਵੀ ਪਤਾ ਹੋਵੇਗਾ – ਤੇ ਇਹ ਮੁਸ਼ਕਲ ਆਈ ਕਿ ਕੀਕਰ ਪਤੀ ਨੂੰ ਯਕੀਨ ਆਵੇਗਾ। ਤੁਸੀ ਬੁਝ ਨਹੀਂ ਸਕਦੇ, ਮੈਂ ਕੀਕਰ ਇਹ ਮੁਸ਼ਕਲ ਹਲ ਕੀਤੀ। ਮੈਂ ਮੰਨਦਾ ਹਾਂ ਕਿ ਇਹ ਬੜੀ ਚੰਗੀ ਚਾਲਾਕੀ ਸੀ। ਮੈਂ ਖ਼ਤ ਦੇ ਅਖ਼ੀਰ ਉੱਤੇ ਇਕ ਮੋਟੀ ਸਾਰੀ ਉਂਗਲਾਂ ਨਾਲ ਠੋਕੀ ਹੋਈ ਸੂਲੀ (Cross) ਦਾ ਨਿਸ਼ਾਨ ਲਾਇਆ ਤੇ ਥਲੇ ਲਿਖਿਆ : ਤੁਹਾਡੇ (ਬੱਚੇ ਦਾ) ਨਿਸ਼ਾਨ।

"ਮੈਂ ਜਾਨ ਕੋਲੋਂ ਦੂਰ ਹੀ ਰਿਹਾ। ਉਸ ਨੂੰ ਅਜੇ ਵੀ ਪਤਾ ਨਹੀਂ, ਕਿ ਮੈਂ ਉਸੇ ਹਸਪਤਾਲ ਵਿਚ ਹਾਂ, ਪਰ ਮੈਂ ਉਸ ਨੂੰ ਵੇਖ ਰਿਹਾ ਸਾਂ ਜਦੋਂ ਉਹ ਖ਼ਤ ਉਸ ਨੂੰ ਦਿੱਤਾ ਗਿਆ, ਉਸ ਨੇ ਕਿੰਨਾ ਚਿਰ ਅਨ-ਖੋਹਲਿਆ ਲਿਫ਼ਾਫ਼ਾ ਹਥ ਵਿਚ ਫੜੀ ਰਖਿਆ। ਉਹ ਯਕੀਨ ਕਰਨਾ ਚਾਹੁੰਦਾ ਸੀ ਕਿ ਖ਼ਤ ਉਸ ਦੀ ਪਤਨੀ ਵਲੋਂ ਹੀ ਹੈ – ਪਰ ਉਹਨੂੰ ਸ਼ਕ ਸੀ ਕਿ ਉਸ ਵਲੋਂ ਨਹੀਂ। ਓੜਕ ਉਸ ਨੇ ਉਸ ਨੂੰ ਆਪਣੀ ਕਸੌਟੀ ਤੇ ਲਾਇਆ – ਨਕ ਕੋਲ ਖੜ ਕੇ ਸੁੰਘਿਆ, ਕਿਸਮਤ ਨਾਲ ਮੈਨੂੰ ਇਸ ਗੱਲ ਦਾ ਖ਼ਿਆਲ ਆ ਗਿਆ ਸੀ – ਮੈਂ ਜਾਣ ਲਿਆ ਸੀ, ਉਹ ਜ਼ਰੂਰ ਸੁੰਘੇਗਾ। ਮੇਰੇ ਕੋਲ ਉਹ ਖ਼ੁਸ਼ਬੂ ਹੈ ਸੀ, ਤੇ ਮੈਂ ਉਸ ਦਾ ਨਿੱਕਾ ਜਿਹਾ ਕਤਰਾ ਉਸ ਖ਼ਤ ਉੱਤੇ ਲਾ ਦਿੱਤਾ ਹੋਇਆ ਸੀ। ਖ਼ਤ ਪ੍ਰੀਖਿਆ ਵਿਚ ਪਾਸ ਹੋ ਗਿਆ। ਜਾਨ ਸਕਾਰਬਰੋ ਦੇ ਸਾਰੇ

ਸ਼ਕ ਉਸ ਬਾਹਰ ਦੇ ਨਿੰਮ੍ਹੇ ਜਿਹੇ ਸਾਹ ਦੇ ਰੂਬਰੂ ਇਸ ਤਰ੍ਹਾਂ ਇਕ ਦਮ ਉਡ ਗਏ, ਕਿ ਮੈਨੂੰ ਜਾਦੂਗਰੀ ਦਾ ਵਿਸ਼ਵਾਸ਼ ਹੋਣ ਲਗ ਪਿਆ।

"ਬੱਚੇ ਦੇ ਦਸਖ਼ਤਾਂ ਨੇ ਹੋਰ ਵੀ ਜਾਦੂ ਕੀਤਾ, ਤੇ ਮੈਂ ਵੀ ਲਗ ਪਗ ਉਨਾ ਛਖ਼ਰ ਕਰ ਰਿਹਾ ਸਾਂ ਜਿੰਨਾ ਉਹ। ਉਹ ਏਡਾ ਹਸਿਆ ਤੇ ਏਨਾ ਚਿਰ ਹਸਿਆ ਕਿ ਮੈਂ ਤੇ ਨਰਸ ਦੋਵੇਂ ਰੋਣ ਲਗ ਪਏ। ਪਰ ਕੰਮ ਬੜਾ ਸੁਹਣਾ ਚਲਗਿਆ। ਜਾਨ ਰਾਜ਼ੀ ਹੋ ਰਿਹਾ ਹੈ। ਉਹ ਹੁਣ ਘਰ ਭੇਜ ਦਿੱਤਾ ਜਾਏਗਾ – ਥੋੜੇ ਹੀ ਚਿਰ ਵਿਚ, ਤੇ ਇਹ ਗੱਲ ਵੀ ਉਹ ਨੂੰ ਸਹਾਇਤਾ ਦੇ ਰਹੀ ਹੈ। ਇਕ ਖ਼ਤ ਉਸ ਦੀ ਪਤਨੀ ਦਾ ਆ ਵੀ ਗਿਆ ਹੈ ਤੇ ਹੁਣ ਸਭ ਕੁਝ ਠੀਕ ਹੈ। ਪਰ ਮੈਨੂੰ ਡਰ ਹੈ, ਹੁਣ ਮੇਰੇ ਕੋਲ ਤੁਹਾਨੂੰ ਖ਼ਤ ਲਿਖਣ ਦਾ ਬਹਾਨਾ ਨਹੀਂ ਰਹਿਣਾ। ਇਸ ਕਰ੍ਹ ਕੇ, ਤੇ ਕਈ ਹੋਰ ਗੱਲਾਂ ਕਰਕੇ ਵੀ ਜਿਹੜੀਆਂ ਮੈਂ ਲਿਖਣਾ ਨਹੀਂ ਚਾਹੁੰਦਾ; ਮੈਂ ਉਹ ਧਾਗਾ, ਜਿਹੜਾ ਤੁਹਾਡੇ ਤੇ ਉਸ ਆਦਮੀ ਵਿਚਕਾਰ ਸੀ, ਜਿਹੜਾ ਕਦੇ ਤੁਹਾਡਾ ਪਤੀ ਸੀ, ਆਪਣੇ ਦੋਹਾਂ ਹਥਾਂ ਵਿਚ ਫੜ ਕੇ – ਇਸ ਤਰ੍ਹਾਂ – ਤੋੜ ਰਿਹਾ ਹਾਂ –

"ਜੈਰੀ"

ਦਸਤਖ਼ਤ ਵੀ ਜੈਰੀ ਦੇ ਨਹੀਂ ਸਨ, ਪਰ ਤਾਂ ਵੀ ਇਹ ਖ਼ਤ ਸਾਰੇ ਦਾ ਸਾਰਾ ਉਸੇ ਦਾ ਸੀ। ਤੇ ਇਹ ਅਨ-ਖ਼ਿਆਲਿਆ ਧੱਕਾ ਕਿ ਉਹ ਹੁਣ ਫੇਰ ਕਦੇ ਖ਼ਤ ਨਹੀਂ ਲਿਖੇਗਾ। ਉਸਦਾ ਕੀ ਭਾਵ ਸੀ? ਕਿਉਂ? ਉਸਨੇ ਇਕ ਵਾਰੀ ਫੇਰ ਉਹ ਖ਼ਤ ਪੜ੍ਹਿਆ ਮਤੇ ਉਹ ਕੁਝ ਛਡ ਗਈ ਹੋਵੇ। ਉਹਦੇ ਵਿਚ ਹੋਰ ਕੁਝ ਨਹੀਂ ਸੀ, ਸਿਰਫ਼ ਕਿਤੇ ਕਿਤੇ ਚਿੱਟੇ

ਜਿਹੇ ਧੱਬੇ ਸਨ ਜਿਹੜੇ ਜਾਪਦੇ ਸਨ ਜੀਕਰ ਕਿਸੇ ਕਾਗ਼ਜ਼ ਉੱਤੇ ਕੁਝ ਸੁਟਿਆ ਹੁੰਦਾ ਹੈ। ਪਹਿਲੋਂ ਉਸ ਸੋਚਿਆ ਸ਼ਾਇਦ ਫਲੋਰ ਐਲਿਸ ਖ਼ੁਸ਼ਬੋ ਦੇ ਟਪੇ ਹੋਣ – ਪਰ ਉਨ੍ਹਾਂ ਧੱਬਿਆਂ ਵਿਚ ਕੋਈ ਖ਼ੁਸ਼ਬੋ ਨਹੀਂ ਸੀ।

ਕੈਥਰੀਨ ਨੇ ਕਈ ਘੰਟੇ ਦਿਮਾਗ਼-ਸੋਜ਼ੀ ਕੀਤੀ, ਫੇਰ ਉਹ ਰੇਲਵੇ ਸਟੇਸ਼ਨ ਤੇ ਗਈ, ਤੇ ਉਸ ਨੇ ਹੇਲਜ਼ ਫ਼ੈਰੀ ਦੀ ਟਿਕਟ ਖ਼ਰੀਦੀ, ਉਥੇ ਪਹੁੰਚ ਕੇ ਉਹ ਪੋਸਟ ਆਫ਼ਿਸ (ਡਾਕ ਖ਼ਾਨੇ) ਵਿਚ ਗਈ ਤੇ ਪੁਛਿਆ :

"ਕੀ ਮਿਸਿਜ਼ ਜਾਨ ਸਕਾਰਬਰੋ ਦੀ ਡਾਕ ਇਸ ਡਾਕ ਖ਼ਾਨੇ ਤੋਂ ਜਾਂਦੀ ਹੈ ?"

"ਨਹੀਂ" – ਉੱਤਰ ਮਿਲਿਆ।

"ਮੇਰਾ ਆਪਣਾ ਖ਼ਿਆਲ ਵੀ ਸੀ, ਕਿ ਨਹੀਂ" ਉਸ ਨੇ ਉੱਚੀ ਜਿਹੀ ਖ਼ਿਆਲ ਕੀਤਾ, "ਕੀ ਕੋਈ ਇਸ ਨਾਮ ਦਾ ਏਥੇ ਰਹਿੰਦਾ ਜਾਂ ਪਿਛੇ ਜਿਹੇ ਏਥੇ ਰਿਹਾ ਹੈ ?"

"ਨਹੀਂ – ਤੇ ਮੈਂ ਬੜੇ ਚਿਰ ਤੋਂ ਏਥੇ ਹਾਂ"

ਬਸ – ਏਨਾ ਹੀ ਕੈਥਰੀਨ ਜਾਨਣਾ ਚਹੁੰਦੀ ਸੀ। ਅਸਲ ਵਿਚ ਇਹ ਗੱਲ ਉਸ ਅਗੇ ਹੀ ਭਾਂਪ ਲਈ ਹੋਈ ਸੀ, ਕਿ ਕੋਈ ਮਿਸਿਜ਼ ਜਾਨ ਸਕਾਰਬਰੋ ਨਹੀਂ, ਤੇ ਨਾ ਕੋਈ ਸਾਰਜੈਂਟ ਜਾਨ ਸਕਾਰਬਰੋ ਹੈ, ਤੇ ਨਾ ਕੋਈ ਬੱਚਾ। ਇਹ ਇਕ ਚਾਲ ਸੀ ਜਿਹੜੀ ਜੇਰੀ ਨੇ ਚਲੀ। ਜਿਹੜੇ ਇਸ਼ਕੀਆ ਖ਼ਤਾਂ ਵਿਚ ਉਸ ਪੈਰੇ ਨਕਲ ਕੀਤੇ ਸਨ, ਉਹ ਉਹੀ ਸਨ ਜਿਹੜੇ ਉਹ ਆਪ ਕੈਥਰੀਨ ਨੂੰ ਲਿਖ ਰਿਹਾ ਸੀ, ਪਰ ਆਪਣੇ ਨਾਂ ਉੱਤੇ ਉਹ ਲਿਖਣ ਦੀ ਦਲੇਰੀ ਨਹੀਂ ਸੀ ਕਰ ਸਕਿਆ।

ਕੈਥਰੀਨ ਨੇ ਉਨ੍ਹਾਂ ਖ਼ਤਾਂ ਨੂੰ ਫੇਰ ਪੜ੍ਹਿਆ, ਤੇ ਉਹਦੀਆਂ ਅੱਖਾਂ ਡੁਬ ਡੁਬਾ ਗਈਆਂ। ਉਨ੍ਹਾਂ ਖ਼ਤਾਂ ਨੂੰ ਉਹ ਨਾਲ ਰਖਦੀ ਸੀ। ਤੇ ਉਹ ਪਿਛਲਾ ਖ਼ਤ ! ਉਹ ਹਰ ਵਰਕੇ ਉੱਤੇ ਚਿੱਟੇ ਧੱਬੇ। ਅਚਾਨਕ ਉਹ ਜਾਣ ਗਈ ਉਹ ਕੀ ਸਨ। ਉਹ ਉਸ ਨਰਸ ਦੇ ਹੰਝੂ ਸਨ ਜਿਦ੍ਹੇ ਕੋਲੋਂ ਉਹ ਖ਼ਤ ਲਿਖਾ ਰਿਹਾ ਸੀ। ਭਾਵੇਂ ਉਸ ਦਸਣਾ ਨਹੀਂ ਚਾਹਿਆ, ਪਰ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਹੈ—ਉਹ ਆਪ ਹੀ ਹੈ ਜਿਹੜਾ ਗੈਸ ਕੀਤਾ ਗਿਆ ਹੈ — ਤੇ ਸ਼ਾਇਦ ਹਮੇਸ਼ਾ ਲਈ ਅੰਨ੍ਹਾ ਹੋਗਿਆ ਹੈ। ਇਹੀ ਗਲ ਹੋਵੇਗੀ ਕਿ ਉਸ ਆਖਿਆ, ਉਹ ਕਿ ਫੇਰ ਕਦੇ ਨਹੀਂ ਲਿਖੇਗੀ। ਪਹਿਲੋਂ ਉਹ ਉਮੈਦ ਕਰ ਰਿਹਾ ਸੀ — ਪਰ ਹੁਣ ਉਹ ਉਸੇ ਦੀ ਖ਼ਾਤਰ ਰਿਸ਼ਤੇ ਦਾ ਧਾਗਾ ਹਮੇਸ਼ਾ ਲਈ ਤੋੜਨਾ ਚਾਹੁੰਦਾ ਸੀ, ਮਤੇ ਉਹਨੂੰ (ਕੈਥਰੀਨ) ਨੂੰ ਉਸਦੀ ਅੰਨ੍ਹੀ ਅਵਸਥਾ ਤੇ ਤਰਸ ਕਰਨਾ ਪਵੇ।

ਕਿਉਂਕਿ ਉਸ ਨੇ ਸਾਰੀ ਗੱਲ ਸਮਝ ਲਈ, ਤੇ ਕਿਉਂਕਿ ਉਹ ਦਿਨ ਬੜਾ ਨਿਖਰਿਆ ਸੀ, ਤੇ ਹੋਰ ਸਾਰੀਆਂ ਗੱਲਾਂ ਕਰ ਕੇ ਕੈਥਰੀਨ ਦਬ ਕੇ ਰੋਈ। ਪਰ ਰੋਣ ਦੇ ਬਾਅਦ ਉਸ ਨੇ ਕੁਝ ਹੋਰ ਵੀ ਕੀਤਾ। ਉਹ ਤਾਰ ਘਰ ਗਈ। ਕਹਿੰਦੇ ਨੇ ਇਸ ਤਾਰ ਨੇ ਫ਼ਰਾਂਸ ਵਿਚ ਇਕ ਅਮਰੀਕਨ ਬੇਸ ਹਸਪਤਾਲ ਵਿਚ ਪਏ ਮਰੀਜ਼ ਨੂੰ ਉਹ ਫ਼ਾਇਦਾ ਪਹੁੰਚਾਇਆ ਜਿਹੜਾ ਨਾ ਚੀਫ਼ ਸਰਜਨ ਤੇ ਨਰਸਾਂ ਪਹੁੰਚਾ ਸਕੀਆਂ ਸਨ।

ਜਦੋਂ ਜੈਰੀ ਨੂੰ ਉਹ ਤਾਰ ਪੜ੍ਹ ਕੇ ਸੁਣਾਈ ਗਈ, ਉਸਨੇ ਫ਼ੈਸਲਾ ਕੀਤਾ ਕਿ ਉਹ ਹੁਣ ਮਰਨ ਦੀ ਪੁੱਜਤ ਨਹੀਂ ਰਖ ਸਕੇਗਾ, ਉਸ ਨੂੰ ਜ਼ਰੂਰੀ ਰਾਜ਼ੀ ਹੋਣਾ ਚਾਹੀਦਾ ਹੈ, ਤੇ ਉਹ ਉਸੇ ਘੜੀ ਤੋਂ ਰਾਜ਼ੀ ਹੋਣ ਲਗ ਪਿਆ।

ਇਹ ਤਾਰ ਸੀ, ਜਿਹੜੀ ਕੈਥਰੀਨ ਨੇ ਜੇਰੀ ਨੂੰ ਭੇਜੀ ਸੀ – ਤੁਸਾਂ ਆਪ ਹੀ ਇਸ ਨੂੰ ਪਰਖਣਾ :

ਲੇਫ਼ਟੀਨੈਂਟ ਜੇਰੀ ਟਾਮਸ – ਬੇਸ ਹਸਪਤਾਲ ਨੰ: – ਫਰਾਂਸ

ਪਿਆਰੇ :

ਇਹ ਉਸ ਲੜੀ ਦੇ ਸੁਨੇਹਾਂ ਵਿਚੋਂ ਪਹਿਲ ਹੈ, ਜਿਹੜੇ ਤੁਹਾਨੂੰ ਉੱਨਾਂ ਚਿਰ ਰੋਜ਼ਾਨਾ ਸੈਂਸਰ ਕਰਨੇ ਪੈਣਗੇ ਜਿੰਨਾਂ ਚਿਰ ਤੁਸੀ ਉਸ ਘਰ ਵਿਚ ਵਾਪਸ ਨਹੀਂ ਆਉਂਦੇ ਜ਼ਿਹੜਾ ਅਸਾਂ ਕਦੇ ਬਣਾਇਆ ਹੀ ਨਹੀਂ ਸੀ । ਮਿਸਟਰ ਤੇ ਮਿਸਿਜ਼ ਸਕਾਰਬਰੋ, ਬੱਚਾ, ਤੇ ਬਿੱਲਾ ਸਾਰੇ ਏਥੇ ਤੁਹਾਨੂੰ ਉਡੀਕ ਰਹੇ ਹਨ, ਤੇ ਇਨ੍ਹਾਂ ਸਾਰਿਆਂ ਨਾਲੋਂ ਬਹੁਤੀ ਉਡੀਕਵਾਨ

ਵਾਪਸ, ਉਸ ਦਾ ਨਿਸ਼ਾਨ

★

# ਅਖ਼ੀਰਲਾ ਸਬਕ

ਮੈਂ ਉਸ ਦਿਨ ਘਰੋਂ ਚਿਰਾਕਾ ਸਕੂਲ ਵਲ ਤੁਰਿਆ, ਤੇ ਮੈਨੂੰ ਡਰ ਸੀ ਮਾਸਟਰ ਹਮੇਲ ਬਹੁਤ ਗੁੱਸੇ ਹੋਣਗੇ, ਕਿਉਂਕਿ ਉਹਨਾਂ ਗਰਾਮਰ ਦਾ ਸਬਕ ਸੁਣਨ ਵਾਸਤੇ ਆਖਿਆ ਸੀ ਤੇ ਮੈਨੂੰ ਏਸ ਸਬਕ ਦਾ ਕੁਝ ਵੀ ਨਹੀਂ ਸੀ ਆਉਂਦਾ। ਪਹਿਲੋਂ ਮੈਨੂੰ ਖਿਆਲ ਆਇਆ ਕਿ ਸਕੂਲ ਨਾ ਜਾਵਾਂ ਤੇ ਬਾਹਰ ਹੀ ਵਕਤ ਟਪਾ ਛਡਾਂ। ਬੜਾ ਨਿੱਘਾ ਤੇ ਰੌਸ਼ਨ ਦਿਨ ਸੀ। ਦਰਖ਼ਤਾਂ ਉੱਤੇ ਪਰਿੰਦੇ ਚੈਂ ਚੈਂ ਕਰ ਰਹੇ ਸਨ ਤੇ ਆਰਾ-ਮਸ਼ੀਨ ਦੇ ਪਿੱਛੇ, ਖੁਲ੍ਹੇ ਮਦਾਨ ਵਿਚ, ਜਰਮਨ ਸਿਪਾਹੀ ਕੁਐਦ ਪ੍ਰੇਟ ਕਰ ਰਹੇ ਸਨ। ਗਰਾਮਰ ਦੇ ਕਾਇਦਿਆਂ ਨਾਲੋਂ ਇਹ ਜ਼ਿਆਦਾ ਦਿਲ ਖਿਚਦੇ ਸਨ, ਪਰ ਮੈਂ ਤਕੜਾ ਹੀ ਸਾਬਤ ਹੋਇਆ ਤੇ ਸਕੂਲ ਵਲ ਕਾਹਲੀ ਕਾਹਲੀ ਤੁਰ ਪਿਆ।

ਜਦੋਂ ਮੈਂ ਟਾਊਨ ਹਾਲ ਕੋਲੋਂ ਲੰਘਿਆ, ਤਾਂ ਕਈ ਲੋਕ ਨੋਟਿਸ ਬੋਰਡ ਕੋਲ ਇਕੱਠੇ ਹੋਏ ਹੋਏ ਸਨ। ਪਿਛਲੇ ਦੋ ਵਰ੍ਹਿਆਂ ਤੋਂ ਸਾਡੀਆਂ ਸਾਰੀਆਂ ਖ਼ਬਰਾਂ ਏਸੇ ਬੋਰਡ ਤੋਂ ਪੜ੍ਹੀਆਂ ਜਾਂਦੀਆਂ ਰਹੀਆਂ ਸਨ – ਹਾਰੀਆਂ ਹੋਈਆਂ ਲੜਾਈਆਂ, ਕਮਾਂਡਿੰਗ ਅਫ਼ਸਰ ਦੇ ਹੁਕਮ ਆਦਿ – ਮੈਂ ਖਲੋਤਾ ਨਾ, ਪਰ ਦਿਲ ਵਿਚ ਸੋਚਦਾ ਸਾਂ:

"ਹੁਣ ਕਿਹੜੀ ਗਲ ਹੋ ਸਕਦੀ ਹੈ ?"

ਮੈਂ ਜੇਡੀ ਛੇਤੀ ਕਦਮ ਪੁਟ ਸਕਦਾ ਸਾਂ, ਤੁਰੀ ਗਿਆ। ਪਿੱਛੋਂ ਲੁਹਾਰ ਵਾਚਰ ਨੇ ਜਿਹੜਾ ਨੋਟਿਸ ਬੋਰਡ ਤੋਂ ਪੜ੍ਹ ਰਿਹਾ

ਸੀ, ਮੈਨੂੰ ਵਾਜ ਮਾਰੀ—

"ਐਡੀ ਕਾਹਲੀ ਕਿਉਂ ਕਰਨਾ ਏਂ — ਤੂੰ ਆਪਣੇ ਸਕੂਲ ਚੰਗੇ ਵੇਲੇ ਸਿਰ ਪਹੁੰਚ ਜਾਏਂਗਾ ।"

ਮੈਂ ਖ਼ਿਆਲ ਕੀਤਾ, ਉਹ ਮੇਰਾ ਮਖ਼ੌਲ ਉਡਾ ਰਿਹਾ ਸੀ, ਤੇ ਜਦੋਂ ਮੈਂ ਮਾਸਟਰ ਹਮੇਲ ਦੇ ਬਗੀਚੇ ਕੋਲ ਪਹੁੰਚਾ ਤਾਂ ਮੈਨੂੰ ਸਾਹ ਚੜ੍ਹਿਆ ਹੋਇਆ ਸੀ ।

ਆਮ ਤੌਰ ਤੇ ਜਦੋਂ ਸਕੂਲ ਲਗਿਆ ਕਰਦਾ ਸੀ, ਬੜਾ ਆਹਰ ਪਾਹਰ ਲਭਦਾ ਹੁੰਦਾ ਸੀ ਤੇ ਸਕੂਲ ਦੇ ਬਾਹਰ ਤਿਆਰੀ ਦਾ ਸ਼ੋਰ ਸੁਣਾਈ ਦਿਆ ਕਰਦਾ ਸੀ, — ਡੈਸਕਾਂ ਦਾ ਖੁਲ੍ਹਣਾ ਤੇ ਬੰਦ ਹੋਣਾ ਸਬਕਾਂ ਦਾ ਇਕੱਠਿਆਂ ਦੁਹਰਾਏ ਜਾਣਾ, ਉੱਚੀ ਉੱਚੀ, ਤੇ ਮਾਸਟਰ ਜੀ ਦੇ ਰੂਲ ਦਾ ਮੇਜ਼ ਉਤੇ ਖੜਾਕ । ਪਰ ਅਜ ਬਿਲਕੁਲ ਚੁਪ ਚਾਪ ਸੀ । ਮੈਂ ਆਸ ਰਖੀ ਹੋਈ ਸੀ, ਕਿ ਸ਼ੋਰ ਸ਼ਾਰ ਵਿਚ ਮਲਕੜੇ ਲੰਘ ਕੇ ਆਪਣੇ ਡੈਸਕ ਤੇ ਜਾ ਬਹਾਂਗਾ ਤੇ ਮੈਨੂੰ ਕੋਈ ਵੇਖੇਗਾ ਨਹੀਂ । ਪਰ ਓਦਨ ਤਾਂ ਐਤਵਾਰ ਦੇ ਗਿਰਜੇ ਵਰਗੀ ਖ਼ਾਮੋਸ਼ੀ ਸੀ । ਬਾਰੀ 'ਚੋਂ ਮੈਂ ਵੇਖਿਆ ਮੇਰੇ ਜਮਾਤੀ ਆਪਣੀਆਂ ਥਾਵਾਂ ਤੇ ਬੈਠੇ ਹੋਏ ਸਨ ਤੇ ਮਾਸਟਰ ਹਮੇਲ ਆਪਣਾ ਡਰਾਉਣਾ ਰੂਲ ਕਛ ਹੇਠ ਦਬਾਈ ਕਮਰੇ ਵਿਚ ਫਿਰ ਰਹੇ ਸਨ । ਮੈਂ ਬੂਹਾ ਖੋਹਲਿਆ ਤੇ ਸਭ ਦੇ ਸਾਹਮਣੇ ਮੈਨੂੰ ਜਾਣਾ ਪਿਆ । ਤੁਸੀਂ ਖ਼ਿਆਲ ਕਰ ਸਕਦੇ ਹੋ, ਮੈਂ ਕਿਸ ਤਰ੍ਹਾਂ ਸ਼ਰਮਾ ਤੇ ਡਰ ਰਿਹਾ ਹੋਵਾਂਗਾ ।

"ਛੇਤੀ ਆਪਣੀ ਥਾਂ ਤੇ ਚਲੇ ਜਾਓ, ਨਿੱਕੇ ਫ਼ਰਾਂਜ਼, ਅਸੀਂ ਤੇਰੇ ਬਿਨਾ ਹੀ ਸ਼ੁਰੂ ਕਰ ਦੇਣ ਲਗੇ ਸਾਂ ।"

ਮੈਂ ਬੈਂਚ ਤੋਂ ਟਪ ਕੇ ਆਪਣੇ ਡੈਸਕ ਤੇ ਬਹਿ ਗਿਆ । ਜਦੋਂ ਮੇਰਾ ਡਰ ਕੁਝ ਲਹਿ ਗਿਆ ਤਾਂ ਮੈਂ ਵੇਖਿਆ ਕਿ ਸਾਡੇ ਮਾਸਟਰ ਨੇ ਆਪਣਾ ਸੁਹਣਾ ਸਾਵਾ ਕੋਟ ਪਾਇਆ ਹੋਇਆ, ਝਾਲਰ ਵਾਲੀ ਕਮੀਜ਼, ਤੇ ਕਾਲੀ ਰੇਸ਼ਮੀ ਟੋਪੀ । ਇਹ ਕਪੜੇ ਉਹ ਸਿਰਫ਼

ਇਨਸਪੇਕਟਰ ਆਉਣ ਉੱਤੇ ਜਾਂ ਇਨਾਮ ਦੇਣ ਵਾਲੇ ਦਿਨ ਪਾਇਆ ਕਰਦੇ ਸਨ। ਇਸ ਤੋਂ ਇਲਾਵਾ ਸਾਰਾ ਸਕੂਲ ਹੀ ਉਸ ਦਿਨ ਬੜਾ ਓਪਰਾ ਤੇ ਗੰਭੀਰ ਜਿਹਾ ਜਾਪਦਾ ਸੀ। ਪਰ ਜਿਹੜੀ ਗਲ ਨੇ ਮੈਨੂੰ ਬਹੁਤ ਹੈਰਾਨ ਕੀਤਾ ਉਹ ਇਹ ਸੀ, ਕਿ ਪਿਛਲੇ ਬੈਂਚਾਂ ਤੇ, ਜਿਹੜੇ ਹਮੇਸ਼ਾ ਖ਼ਾਲੀ ਰਿਹਾ ਕਰਦੇ ਸਨ, ਪਿੰਡ ਦੇ ਲੋਕ ਸਾਡੇ ਵਾਂਗੂ ਬੈਠੇ ਹੋਏ ਸਨ, ਬੁੱਢਾ ਹਾਜ਼ਰ, ਤਿੰਨ-ਨੁਕਰੀ ਟੋਪੀ ਪਾਈ ਹੋਈ, ਪੁਰਾਣਾ ਪ੍ਰੈਜ਼ੀਡੈਂਟ, ਪੁਰਾਣਾ ਪੋਸਟ ਮਾਸਟਰ ਤੇ ਹੋਰ ਕਈ ਲੋਕ। ਸਾਰਿਆਂ ਦੇ ਮੂੰਹ ਉਦਾਸ ਸਨ; ਤੇ ਹਾਜ਼ਰ ਇਕ ਪੁਰਾਣੀ ਕਿਤਾਬ ਨਾਲ ਲਿਆਇਆ ਹੋਇਆ ਸੀ ਜਿਸ ਨੂੰ ਉਸ ਨੇ ਗੋਡਿਆਂ ਉਤੇ ਖੋਹਲਿਆ ਹੋਇਆ ਸੀ ਤੇ ਉਸ ਦੀਆਂ ਐਨਕਾਂ ਕਿਤਾਬ ਦੇ ਵਰਕਿਆਂ ਉੱਤੇ ਰਖੀਆਂ ਹੋਈਆਂ ਸਨ।

ਮੈਂ ਇਸ ਸਭ ਕਾਸੇ ਬਾਬਤ ਸੋਚ ਰਿਹਾ ਸਾਂ, ਕਿ ਮਾਸਟਰ ਹਮੇਲ ਆਪਣੇ ਬੈਂਚ ਉਤੇ ਖਲੋ ਗਏ ਤੇ ਉਸੇ ਗੰਭੀਰ ਤੇ ਨਰਮ ਲਹਿਜੇ ਵਿਚ, ਜਿਸ ਵਿਚ ਉਹਨਾਂ ਮੇਰੇ ਨਾਲ ਗਲ ਕੀਤੀ ਸੀ, ਕਹਿਣ ਲਗੇ :

"ਮੇਰੇ ਬਚਿਓ, ਇਹ ਅਖ਼ੀਰਲਾ ਸਬਕ ਹੈ ਜਿਹੜਾ ਮੈਂ ਤੁਹਾਨੂੰ ਪੜ੍ਹਾਵਾਂਗਾ। ਬਰਲਿਨ ਤੋਂ ਹੁਕਮ ਆ ਗਿਆ ਹੈ ਕਿ ਅਗੋਂ ਅਲਸਿਸ ਤੇ ਲੋਰੇਨ ਦੇ ਇਲਾਕੇ ਵਿਚ ਸਿਰਫ਼ ਜਰਮਨ ਜ਼ਬਾਨ ਪੜ੍ਹਾਈ ਜਾਇਆ ਕਰੇਗੀ। ਨਵਾਂ ਮਾਸਟਰ ਕਲ੍ਹ ਆਵੇਗਾ ! ਇਹ ਤੁਹਾਡਾ ਅਖ਼ੀਰਲਾ ਫ਼ਰਾਂਸੀਸੀ ਸਬਕ ਹੈ। ਮੈਂ ਚਾਂਹਦਾ ਹਾਂ, ਤੁਸੀ ਬੜੇ ਧਿਆਨ ਨਾਲ ਸੁਣੋ।"

ਮੈਂ ਜਾਤਾ ਕੋਈ ਬਿਜਲੀ ਮੇਰੇ ਉੱਤੇ ਟੁਟ ਪਈ ਸੀ।

ਉਹ, ਇਹੀ ਨੋਟਿਸ ਸੀ ਜਿਹੜਾ ਕਮ ਬਖ਼ਤਾਂ ਨੇ ਟਾਊਨ ਹਾਲ ਦੇ ਨੋਟਿਸ-ਬੋਰਡ ਤੇ ਲਾਇਆ ਸੀ।

ਮੇਰਾ ਅਖ਼ੀਰਲਾ ਫ਼ਰੇਂਚ ਸਬਕ ! ਕਿਉਂ ਮੈਂ ਅਜੇ ਲਿਖਾਈ

ਸਿਖੀ ਵੀ ਨਹੀਂ ਸੀ। ਹੁਣ ਹੋਰ ਮੈਂ ਕਦੇ ਨਹੀਂ ਸਿਖਾਂਗਾ ! ਤਾਂ ਹੁਣ ਮੈਂ ਏਥੇ ਹੀ ਬੰਦ ਕਰ ਦਿਆਂਗਾ ! ਮੈਨੂੰ ਕੇਡਾ ਅਫ਼ਸੋਸ ਸੀ ਕਿ ਮੈਂ ਆਪਣੇ ਸਬਕ ਯਾਦ ਨਹੀਂ ਸਾਂ ਕਰਦਾ ਰਿਹਾ, ਤੇ ਜਾਨਵਰਾਂ ਦੇ ਆਂਡੇ ਢੂੰਡਦਾ ਰਿਹਾ ਸਾਂ। ਮੇਰੀਆਂ ਕਿਤਾਬਾਂ ਜਿਹੜੀਆਂ ਮੈਨੂੰ ਏਡੀਆਂ ਭਾਰੀਆਂ ਜਾਪਦੀਆਂ ਸਨ, ਕਿ ਮੈਂ ਚੁਕਦਾ ਔਖਾ ਹੋਇਆ ਕਰਦਾ ਸਾਂ—ਮੇਰੀ ਗਰਾਮਰ, ਮੇਰੀ ਹਿਸਟਰੀ, ਉਹ ਮੈਨੂੰ ਹੁਣ ਇਹੋ ਜਿਹੇ ਪੁਰਾਣੇ ਦੋਸਤ ਜਾਪਦੀਆਂ ਸਨ, ਕਿ ਮੈਂ ਛਡ ਨਹੀਂ ਸਾਂ ਸਕਦਾ। ਤੇ ਮਾਸਟਰ ਹਮੇਲ — ਇਹ ਖ਼ਿਆਲ ਕਰਦਿਆਂ ਕਿ ਉਹ ਹੁਣ ਚਲੇ ਜਾਣਗੇ ਤੇ ਮੈਂ ਉਹਨਾਂ ਨੂੰ ਫੇਰ ਕਦੇ ਨਹੀਂ ਵੇਖ ਸਕਾਂਗਾ— ਮੈਨੂੰ ਉਹਨਾਂ ਦੇ ਸਖ਼ਤ ਰੂਲ ਬਾਬਤ ਸਭ ਕੁਝ ਭੁਲ ਗਿਆ, ਤੇ ਮੈਨੂੰ ਉਹਨਾਂ ਦਾ ਖ਼ਬਤੀ ਹੋਣਾ ਵੀ ਕੁਝ ਯਾਦ ਨਾ ਰਿਹਾ।

ਵਿਚਾਰਾ ਮਾਸਟਰ ! ਅਖ਼ੀਰਲੇ ਸਬਕ ਦੇ ਸਤਿਕਾਰ ਵਿਚ ਉਸ ਆਪਣਾ ਚੰਗਾ ਸੂਟ ਪਾਇਆ ਸੀ, ਤੇ ਹੁਣ ਮੈਨੂੰ ਸਮਝ ਆਈ, ਕਿਉਂ ਪਿੰਡ ਦੇ ਬੁੱਢੇ ਆਦਮੀ ਸਾਡੇ ਪਿੱਛੇ ਕਮਰੇ ਵਿਚ ਬੈਠੇ ਹੋਏ ਸਨ ! ਏਸ ਲਈ ਕੀ ਉਹ ਵੀ ਉਦਾਸ ਸਨ, ਕਿਉਂ ਉਹਨਾਂ ਬਹੁਤਾ ਕੁਝ ਨਾ ਪੜ੍ਹਿਆ। ਉਹ ਸਾਡੇ ਮਾਸਟਰ ਦੀ, ਚਾਲੀ ਵਰ੍ਹਿਆਂ ਦੀ ਵਫ਼ਾਦਾਰ ਨੌਕਰੀ ਲਈ ਇਸ ਤਰ੍ਹਾਂ ਅਖ਼ੀਰਲੇ ਦਿਨ ਹਾਜ਼ਰ ਹੋ ਕੇ ਸ਼ੁਕਰ ਗੁਜ਼ਾਰੀ ਦਾ ਅਹਿਸਾਸ ਜ਼ਾਹਿਰ ਕਰ ਰਹੇ ਸਨ ਤੇ ਉਸ ਮੁਲਕ ਲਈ ਸਤਿਕਾਰ ਪ੍ਰਗਟ ਕਰ ਰਹੇ ਸਨ ਜਿਹੜਾ ਹੁਣ ਉਹਨਾਂ ਦਾ ਨਹੀਂ ਸੀ ਰਿਹਾ।

ਜਦੋਂ ਮੈਂ ਇਹ ਕੁਝ ਸੋਚ ਰਿਹਾ ਸਾਂ, ਮੈਂ ਸੁਣਿਆ ਮੇਰਾ ਨਾਂ ਕਿਸੇ ਨੇ ਬੋਲਿਆ। ਮੇਰੀ ਵਾਰੀ ਸੀ ਪੜ੍ਹਨ ਦੀ। ਮੈਂ ਕੀ ਨਹੀਂ ਸਾਂ ਦੇ ਸਕਦਾ, ਜੇ ਕਦੇ ਉਚੀ ਦਿਤੀ, ਬਿਨਾਂ ਗ਼ਲਤੀ ਕੀਤਿਆਂ ਆਪਣਾ ਸਾਰਾ ਸਬਕ ਪੜ੍ਹ ਦੇਣ ਦੀ ਲਿਆਕਤ ਮੇਰੇ ਵਿਚ ਉਸ ਵੇਲੇ ਆ ਜਾਂਦੀ। ਪਰ ਮੈਂ ਘਬਰਾ ਗਿਆ, ਤੇ ਪਹਿਲੇ ਲਫ਼ਜ਼ ਵੀ

ਮੇਰੇ ਕੋਲੋਂ ਨਾ ਪੜ੍ਹੇ ਗਏ, ਮੇਰਾ ਦਿਲ ਧੜਕ ਰਿਹਾ ਸੀ ਤੇ ਮੈਂ ਡੈਸਕ ਫੜ ਕੇ ਖਲੋਤਾ ਹੋਇਆ ਸਾਂ, ਤੇ ਉਤਾਂਹ ਤਕਣ ਦੀ ਦਲੇਰੀ ਮੇਰੇ ਵਿਚ ਨਹੀਂ ਸੀ। ਮੈਂ ਸੁਣਿਆ ਮਾਸਟਰ ਹਮੇਲ ਕਹਿ ਰਹੇ ਸਨ :

"ਨਿਕੇ ਫ਼ਰਾਂਜ਼, ਮੈਂ ਤੈਨੂੰ ਝਿੜਕਾਂਗਾ ਨਹੀਂ, ਤੈਨੂੰ ਆਪ ਬੜੀ ਸ਼ਰਮ ਆ ਰਹੀ ਹੈ। ਪਰ ਵੇਖ, ਇਹ ਹਾਲ ਹੋਇਆ ਕਿਸ ਤਰ੍ਹਾਂ – ਹਰ ਰੋਜ਼ ਅਸੀਂ ਆਪਣੇ ਆਪ ਨੂੰ ਕਹਿੰਦੇ ਹਾਂ, 'ਵਾਹ – ਬਥੇਰਾ ਵਕਤ ਏ। ਮੈਂ ਕਲ੍ਹ ਪੜ੍ਹ ਲਵਾਂਗਾ।' ਤੇ ਹੁਣ ਤੂੰ ਵੇਖਦਾ ਹੈਂ, ਨਤੀਜਾ ਕੀ ਹੋਇਆ। ਅਲਸੇਸ ਦੀ ਵੱਡੀ ਤਕਲੀਫ਼ ਹੀ ਇਹੀ ਹੈ– ਇਹ ਮੁਲਕ ਆਪਣੇ ਇਲਮ ਨੂੰ ਅਗਾਂਹ ਹੀ ਅਗਾਂਹ ਪਾਂਦਾ ਰਿਹਾ ਹੈ – ਹੁਣ ਜਿਹੜੇ ਆਦਮੀ ਤੁਹਾਡੇ ਤੇ ਹਕੂਮਤ ਕਰਨ ਆਉਣਗੇ, ਉਹ ਇਹ ਕਹਿਣ ਦਾ ਹਕ ਰਖਣਗੇ : "ਇਹ ਕੀਕਰ ਹੈ, ਕਿ ਤੁਸੀ ਆਪਣੇ ਆਪ ਨੂੰ ਫਰਾਂਸੀਸੀ ਆਖਦੇ ਹੋ, ਪਰ ਨਾ ਤੁਸੀ ਆਪਣੀ ਜ਼ਬਾਨ ਲਿਖ ਸਕਦੇ ਹੋ, ਨਾ ਬੋਲ ਸਕਦੇ ਹੋ ?" – ਪਰ ਨਿਕੇ ਫ਼ਰਾਂਜ਼, ਤੂੰ ਹੀ ਇਕੱਲਾ ਕਸੂਰਵਾਰ ਨਹੀਂ, ਸਾਡੇ ਸਾਰਿਆਂ ਦੇ ਸਿਰ ਬਹੁਤ ਸਾਰੇ ਕਸੂਰਾਂ ਦੀ ਜ਼ਿਮੇਵਾਰੀ ਹੈ।

"ਤੇਰੇ ਮਾਪਿਆਂ ਨੂੰ ਤੇਰੇ ਪੜ੍ਹਨ ਦੀ ਬਹੁਤੀ ਪਰਵਾਹ ਨਹੀਂ ਸੀ। ਉਹ ਤੈਨੂੰ ਆਪਣੇ ਖੇਤ ਉੱਤੇ ਲਾਣਾ ਜ਼ਿਆਦਾ ਪਸੰਦ ਕਰਦੇ ਸਨ, ਕਿ ਕੁਝ ਹੋਰ ਰੁਪਈਆ ਕਮਾਇਆ ਜਾ ਸਕੇ। ਤੇ ਮੈਂ – ਮੇਰਾ ਵੀ ਕਸੂਰ ਕੋਈ ਘਟ ਨਹੀਂ। ਕੀ ਮੈਂ ਨਹੀਂ ਕਈ ਵਾਰੀ ਤੁਹਾਨੂੰ ਸਬਕ ਯਾਦ ਕਰਾਣ ਦੀ ਥਾਂ ਆਪਣੇ ਬਾਗ਼ ਦੇ ਫੁੱਲਾਂ ਨੂੰ ਪਾਣੀ ਦੇਣ ਲਈ ਘਲਦਾ ਰਿਹਾ – ਤੇ ਜਦੋਂ ਮੈਂ ਮੱਛੀਆਂ ਫੜਨ ਜਾਣਾ ਹੁੰਦਾ ਸੀ, ਉਦੋਂ ਮੈਂ ਤੁਹਾਨੂੰ ਛੁਟੀ ਨਹੀਂ ਸ਼ਾਂ ਦੇ ਦਿਆ ਕਰਦਾ ?"

ਫੇਰ ਗੱਲੋਂ ਆਈ ਗਲ ਕਰਦਿਆਂ ਮਾਸਟਰ ਹਮੇਲ ਫ਼ਰਾਂਸੀਸੀ ਜ਼ਬਾਨ ਉੱਤੇ ਬੜਾ ਚਿਰ ਬੋਲਦੇ ਰਹੇ। ਉਹ ਕਹਿੰਦੇ ਸਨ, ਫ਼ਰਾਂਸੀਸੀ ਜ਼ਬਾਨ ਸਭ ਤੋਂ ਸੁਹਣੀ ਜ਼ਬਾਨ ਹੈ – ਬੜੀ ਸਾਫ਼, ਬੜੀ

ਪੂਰਨ – ਤੇ ਸਾਨੂੰ ਚਾਹੀਦਾ ਹੈ, ਅਸੀਂ ਇਸ ਦੀ ਹਿਫ਼ਾਜ਼ਤ ਕਰੀਏ ਕਿਉਂਕਿ ਜਦੋਂ ਕੋਈ ਲੋਕ ਗ਼ੁਲਾਮ ਬਣਾਏ ਜਾਂਦੇ ਹਨ, ਤਾਂ ਜਿੰਨਾ ਚਿਰ ਉਹ ਆਪਣੀ ਜ਼ਬਾਨ ਨਹੀਂ ਛਡਦੇ, ਉਨਾਂ ਚਿਰ ਉਹ ਇਸ ਤਰ੍ਹਾਂ ਸਮਝ ਸਕਦੇ ਹਨ ਕਿ ਉਨ੍ਹਾਂ ਦੇ ਬੰਦੀ ਖ਼ਾਨੇ ਦੀ ਕੁੰਜੀ ਉਹਨਾਂ ਦੇ ਆਪਣੇ ਕੋਲ ਹੀ ਹੈ। ਤਦ ਉਹਨਾਂ ਨ ਗਰਾਮਰ ਦੀ ਕਿਤਾਬ ਖੋਹਲ ਕੇ ਸਾਨੂੰ ਸਬਕ ਪੜ੍ਹਾਇਆ। ਮੈਂ ਬੜਾ ਹੈਰਾਨ ਸਾਂ, ਮੈਨੂੰ ਉਸ ਦਿਨ ਬੜੀ ਚੰਗੀ ਸਮਝ ਆਈ ਸੀ। ਜੋ ਕੁਝ ਉਹਨਾਂ ਪੜ੍ਹਾਇਆ, ਕੇਡਾ ਸੁਖਾਲਾ ਜਾਪਦਾ ਸੀ – ਕੇਡਾ ਹੀ ਸੁਖਾਲਾ – ਮੈਂ ਅੱਗੇ ਕਦੇ ਧਿਆਨ ਨਾਲ ਸੁਣਿਆ ਹੀ ਨਹੀਂ ਸੀ – ਤੇ ਸ਼ਾਇਦ ਮਾਸਟਰ ਜੀ ਨੇ ਭੀ ਏਡੇ ਸਬਰ ਨਾਲ ਅੱਗੇ ਕਦੇ ਪੜ੍ਹਾਇਆ ਨਹੀਂ ਸੀ। ਜਾਪਦਾ ਸੀ ਕਿ ਉਹ ਵਿਚਾਰਾ ਮਾਸਟਰ ਜਾਣ ਤੋਂ ਪਹਿਲਾਂ ਸਭ ਕੁਝ ਪੜ੍ਹਾ ਜਾਣਾ ਚਾਹੁੰਦਾ ਸੀ ਤੇ ਇੱਕੋ ਵਾਰੀ ਸਭ ਕੁਝ ਸਾਡੇ ਦਿਮਾਗ਼ਾਂ ਵਿਚ ਪਾ ਦੇਣਾ ਚਾਹੁੰਦਾ ਸੀ।

ਗਰਾਮਰ ਦੇ ਬਾਅਦ ਸਾਨੂੰ ਉਹਨਾਂ ਲਿਖਾਈ ਦਾ ਸਬਕ ਦਿੱਤਾ। ਉਸ ਦਿਨ ਮਾਸਟਰ ਹਮੇਲ ਨੇ ਸਾਨੂੰ ਸੁਹਣੇ ਖ਼ੁਸ਼ਖ਼ਤ ਅਖਰਾਂ ਵਿਚ ਲਿਖੇ ਨਮੂਨੇ ਦਿੱਤੇ : ਫ਼ਰਾਂਸ, ਅਲਸੇਸ, ਫ਼ਰਾਂਸ ਅਲਸੇਸ। ਸਾਡੇ ਡੈਸਕਾਂ ਉਪਰਲੀ ਸੀਖ਼ ਨਾਲ ਇਹ ਲਟਕਦੇ ਨਮੂਨੇ ਨਿੱਕੇ ਝੰਡਿਆਂ ਵਾਂਗ ਜਾਪਦੇ ਸਨ। ਜੇ ਕਦੇ ਤੁਸੀ ਵੇਖਦੇ, ਕੀਕਰ ਅਸੀ ਸਾਰੇ ਉਸ ਦਿਨ ਕੰਮ ਕਰ ਰਹੇ ਸਾਂ, ਕੀਕਰ ਚੁਪ ਚਾਪ ਸੀ, ਸਿਰਫ਼ ਕਾਗਜ਼ਾਂ ਉੱਤੇ ਕਲਮ ਦੀ ਕਰੀਚ ਕਰੀਚ ਦੀ ਆਵਾਜ਼ ਹੀ ਆਉਂਦੀ ਸੀ। ਇਕ ਵਾਰੀ ਕਾਲੇ ਭੂੰਡ ਅੰਦਰ ਉਡ ਆਏ, ਪਰ ਕਿਸੇ ਨੇ ਉਹਨਾਂ ਵਲ ਧਿਆਨ ਨਾ ਦਿੱਤਾ – ਏਥੋਂ ਤਕ ਕਿ ਛੋਟੇ ਬਚਿਆਂ ਨੇ ਭੀ ਉਤਾਂਹ ਨਾ ਤਕਿਆ – ਉਹ ਭੀ ਆਪਣੀਆਂ ਮੱਛੀ-ਹੁੱਕਾਂ ਟਰੇਸ ਕਰਨ ਵਿਚ ਲੱਗੇ ਰਹੇ, ਜੀਕਰ ਇਹ ਹੁੱਕਾਂ ਭੀ ਫਰੈਂਚ ਸਨ। ਛਤ ਉੱਤੇ ਕਬੂਤਰ ਹੌਲੀ ਜਿਹੀ ਕੂ-ਕੂ ਕਰ ਰਹੇ ਸਨ ਤੇ ਮੈਂ ਮਨ

ਵਿਚ ਸੋਚਿਆ :

"ਕੀ ਉਹ ਇਹਨਾਂ ਨੂੰ ਭੀ ਜਰਮਨ ਵਿਚ ਗੌਣ ਲਈ ਮਜਬੂਰ ਕਰਨਗੇ – ਕਬੂਤਰਾਂ ਨੂੰ ਵੀ ?"

ਜਦੋਂ ਵੀ ਮੈਂ ਆਪਣੀ ਕਾਪੀ ਤੋਂ ਉਤਾਂਹ ਤਕਿਆ, ਮੈਂ ਵੇਖਿਆ ਮਾਸਟਰ ਹਮੇਲ ਆਪਣੀ ਕੁਰਸੀ ਉੱਤੇ ਅਡੋਲ ਬੈਠੇ ਹੋਏ ਸਨ । ਕਦੇ ਇਕ ਚੀਜ਼ ਵਲ ਵੇਖਦੇ ਕੇ ਕਦੇ ਦੂਜੀ ਵਲ । ਐਉਂ ਜਾਪਦਾ ਸੀ ਜਿਉਂ ਉਹ ਆਪਣੇ ਮਨ ਵਿਚ ਇਹਨਾਂ ਚੀਜ਼ਾਂ ਦਾ ਰੂਪ ਠੀਕ ਤਰ੍ਹਾਂ ਪੱਕਾ ਕਰ ਲੈਣਾ ਚਾਹੁੰਦੇ ਸਨ । ਸੋਚੋ – ਚਾਲੀ ਵਰ੍ਹੇ ਉਹ ਏਸੇ ਥਾਂ ਰਹੇ ਸਨ, ਬਾਰੀ ਦੇ ਪਿਛਲੇ ਪਾਸੇ ਉਹਨਾਂ ਦਾ ਬਾਗ਼ ਤੇ ਅਗਲੇ ਪਾਸੇ ਉਹਨਾਂ ਦੀ ਜਮਾਤ – ਹਮੇਸ਼ਾ ਏਸੇ ਤਰ੍ਹਾਂ । ਸਿਰਫ਼ ਡੈਸਕ ਤੇ ਬੈਂਚ ਘਸ ਕੇ ਕੂਲੇ ਹੋ ਗਏ ਸਨ, ਬਾਗ਼ ਵਿਚ ਅਖ਼ਰੋਟ ਦੇ ਦਰਖ਼ਤ ਉੱਚੇ ਹੋ ਗਏ ਸਨ, ਤੇ ਇਸ਼ਕ ਪੇਚੇ ਦੀ ਵੇਲ ਜਿਹੜੀ ਉਹਨਾਂ ਆਪ ਬੀਜੀ ਸੀ, ਹੁਣ ਬਾਰੀਆਂ ਤੇ ਉੱਚੀ ਚੜ੍ਹਕੇ ਛਤ ਉਤੇ ਖਿੱਲਰ ਗਈ ਸੀ । ਕੀਕਰ ਉਸ ਵਿਚਾਰੇ ਦਾ ਦਿਲ ਖੁਸਦਾ ਹੋਵੇਗਾ ਕਿ ਉਹ ਇਹਨਾਂ ਸਭ ਚੀਜ਼ਾਂ ਨੂੰ ਛਡ ਜਾਇਗਾ । ਉੱਤੋਂ ਟਰੰਕਾਂ ਦੇ ਸਾਂਭਣ ਦੀ ਆਵਾਜ਼ ਆ ਰਹੀ ਸੀ – ਉਨ੍ਹਾਂ ਦੀ ਭੈਣ ਅਸਬਾਬ ਸੰਭਾਲ ਰਹੀ ਸੀ ਕਿਉਂਕਿ ਜ਼ਰੂਰੀ ਸੀ ਕਿ ਉਹ ਕਲ ਮੁਲਕ ਛਡਕੇ ਵਾਪਸ ਚਲੇ ਜਾਣ ।

ਪਰ ਉਹਨਾਂ ਵਿਚ ਇਹ ਜਿਗਰਾ ਸੀ, ਕਿ ਉਹਨਾਂ ਅਖ਼ੀਰ ਤਕ ਸਾਰੇ ਸਬਕ ਸੁਣੇ । ਲਿਖਾਈ ਤੋਂ ਬਾਅਦ ਉਹਨਾਂ ਹਿਟਸਰੀ ਦਾ ਸਬਕ ਦਿੱਤਾ, ਤਦ ਛੋਟੇ ਬਚਿਆਂ ਨੇ ਗੌਂ ਕੇ ਆਪਣਾ ਸਬਕ ਦੁਹਰਾਇਆ – ਬਾ, ਬੇ, ਬੀ, ਬੋ, ਬੂ । ਪਿਛਲੇ ਪਾਸੇ ਬੈਠੇ ਬੁੱਢੇ ਹਾਜ਼ਰ ਨੇ ਆਪਣੀਆਂ ਐਨਕਾਂ ਲਾ ਲਈਆਂ ਸਨ, ਤੇ ਹਥ ਵਿਚ ਕਿਤਾਬ ਫੜੀ ਉਹ ਬਚਿਆਂ ਦੇ ਨਾਲ ਹਿੱਜੇ ਜੋੜ ਰਿਹਾ ਸੀ । ਤੁਸੀ ਵੇਖ ਸਕਦੇ ਸੋ ਕਿ ਉਹ ਰੋ ਰਿਹਾ ਸੀ, ਉਸ ਦੀ ਆਵਾਜ਼ ਕੰਬ ਰਹੀ

ਸੀ, ਆਹ – ਉਹ ਅਖ਼ੀਰਲਾ ਸਬਕ – ਮੈਨੂੰ ਕੇਡੀ ਚੰਗੀ ਤਰ੍ਹਾਂ ਯਾਦ ਹੈ ਉਸ ਵੇਲੇ ਅਚਾਨਕ, ਗਿਰਜੇ ਦੀ ਘੜੀ ਨੇ ਬਾਰਾਂ ਖੜਕਾਏ। ਫੇਰ ਪ੍ਰਾਰਥਨਾ ਦਾ ਘੜਿਆਲ ਖੜਕਿਆ। ਉਸੇ ਘੜੀ ਜਰਮਨਾਂ ਦੇ ਬਿਗਲ ਵੱਜੇ, ਜਦੋਂ ਉਹ ਡਰਿਲ ਕਰ ਕੇ ਸਾਡੀਆਂ ਬਾਰੀਆਂ ਕੋਲੋਂ ਲੰਘੇ। ਮਾਸਟਰ ਹਮੇਲ ਦਾ ਰੰਗ ਉਸ ਵੇਲੇ ਬੜਾ ਪੀਲਾ ਹੋ ਗਿਆ ਸੀ, ਤੇ ਉਹ ਕੁਰਸੀ ਤੋਂ ਉੱਠੇ। ਮੈਨੂੰ ਉਹ ਏਡੇ ਲੰਮੇ ਅਗੇ ਕਦੇ ਨਹੀਂ ਸਨ ਦਿੱਸੇ।

"ਮੇਰੇ ਦੋਸਤੋ !" ਉਹਨਾਂ ਆਖਿਆ "ਮੈਂ – ਮੈਂ" ਪਰ ਉਹਨਾਂ ਦਾ ਗਲਾ ਰੁਕ ਗਿਆ। ਉਹ ਹੋਰ ਨਾ ਬੋਲ ਸਕੇ।

ਤਦ ਉਹ ਬਲੈਕ ਬੋਰਡ ਕੋਲ ਗਏ, ਉਹਨਾਂ ਸਾਰੀ ਹਿੰਮਤ ਨਾਲ, ਚਾਕ ਫੜ ਕੇ, ਜੇਡਾ ਮੋਟਾ ਉਹ ਲਿਖ ਸਕਦੇ ਸਨ, ਬੋਰਡ ਉਤੇ ਲਿਖਿਆ :

"ਫ਼ਰਾਂਸ ਜ਼ਿੰਦਾਬਾਦ !"

ਤਦ ਉਹ ਖੜੋ ਗਏ ਤੇ ਕੰਧ ਨਾਲ ਢਾਸਨਾ ਲਾ ਕੇ, ਬਿਨਾਂ ਇਕ ਸ਼ਬਦ ਬੋਲੇ ਹਥ ਨਾਲ ਇਸ਼ਾਰਾ ਕੀਤਾ :

"ਸਕੂਲ ਬੰਦ ਹੋ ਗਿਆ ਹੈ – ਤੁਸੀਂ ਜਾ ਸਕਦੇ ਹੋ।"

# ਜ਼ਿੰਦਗੀ

ਓਹ ਆਪਣੇ ਚਾਰ ਸਾਲ ਦੇ ਮੁੰਡੇ ਨਾਲ ਸੜਕ ਪਾਰ ਕਰ ਰਹੀ ਸੀ। ਦੋ ਟਰੈਮਾਂ ਚੌਕਾਂ ਦੇ ਦੋਹਾਂ ਸਿਰਿਆਂ ਤੇ ਆਣ ਰੁਕੀਆਂ ਸਨ – ਇਹਨਾਂ ਰਾਹ ਰੋਕਿਆ ਹੋਇਆ ਸੀ। ਉਹ ਉਹਨਾਂ ਦੇ ਲੰਘਣ ਨੂੰ ਉਡੀਕ ਰਹੀ ਸੀ।

ਅਚਾਨਕ ਛੋਟਾ ਮੁੰਡਾ ਖ਼ੁਸ਼ੀ ਵਿਚ ਚੀਕਦਾ ਮਾਂ ਕੋਲੋਂ ਵਖ ਹੋ ਕੇ ਸੜਕ ਨੂੰ ਕਾਹਲਿਆਂ ਕਦਮਾਂ ਨਾਲ ਚਲ ਚੁਕੀਆਂ ਟਰੈਮਾਂ ਦੇ ਸਾਹਮਣਿਉਂ ਟਪ ਗਿਆ।

ਮਾਂ ਨੇ ਘਬਰਾ ਕੇ ਇਕ ਚੀਕ ਮਾਰੀ। ਉਹਦੀ ਚੀਕ ਏਨੀ ਡਰਾਉਣੀ ਸੀ ਕਿ ਦੋਹਾਂ ਟਰੈਮ-ਡਰਾਈਵਰਾਂ ਨੇ ਇਕੋ ਵੇਲੇ ਆਪਣੀਆਂ ਬ੍ਰੇਕਾਂ ਕਸ ਲਈਆਂ। ਅੰਦਰ ਬੈਠਿਆਂ ਨੇ ਬਾਰੀਆਂ ਵਿਚੋਂ ਬਾਹਰ ਤਕਿਆ, ਤੇ ਜਿਹੜੇ ਪੌੜੀਆਂ ਨਾਲ ਲਟਕੇ ਹੋਏ ਸਨ, ਉਹਨਾਂ ਪਹੀਆਂ ਥਲੇ ਤਕਣਾ ਸ਼ੁਰੂ ਕਰ ਦਿਤਾ।

"ਮਾਂ ਬਣੀ ਫਿਰਦੀ ਏ!" ਜ਼ਨਾਨੀਆਂ ਸਭ ਪਾਸਿਓਂ ਭੀੜ-ਸੁਭੀਤੀਂ ਬੋਲ ਪਈਆਂ, "ਕੁਝ ਤਾਂ ਸ਼ਰਮ ਹੋਣੀ ਚਾਹੀਦੀ ਏ!"

ਉਹ ਭੈ-ਭੀਤ ਹੋਈ ਦੋ ਟਰੈਮਾਂ ਵਿਚਲੀ ਭੀੜੀ ਥਾਂ ਵਲ 'ਕੋਲੀਆ! ਕੋਲੀਆ!' ਵਾਜਾਂ ਮਾਰਦੀ ਤੇਜ਼ੀ ਨਾਲ ਵਧੀ, ਤੇ ਉਸ ਪਲ ਉਹਦੀ ਸਾਰੀ ਸੂਰਤ ਦੁਖੀ ਤੇ ਸੋਗ-ਭਰੀ ਹੋ ਗਈ।

"ਤੇਰਾ ਮੁੰਡਾ ਕਿਹੋ ਜਿਹਾ ਏ? ਨੀਲੇ ਕੁੜਤੇ ਵਾਲਾ? ਸੁਨਹਿਰੀ ਵਾਲਾਂ ਵਾਲਾ?"

ਬੋਲ ਨਾ ਸਕਦਿਆਂ ਹੋਇਆਂ, ਆਪਣੇ ਮੂੰਹ ਤੋਂ ਪਸੀਨਾ ਪੂੰਝਦਿਆਂ ਤੇ ਇਕ ਹਥ ਗਲ ਦੁਆਲੇ ਵਲਿਆਂ, ਆਪਣੇ ਦੁਆਲੇ ਜੁੜੇ ਲੋਕਾਂ ਨੂੰ ਡਰ ਨਾਲ ਖੁਲ੍ਹੀਆਂ ਅਖਾਂ ਨਾਲ ਤਕਦਿਆਂ ਉਹਨੇ 'ਹਾਂ' ਵਿਚ ਸਿਰ ਹਿਲਾਇਆ ।

"ਕੀ ਉਹ ਤੇਰਾ ਮੁੰਡਾ ਈ ਏ ? ਉਹ ਤਕ ! ਇਕ ਫ਼ੌਜੀ ਨੇ ਉਹਨੂੰ ਚੁਕਿਆ ਹੋਇਆ ਏ । ਉਹਨੂੰ ਸ਼ਾਇਦ ਸਟ ਲਗੀ........."

"ਕਿਥੇ ? ਕਿਥੇ ?" ਤੇ ਉਹਨੇ ਕਾਹਲ ਨਾਲ ਓਧਰ ਉਲਾਂਘਾਂ ਭਰੀਆਂ ਜਿਧਰ ਲੋਕਾਂ ਇਸ਼ਾਰਾ ਕੀਤਾ ।

ਇਕ ਲੰਮਾ ਹਵਾਈ ਜਹਾਜ਼ ਚਲਾਣ ਵਾਲਾ, ਸਿਰ ਤੋਂ ਲੈ ਕੇ ਪੈਰਾਂ ਤਕ ਏਨਾ ਧੂੜ-ਲਿਬੜਿਆ ਇੰਜ ਜਾਪਦਾ ਸੀ ਕਿ ਉਹਨੇ ਕੋਈ ਖ਼ਾਕੀ ਵਰਦੀ ਪਾਈ ਹੋਈ ਹੈ, ਸੜਕ ਤੇ ਕੋਲੀਆ ਨੂੰ ਆਪ-ਣੀਆਂ ਬਾਹਵਾਂ ਵਿਚ ਲਈ ਜਾ ਰਿਹਾ ਸੀ । ਉਹ ਕਦੇ ਉਹਨੂੰ ਪਿਆਰ ਨਾਲ ਘੁਟ ਲੈਂਦਾ, ਕਦੇ ਉਹਦਾ ਮੂੰਹ ਚੁੰਮ ਲੈਂਦਾ । ਮੁੰਡਾ ਪ੍ਰਸੰਨ ਹਸ ਰਿਹਾ ਸੀ, ਤੇ ਉਹ ਲਾਡ ਨਾਲ ਉਸ ਉਡਾਰੂ (Pilot) ਦੀਆਂ ਗਲ੍ਹਾਂ ਨੂੰ, ਉਹਦਿਆਂ ਕੰਨ੍ਹਾਂ ਨੂੰ ਛੁਹ ਰਿਹਾ ਸੀ । ਉਹਨੂੰ ਕੋਈ ਸਟ ਨਹੀਂ ਸੀ ਲਗੀ ਦਿਸਦੀ, ਤੇ ਜਾਪਦਾ ਸੀ ਕਿ ਉਹ ਓਹਨਾਂ ਬਾਹਵਾਂ ਵਿਚ ਬਹੁਤ ਖ਼ੁਸ਼ ਹੈ ।

"ਕਾਮਰੇਡ ਏਅਰਮੈਨ (ਹਵਾਈ ਜਹਾਜ਼ ਚਲਾਣ ਵਾਲਾ — ਉਡਾਰੂ), ਕਾਮਰੇਡ ਏਅਰਮੈਨ, ਇਹ ਕੀ ਝੱਲ ਏ ?" ਮਾਂ ਉਹਦੇ ਪਿਛੇ ਦੌੜਦੀ ਉੱਚੀ ਉੱਚੀ ਬਲ ਰਹੀ ਸੀ ।

ਪਰ ਉਹ ਇਸ ਤਰ੍ਹਾਂ ਤੁਰਦਾ ਗਿਆ, ਜਿਸ ਤਰ੍ਹਾਂ ਉਹਨੇ ਇਕ ਲਫ਼ਜ਼ ਵੀ ਨਹੀਂ ਸੁਣਿਆ ।

"ਕੋਲੀਆ, ਮੇਰੇ ਆਪਣੇ ਨਿਕੇ ਕੋਲੀਆ" ਉਹ ਕਈ ਵਾਰ ਇੰਜ ਦੁਹਰਾਂਦਾ ਜਿਵੇਂ ਬੇ-ਹਦ ਖ਼ੁਸ਼ੀ ਦੀ ਬੇ-ਹੋਸ਼ੀ ਵਿਚ ਕੋਈ ਬੋਲਦਾ ਹੁੰਦਾ ਹੈ । "ਓ ਸ਼ੈਤਾਨ, ਤੂੰ ਏਥੇ ਕਿੰਜ ਆਣ ਪਹੁੰਚਿਆ ।"

ਮੁੰਡਾ ਉਹਨੂੰ ਕੁਝ ਦਸ ਰਿਹਾ ਸੀ।

"ਤੈਨੂੰ ਕਿਕਣ ਜੁਰੱਤ ਪਈ?" ਮਾਂ ਨੇ ਉਸ ਉਡਾਰੂ ਨੂੰ ਬਾਹਵਾਂ ਤੋਂ ਪਕੜ ਕੇ ਰੋਕਿਆ। ਉਹ ਗੁਸੇ ਨਾਲ ਤਕਰਬੀਨ ਝੱਲੀ ਹੋਈ ਹੋਈ ਸੀ।

"ਤੂੰ ਮੇਰੇ ਮੁੰਡੇ ਨੂੰ ਕਿਥੇ ਲੈ ਚਲਿਆਂ ਏਂ? ਇਹ ਬਿਲਕੁਲ ਧਿੰਗੋਜ਼ੋਰੀ ਏ!"

"ਤੇਰਾ ਮੁੰਡਾ! ਇਹ ਤਾਂ ਮੇਰਾ ਪੁਤਰ ਏ". ਤੇ ਜਿਵੇਂ ਆਪਣੇ ਆਪ ਨੂੰ ਯਕੀਨ ਦਿਵਾਣਾ ਹੁੰਦਾ ਹੈ, ਉਸ ਉਡਾਰੂ ਨੇ ਹੈਰਾਨ ਅੱਖਾਂ ਨਾਲ ਆਪਣੇ ਮੁੰਡੇ ਨੂੰ ਤਕਿਆ, "ਤੂੰ ਕਿਦ੍ਹਾ ਮੁੰਡਾ ਏਂ, ਕੋਲੀਆ?"

"ਤੁਹਾਡਾ, ਪਿਤਾ ਜੀ," ਛੋਟੇ ਮੁਡੇ ਨੇ ਜਵਾਬ ਦਿੱਤਾ ਤੇ ਆਪਣੀ ਬਾਂਹ ਖੋਹਲ ਕੇ ਉਸ ਇਸਤ੍ਰੀ ਵਲ ਕਰਦਿਆਂ, ਉਹਨੇ ਆਖਿਆ, "ਤੇ ਇਹ ਮਾਂ ਏ।"

"ਕਿਦ੍ਹੀ ਮਾਂ? ਤੇਰੀ ਮਾਂ ਕਿਥੇ ਹੈ?"

"ਮੇਰੀ ਅਸਲੀ ਮਾਂ ਕਬਰ ਵਿਚ ਏ", ਕੋਲੀਆ ਨੇ ਸਮਝਾਇਆ, "ਜਰਮਨ ਜਦੋਂ ਆਏ ਸਨ, ਉਹਨਾਂ ਉਸ ਨੂੰ ਬੰਦੂਕ ਨਾਲ ਮਾਰ ਦਿਤਾ, ਤੇ ਲਿਪਾ ਚਾਚੀ ਨੇ ਉਹਦਾ ਹਥ ਮੇਰੀਆਂ ਅੱਖਾਂ ਤੇ ਰਖਿਆ, ਪਰ ਮੈਂ ਪਿਛੋ ਉਹਨੂੰ ਤਕ........"

"ਬਸ, ਕੋਲੀਆ, ਬਸ," ਤੇ ਪਿਉ ਨੇ ਇਕ ਡੂੰਘਾ ਸਾਹ ਭਰਿਆ, ਸਾਹ ਭਰਦਿਆਂ ਇੰਜ ਜਾਪਦਾ ਸੀ ਜਿਵੇਂ ਇਕ ਮਿੰਟ ਲਈ ਉਹਦਾ ਸਾਰਾ ਸਰੀਰ ਹਿਲ ਗਿਆ ਹੋਵੇ। "ਸੋ ਤੁਸੀ ਇਹਨੂੰ ਲੈ ਕੇ ਪਾਲਿਆ। ਕੀ ਬਹੁਤ ਦੇਰ ਹੋਈ ਹੈ?" ਉਹਨੇ ਉਸ ਇਸਤ੍ਰੀ ਵਲ ਮੁੜ ਕੇ ਪੁਛਿਆ।

ਉਹ ਓਥੇ ਖੜੋਤੀ ਹੋਈ ਸੀ, ਉਹਦੀਆਂ ਅਖਾਂ ਅਧ-ਮੀਟੀਆਂ, ਬੁਲ੍ਹ ਟੁਕਦੀ ਜਿਵੇਂ ਕਿਸੇ ਤਿਖੀ ਪੀੜ ਨੂੰ ਜਰ ਰਹੀ ਹੋਵੇ। ਉਹਦਾ ਹਥ, ਜਿਹੜਾ ਹੁਣ ਵੀ ਉਹਦੇ ਗਲ ਦੁਆਲੇ ਵਲਿਆ ਸੀ, ਕੰਬ

ਰਿਹਾ ਸੀ।

"ਵੇਖੋ," ਉਡਾਰੂ ਨੇ ਕਿਹਾ, "ਤੁਹਾਨੂੰ ਹੁਣ ਤਾਂ ਹੈਰਾਨੀ ਦੀ ਕੋਈ ਲੋੜ ਨਹੀਂ। ਹੁਣ ਕੀ ਕਰਨਾ ਹੋਵੇਗਾ?...ਚੰਗਾ ਹੋਵੇ ਜੇ ਤੁਸੀ ਤੇ ਮੈਂ ਸਭ ਕੁਝ ਸੁਲਝ ਲਈਏ। ਤੁਸੀ ਕਿਥੇ ਜਾ ਰਹੇ ਸੋ ?"

"ਘਰ"

"ਆਪਣੀ ਫ਼ਲੈਟ ਵਲ ?"

"ਹਾਂ, ਸਾਡੇ ਘਰ ਵਲ" ਤੇ ਉਹਨੇ ਡਰ ਜਿਹੇ ਵਿਚ ਮੁੰਡੇ ਵਲ ਸਿਰ ਝੁਕਾਇਆ।

ਉਨ੍ਹਾਂ ਨੂੰ ਯਾਦ ਨਾ ਰਿਹਾ, ਕਿਸ ਤਰ੍ਹਾਂ ਉਹ ਉਸ ਥਾਂ ਤੇ ਪਹੁੰਚੇ। ਇਕ ਨਿਕਾ ਜਿਹਾ ਕਮਰਾ ਸੀ ਬੜੇ ਥੋੜੇ ਜਿਹੇ ਸਾਮਾਨ ਨਾਲ ਸਜਿਆ ਹੋਇਆ – ਇਕ ਸੋਫ਼ਾ, ਇਕ ਨਿਕਾ ਮੇਜ਼ ਤੇ ਇਕ ਕੋਨੇ ਵਿਚ ਪਏ ਸੂਟ ਕੇਸ ਤੇ ਤੇਲ ਦਾ ਸਟੋਵ।

ਬੜੇ ਸਾਰੇ ਪੁਰਾਣੇ ਖਿਡੌਣੇ ਬਾਰੀ ਦੀ ਸਿਲ ਤੇ ਖਿਲਰੇ ਪਏ ਸਨ।

ਉਡਾਰੂ ਨੇ ਆਪਣੇ ਪੁਤ੍ਰ ਨੂੰ ਕੁਛੜੋਂ ਲਾਹ ਕੇ ਜ਼ਮੀਨ ਤੇ ਖੜਾ ਕਰ ਦਿਤਾ।

"ਅਛਾ, ਮੈਨੂੰ ਜਾਣ ਪਛਾਣ ਕਰਾਣ ਦੀ ਇਜਾਜ਼ਤ ਦਿਓ – ਮੈਂ ਹਾਂ, ਮੇਜਰ ਬਰਾਜ਼ਹਨੋਵ।"

"ਮੇਰਾ ਨਾਂ ਰੋਗਾਲਚੁਕ। ਤੁਹਾਨੂੰ ਮਿਲ ਕੇ ਮੈਨੂੰ ਬੜੀ ਖ਼ੁਸ਼ੀ ਹੋਈ ਹੈ, ਤੇ ਮੈਂ ਆਸ ਕਰਦੀ ਹਾਂ ਕਿ ਸਾਡੇ ਵਿਚਕਾਰ ਹੁਣ ਕੋਈ ਗ਼ਲਤ-ਫ਼ਹਿਮੀ ਨਹੀਂ ਹੋਵੇਗੀ।"

"ਕਿਹੋ ਜਿਹੀ ਗ਼ਲਤ-ਫ਼ਹਿਮੀ ਹੋ ਸਕਦੀ ਹੈ ?"

ਉਸ ਇਸਤ੍ਰੀ ਤੇ ਇਕ ਤਿਖੀ ਨਜ਼ਰ ਨਾਲ ਤਕਦਿਆਂ, ਜਿਦ੍ਹਾ ਪਰਭਾਵ ਉਹਦੇ ਤੇ ਕੁਝ ਚੰਗਾ ਨਹੀਂ ਸੀ ਪਿਆ, ਉਹਨੇ ਹੈਰਾਨ ਹੋ ਕੇ ਪੁਛਿਆ।

ਉਹ ਔਸਤ ਕਦ ਤੋਂ ਮਧਰੀ ਸੀ, ਕੁਝ ਪਤਲੀ, ਕਾਫ਼ੀ ਸੁਹਣਾ ਮੂੰਹ ਜਿਨੂੰ ਓਹਦੇ ਬੁਲ੍ਹਾਂ ਦੁਆਲੇ ਪਈਆਂ ਬਹੁਤੀਆਂ ਲੀਕਾਂ, ਤੇ ਅਤਿਅੰਤੂ ਹੈਰਾਨੀ, ਦੁਖ, ਤੇ ਨਾਖ਼ੁਸ਼ੀ ਦੇ ਮਿਲਵੇਂ ਪ੍ਰਭਾਵ ਦੀ ਛਾਪ ਕੋਝਿਆਂ ਬਣਾ ਰਹੇ ਸਨ।

"ਕੀ ਤੁਸੀ ਪਹਿਲੋਂ ਨਹਾਣਾ ਨਹੀਂ ਚਾਹੋਗੇ, ਕਾਮਰੇਡ ਬਰਾਜ਼ਹਨੈਵ ? ਤੇ ਸ਼ਾਇਦ, ਇਕ ਕਪ ਚਾਹ ਦਾ ?"

ਉਸ ਇਸਤ੍ਰੀ ਦੀ ਅਵਾਜ਼ ਵਿਚ, ਮੇਜਰ ਨੇ ਮਹਿਸੂਸ ਕੀਤਾ, ਇਕ ਇੱਛਾ ਸੀ ਉਹਨੂੰ ਰੋਕਣ ਦੀ, ਕੋਈ ਬੇਨਤੀ ਕਰਨ ਦੀ, ਕੁਝ ਮੰਗਣ ਦੀ।

"ਪਰ ਪਹਿਲੋਂ ਹੀ ਜੇ ਗਲ ਸੁਲਝਾ ਲਈਏ।"

ਆਪਣੀ ਗਲ ਸ਼ੁਰੂ ਕਰਨ ਤੋਂ ਪਹਿਲਾਂ ਉਹ ਆਪਣੇ ਕਮਰੇ ਵਿਚੋਂ ਖਿਸਕ ਕੇ ਇਕ ਗੁਆਂਢੀ ਦੇ ਘਰ ਥੋੜੀ ਦੇਰ ਲਈ ਗਈ, ਤੇ ਵਿਚਲੇ ਰਾਹ ਵਿਚੋਂ ਆਂਦੇ ਖੜਾਕ ਤੋਂ ਬਰਾਜ਼ਹਨੈਵ ਨੇ ਅੰਦਾਜ਼ਾ ਲਾਇਆ ਕਿ ਕੇਟਲੀ ਅਗ ਤੇ ਰਖੀ ਗਈ ਹੈ।

"ਮੈਂ ਲੇਨਿਨ ਗਰਾਡ ਵਿਚ ਰਹਿੰਦੀ ਹੁੰਦੀ ਸਾਂ," ਰੋਗਾਲਚੁਕ ਨੇ ਆਖਿਆ, "ਮੇਰਾ ਪਤੀ ਜਨਵਰੀ ਵਿਚ ਮਾਰਿਆ ਗਿਆ ਸੀ, ਤਕਰੀਬਨ ਮੇਰੀਆਂ ਅੱਖਾਂ ਸਾਹਮਣੇ ਹੀ। – ਤੇ ਮੈਂ ਕੱਲੀ ਰਹਿ ਗਈ। ਇਹ ਮੇਰੇ ਲਈ ਏਡਾ ਸਦਮਾ ਸੀ – ਕਿ ਮੈਂ ਨਹੀਂ ਸਾਂ ਜਾਣਦੀ ਕਿ ਕੀ ਮੈਂ ਜੀਊਂਦੀ ਰਹਿ ਸਕਾਂਗੀ ! ਮੈਨੂੰ ਆਪਣੇ ਨੇੜੇ ਕਿਸੇ ਜਿਊਂਦੀ ਚੀਜ਼ ਦੀ ਛੁਹ ਦੀ ਲੋੜ ਸੀ, ਜਿਦ੍ਹੀ ਸਾਰੀ ਭਲਾਈ ... ਜਿਦ੍ਹੀ ਸਮੁਚੀ ਖ਼ੁਸ਼ੀ ਮੇਰੇ ਤੇ ਨਿਰਭਰ ਹੋਵੇ। ਜਦੋਂ ਮੈਂ ਪਹਿਲੀ ਵਾਰ ਕੋਲੀਆ ਨੂੰ ਤਕਿਆ, ਮੈਨੂੰ ਇਕਦਮ ਮਹਿਸੂਸ ਹੋਇਆ, ਇਹੀ ਸੀ ਜਿਸਨੂੰ ਮੈਂ ਟੋਲ ਰਹੀ ਹਾਂ, ਮੇਰਾ ਮੁੰਡਾ, ਮੇਰਾ ਸਦਾ ਲਈ।"

"ਪਰ ਉਹ ਅਨਾਥ ਨਹੀਂ", ਮੇਜਰ ਨੇ ਆਖਿਆ, "ਇਹ ਇਕ

ਗ਼ਲਤੀ ਹੈ।''

''ਹਾਂ, ਪਿਤਾ ਜੀ, ਮੈਂ ਅਨਾਥ ਹਾਂ'' ਕੋਲੀਆ ਵਿਚੋਂ ਬੋਲ ਪਿਆ, ''ਲਿਪਾ ਚਾਚੀ ਨੂੰ ਵੀ ਜਰਮਨਾਂ ਨੇ ਮਾਰ ਛਡਿਆ ਹੈ।''

ਉਹ ਉਤੇ ਬੈਠਾ ਹੋਇਆ ਸੀ, ਨਿਕਾ ਜਿਹਾ, ਪੀਲਾ ਜਿਹਾ, ਉਹਦੇ ਮੂੰਹ ਤੇ ਉਭਰੀਆਂ ਨੀਲੀਆਂ ਨਾੜੀਆਂ ਦੀਆਂ ਲੀਕਾਂ ਸਨ, ਤੇ ਬੜੇ ਧਿਆਨ ਨਾਲ ਆਪਣੀ ਜ਼ਿੰਦਗੀ ਦੀਆਂ ਗੰਢਾਂ ਖੁਲ੍ਹਣ ਨੂੰ ਸਮਝ ਰਿਹਾ ਸੀ।

''ਯਤੀਮ-ਖ਼ਾਨੇ ਵਿਚ ਮੈਨੂੰ ਦਸਿਆ ਗਿਆ ਸੀ ਕਿ ਕੋਲੀਆ ਦੀ ਮਾਂ ਮਾਰੀ ਜਾ ਚੁਕੀ ਹੈ, ਉਹਦਾ ਪਿਉ ਮੋਰਚੇ ਤੇ ਲੜਦਿਆਂ ਮਾਰਿਆ ਗਿਆ ਹੈ, ਤੇ ਉਹਦੇ ਨਜ਼ਦੀਕੀ ਸਾਕ ਜਾਂ ਤੇ ਮਾਰੇ ਗਏ ਸਨ ਜਾਂ ਹਸਪਤਾਲ ਵਿਚ ਜ਼ਖ਼ਮੀ ਹੋ ਕੇ ਪਏ ਸਨ। ਮੈਂ ਓਸੇ ਵੇਲੇ ਸਭ ਕਾਗ਼ਜ਼ੀ ਕਾਰਰਵਾਈ ਪੂਰੀ ਕਰ ਕੇ ਇਹਨੂੰ ਪੁਤ੍ਰ ਬਣਾ ਲਿਆ।''

''ਉਹ ਮੈਂ ਨਹੀਂ ਸਾਂ ਜਿਹੜਾ ਮੋਰਚੇ ਤੇ ਮਾਰਿਆ ਗਿਆ ਸੀ – ਉਹ ਕੋਈ ਹੋਰ ਸੀ ਜਿਦ੍ਹਾ ਨਾਂ ਮੇਰੇ ਵਰਗਾ ਸੀ।'' ਮੇਜਰ ਨੇ ਆਪਣੀ ਮੌਤ ਬਾਰੇ ਸਮਝਾਇਆ –

ਰੋਗਾਲਚੁਕ ਨੇ ਏਧਰ ਓਧਰ ਕਮਰੇ ਵਿਚ ਪਰੇਸ਼ਾਨ ਨਜ਼ਰ ਨਾਲ ਤਕਿਆ, ਜਿਵੇਂ ਉਹ ਕੋਈ ਚੀਜ਼ ਲਭ ਰਹੀ ਹੋਵੇ।

''ਤੁਸੀ ਕੀ ਲਭਦੇ ਹੋ, ਮਾਂ ਜੀ'' ਮੁੰਡੇ ਨੇ ਪੁਛਿਆ।

''ਪੁਤ੍ਰ ਮੇਰਾ ਹੈਂਡਬੈਗ ਕਿਥੇ ਹੈ ?''

''ਮਾਂ ਜੀ, ਹੁਣ ਫੇਰ ਤੁਹਾਨੂੰ ਨਹੀਂ ਲਭਦਾ ਪਿਆ, ਉਹ ਕੁਰਸੀ ਤੇ ਤਾਂ ਪਿਆ ਹੋਇਆ ਏ।''

ਮੇਜਰ ਨੇ ਨਜ਼ਰ ਚੁਰਾ ਕੇ ਆਪਣੇ ਮੁੰਡੇ ਨੂੰ ਤਕਿਆ – ਉਹ ਮੇਜ਼ ਤੇ ਆਪਣੀਆਂ ਉਂਗਲਾਂ ਨਾਲ ਖੜਾਕ ਕਰ ਰਿਹਾ ਸੀ। ਉਹਦਾ ਪੁਤ੍ਰ ਕਿਸੇ ਹੋਰ ਜ਼ਨਾਨੀ ਨੂੰ ਮਾਂ ਆਖ ਰਿਹਾ ਸੀ, ਉਹਨੂੰ ਇਹ ਇਕ ਤਿਖੇ ਡੰਗ ਵਾਂਗ ਚੁਭਿਆ, ਪਰ ਉਹਨੂੰ ਝਿੜਕਣ ਦੀ ਸਮਰਥਾ ਓਹਨੇ

ਆਪਣੇ ਆਪ ਵਿਚ ਨ ਅਨੁਭਵ ਕੀਤੀ ।

ਰੋਗਾਲਚੁਕ ਨੇ ਹੈਂਡਬੈਗ ਵਿਚੋਂ ਪਾਸਪੋਰਟ ਕਢ ਕੇ ਮੇਜਰ ਦੇ ਸਾਹਮਣੇ ਰਖ ਦਿਤਾ ।

''ਮੈਨੂੰ ਪੱਕਾ ਯਕੀਨ ਸੀ ਕਿ ਮੈਨੂੰ ਰੈਡ-ਆਰਮੀ ਦੇ ਕਮਾਂਡਰ, ਜਿਹੜਾ ਲੜਾਈ ਵਿਚ ਮਾਰਿਆ ਗਿਆ ਹੋਵੇ, ਦੇ ਪੁਤ੍ਰ ਨੂੰ ਲੈ ਲੈਣ ਦਾ ਪੂਰਾ ਹਕ ਸੀ । ਮੈਂ ਤੁਹਾਨੂੰ ਯਕੀਨ ਦੁਆਨੀ ਹਾਂ ਕਿ ਮੇਰੀ ਤਾਲੀਮ ਤਰਬੀਅਤ, ਤੇ ਮੇਰੀ ਆਮਦਨ ਇਸ ਬੱਚੇ ਨੂੰ ਚੰਗੀ ਤਰ੍ਹਾਂ ਪਾਲਣ ਲਈ ਕਾਫ਼ੀ ਹਨ । ... ... ਮੈਂ ਆਪ ਇਕ ਰੈਡ-ਆਰਮੀ ਕਮਾਂਡਰ ਦੀ ਵਿਧਵਾ ਹਾਂ'', ਰੋਗਾਲਚੁਕ ਨੇ ਆਖਿਆ, ਉਹਦੀ ਆਵਾਜ਼ ਜਜ਼ਬੇ ਦੀ ਬਹੁਲਤਾ ਕਾਰਣ ਕੰਬ ਰਹੀ ਸੀ, ''ਕੋਲੀਆ ਉਨਾ ਈ ਮੇਰਾ ਬੱਚਾ ਹੈ ਜਿੰਨਾ ਤੁਹਾਡਾ । ਉਹ ਕਾਨੂੰਨ ਸਾਹਮਣੇ ਮੇਰਾ ਪੁਤ੍ਰ ਹੈ, ਮੈਂ ਉਹਨੂੰ ਪੁਤਰ ਬਣਾ ਲਿਆ ਹੈ ।''

''ਤੁਹਾਡਾ ਕੀ ਮਤਲਬ – ਤੁਸੀ ਉਹਨੂੰ ਪੁਤਰ ਬਣਾ ਲਿਆ ਹੈ ! ਮੈਂ ਜ਼ਰੂਹ ਆਖਾਂਗਾ .........।''

''ਹਾਂ – ਭਾਵੇਂ ਉਹ ਨਿਕੋਲਾਈ ਬਰਾਜ਼ਹਨੋਵ ਹੀ ਹੈ, ਪਰ ਉਹਦਾ ਨਾਂ ਮੇਰੀ ਪਾਸਪੋਰਟ ਵਿਚ ਦਰਜ ਹੋ ਚੁਕਿਆ ਹੈ ।''

ਮੇਜਰ ਖੜੋ ਕੇ ਕਮਰੇ ਵਿਚ ਏਧਰ ਓਧਰ ਤੁਰਣ ਲਗ ਪਿਆ ।

''ਅਜੀਬ ਮੁਸ਼ਕਲ ਹੈ । ਕੀ ਕੀਤਾ ਜਾਏ ? ਤੇ ਸਾਨੂੰ ਫ਼ੈਸਲਾ ਵੀ ਹੁਣੇ ਹੀ ਕਰਨਾ ਹੋਵੇਗਾ, ਤੇ ਫ਼ੈਸਲਾ ਵੀ ਸਿਆਣਾ ਕਰਨਾ ਹੋਏਗਾ। ਜਿਹੜਾ ਖ਼ਿਆਲ ਤੁਸੀ ਮੇਰੇ ਬੱਚੇ ਦਾ ਰਖਿਆ ਹੈ, ਤੇ ਜਿਹੜਾ ਪਿਆਰ ਤੇ ਪਿਆਰ ਭਰੀ ਰਖਵਾਲੀ ਤੁਸੀ ਉਹਨੂੰ ਦਿੱਤੇ ਹਨ, ਇਹਨਾਂ ਲਈ ਸਭ ਤੋਂ ਪਹਿਲਾਂ ਮੈਂ ਤੁਹਾਡਾ ਦਿਲੋਂ ਸ਼ੁਕਰ-ਗੁਜ਼ਾਰ ਹਾਂ । ਤੁਸੀ ਨਹੀਂ ਸੋਚ ਸਕਦੇ ਮੈਂ ਤੁਹਾਡਾ ਕਿੰਨਾ ਧੰਨਵਾਦੀ ਹਾਂ, ਤੇ ਜਿਹੜੀ ਤੁਸੀ ਉਹਦੇ ਲਈ ਮਿਹਨਤ ਕੀਤੀ ਹੈ । ਜੇ ਮੈਨੂੰ ਉਹ ਬੇ-ਘਰ ਅਵਾਰਾ ਮੁੰਡਾ ਮਿਲਦਾ, ਤਾਂ ਮੈਨੂੰ ਪਤਾ ਨਹੀਂ ਮੈਂ ਕੀ ਕਰਦਾ ।

ਸਚ-ਮੁਚ ਉਹ ਇਕ ਬੜੀ ਵਡੀ ਮੁਸੀਬਤ ਹੋਣੀ ਸੀ। ... ... ਅਛਾ, ਜਦੋਂ ਮੈਂ ਲੜਾਈ ਤੋਂ ਮੁੜਾਂਗਾ ਤਾਂ ਅਸੀ ਕੀ ਕਰਾਂਗੇ ?''

''ਹੁਣੇ ਉਹਦੀ ਬਾਬਤ ਕੀ ਸੋਚਣਾ'' ਰੋਗਾਲਚੁਕ ਨੇ ਪਕਿਆਈ ਨਾਲ ਜੁਆਬ ਦਿੱਤਾ, ''ਮੇਰਾ ਖ਼ਿਆਲ ਹੈ, ਜਦੋਂ ਵਕਤ ਆਏਗਾ, ਅਸੀ ਏਸ ਤਰ੍ਹਾਂ ਦਾ ਫੈਸਲਾ ਕਰ ਸਕਾਂਗੇ ਜਿਸ ਵਿਚ ਬੱਚੇ ਦਾ ਲਾਭ ਹੋਵੇਗਾ, ਹਾਨੀ ਨਹੀਂ ਹੋਵੇਗੀ।''

ਕਦੇ ਉਹਨੂੰ ਮੁੰਡਾ ਪਿਆਰਾ ਨਹੀਂ ਸੀ ਜਾਪਿਆ, ਜਿੰਨਾਂ ਏਸ ਪਲ। ਗੰਢੀ ਹੋਈ ਕਮੀਜ਼ ਜਿਹੜੀ ਕਿਸੇ ਪੁਰਾਣੇ ਬਲਾਊਜ਼ ਵਿਚੋਂ ਬਣਾਈ ਗਈ ਸੀ, ਪਾਈ ਉਹ ਬੜਾ ਪਰੇਸ਼ਾਨ ਦਿਸਦਾ ਸੀ। ਉਹ ਜਾਣਦਾ ਸੀ ਕਿ ਉਹਦੀ ਕਿਸਮਤ ਦਾ ਫ਼ੈਸਲਾ ਹੋ ਰਿਹਾ ਹੈ, ਤੇ ਸ਼ਾਇਦ ਉਹਨੂੰ ਡਰ ਸੀ, ਕਿਤੇ ਇਹ ਵਡੇ ਵਡੇ ਠੀਕ ਫ਼ੈਸਲਾ ਨਾ ਕਰ ਸਕਣ।

ਮੇਜਰਾ ਨੇ ਇਕ ਹਉਕਾ ਭਰਿਆ।

''ਤੁਹਾਡੀ ਆਮਦਨ – ਕੀ ਇਹ ਦੋਵਾਂ ਲਈ ਕਾਫ਼ੀ ਹੈ ?''

''ਮੈਨੂੰ ਸ਼ਿਕਾਇਤ ਦੀ ਕੋਈ ਲੋੜ ਨਹੀਂ ਜਾਪਦੀ।''

''ਤੇ ਕਪੜੇ – ਅਜ ਕਲ੍ਹ ਤਾਂ ਕਾਫ਼ੀ ਮੁਸ਼ਕਲ ਹੋਵੇਗੀ।''

''ਜੋ ਕੁਝ ਬਹੁਤ ਜ਼ਰੂਰੀ ਹੈ – ਉਹ ਉਹਦੇ ਕੋਲ ਹੈ, ਤੇ ਜ਼ਰੂਰਤ ਤੋਂ ਬਹੁਤੇ ਦਾ ਇਹ ਸਮਾਂ ਨਹੀਂ, ਨਾਲੇ ਇਹ ਕੋਈ ਵਿਗੜਿਆ ਹੋਇਆ ਬੱਚਾ ਨਹੀਂ, ਬੜਾ ਸੰਜੀਦਾ ਬੱਚਾ ਹੈ।''

''ਮੈਂ ਤੁਹਾਨੂੰ ਆਪਣੀ ਤਨਖ਼ਾਹ ਵਿਚੋਂ ਕੁਝ ਐਲਾਊਂਸ ਘਲਾਂਗਾ। ਤੇ ਹੋਰ ਤੁਹਾਨੂੰ ਆਰਮੀ ਤੇ ਨੇਵੀ ਸਟੋਰ ਨਾਲ ਤਉਲਕ ਪੈਦਾ ਕਰਨੇ ਹੋਣਗੇ – ਹਾਂ – ਇਹ ਅਸੀ ਕਰਾ ਲਾਂਗੇ। ਕੀ ਤੁਹਾਡੇ ਕੋਲ ਪੇਨਸਿਲ ਹੈ ? ਮੇਰੇ ਮੋਰਚੇ ਦੇ ਡਾਕਖ਼ਾਨੇ ਦਾ ਨੰਬਰ ਲਿਖ ਲਉ।''

ਰੋਗਾਲਚੁਕ ਨੇ ਪਤਾ ਲਿਖ ਲਿਆ।

"ਅਛਾ, ਸ਼ਾਇਦ ਹੁਣ ਤੁਸੀ ਮੂੰਹ ਹਥ ਧੋਣਾ ਤੇ ਕੰਘੀ ਆਦਿ ਕਰਨਾ ਚਾਹੋ" ਉਹਨੇ ਪੁਛਿਆ, "ਅਹਿ ਚਿਲਮਚੀ ਪਈ ਜੇ ਤੇ ਅਹਿ ਕੁਝ ਪਾਣੀ।"

"ਬਹੁਤ – ਧੰਨਵਾਦ। ਮੈਂ ਤੁਹਾਡਾ ਬਹੁਤਾ ਵਕਤ ਤਾਂ ਨਹੀਂ ਲੈ ਰਿਹਾ?"

"ਨਹੀਂ ਅਜ ਮੇਰਾ ਛੁਟੀ ਦਾ ਦਿਨ ਹੈ।"

"ਮਾਂ ਨੇ ਮੈਨੂੰ ਅਜ ਸਿਨੇਮਾ ਤਕਾਣ ਲੈ ਜਾਣ ਦਾ ਇਕਰਾਰ ਕੀਤਾ ਹੋਇਆ ਹੈ", ਕੋਲੀਆ ਨੇ ਆਖਿਆ, "ਤੁਸੀ ਵੀ ਚਲੋ, ਪਾਪਾ।"

"ਮੇਰੇ ਪੁਤਰ ਮੈਂ ਅਜ ਨਹੀਂ ਜਾ ਸਕਦਾ। ਮੈਂ ਤੁਹਾਨੂੰ ਸਿਨੇਮਾ ਤਕ ਛਡ ਆਵਾਂਗਾ। ਪਰ ਮੈਨੂੰ ਡਰ ਹੈ ਕਿ ਮੇਰੇ ਕੋਲ ਇਸ ਵੇਲੇ ਏਨਾ ਵੀ ਵਕਤ ਨਹੀਂ। ਮੈਨੂੰ ਜਾਣਾ ਈ ਪਏਗਾ।"

ਰੋਗਾਲਚੁਕ ਕਮਰੇ ਵਿਚੋਂ ਬਾਹਰ ਚਲੀ ਗਈ, ਤਾਕਿ ਮੇਜਰ ਨੂੰ ਝਿਜਕ ਨਾ ਹੋਵੇ। ਮੇਜਰ ਨੇ ਕਮਰ ਤੀਕ ਨੰਗਿਆਂ ਹੋ ਕੇ ਮੂੰਹ ਹਥ ਧੋਤਾ ਤੇ ਸਫ਼ਾਈ ਕੀਤੀ। ਉਹਦੇ ਬਾਅਦ ਓਹ ਰੋਗਾਲਚੁਕ ਦੀ ਮੇਜ਼ ਉੱਤੇ ਪਈ ਪਾਸਪੋਰਟ ਨੂੰ ਚੰਗੀ ਤਰ੍ਹਾਂ ਤਕਦਾ ਰਿਹਾ। ਜਦੋਂ ਉਹ ਅੰਦਰ ਦਾਖ਼ਲ ਹੋਈ, ਤਾਂ ਉਹ ਹਾਲੀ ਪੜ੍ਹ ਹੀ ਰਿਹਾ ਸੀ।

ਉਹਨੇ ਕੁਝ ਸ਼ਰਮਾਕੇ ਆਖਿਆ, "ਸੋ ਤੁਹਾਡਾ ਪੂਰਾ ਨਾਂ ਜ਼ਿਨੇਡਾ ਐਂਟੋਨੋਵਨਾ ਹੈ – ਮੇਰਾ ਪੂਰਾ ਨਾਂ ਵਾਜ਼ਿਲੀ ਵਾਜ਼ਿਲ ਯੇਵਿਚ ਹੈ – ਮੇਰੀ ਉਮਰ ਛੱਤੀ ਸਾਲ ਦੀ ਹੈ। ਸਾਨੂੰ ਚੰਗੀ ਤਰ੍ਹਾਂ ਇਕ ਦੂਜੇ ਦਾ ਵਾਕਫ਼ ਹੋਣਾ ਚਾਹੀਦਾ ਹੈ। ਕਿਉਂ ਤੁਹਾਡਾ ਕੀ ਖ਼ਿਆਲ ਹੈ?"

"ਮੇਰਾ ਵੀ ਇਹੋ ਖ਼ਿਆਲ ਹੈ।" ਉਹਨੇ ਮੁਸਕਾਨ-ਮਿਲੀ ਬੋਲੀ ਵਿਚ ਆਖਿਆ।

"ਅਛਾ – ਹੁਣ ਮੇਰੇ ਜਾਣ ਦਾ ਵੇਲਾ ਹੋ ਗਿਆ ਏ।" ਉਹਨੇ ਆਖਿਆ।

ਦੋਹਾਂ ਨੇ ਮੁੰਡੇ ਦੀਆਂ ਉਂਗਲੀਆਂ ਆਪਣੇ ਆਪਣੇ ਹਥ ਵਿਚ ਫੜ ਲਈਆਂ, ਤੇ ਕਠੇ ਬਾਹਰ ਨਿਕਲੇ।

ਟਰੈਮ ਦੇ ਖੜੋਣ ਵਾਲੀ ਥਾਂ ਤੇ ਮੇਜਰ ਨੇ ਆਪਣੇ ਮੁੰਡੇ ਨੂੰ ਚੁਕ ਕੇ ਚੁੰਮਿਆਂ, ਉਹਦਾ ਮੂੰਹ, ਉਹਦੀ ਗਰਦਨ, ਤੇ ਫੇਰ ਉਹਦੀਆਂ ਪਤਲੀਆਂ ਬਾਹਵਾਂ।

"ਜ਼ਿਨੇਡਾ ਐਂਟੋਨੋਵਨਾ ਨੂੰ ਪਿਆਰ ਕਰੀਂ – ਤੇ ਜੋ ਕੁਝ ਉਹ ਆਖੇ, ਉਹਦੇ ਆਖੇ ਲਗਦਾ ਰਹੀਂ।"

"ਕੌਣ!" ਮੁੰਡੇ ਨੇ ਪੁਛਿਆ।

"ਓਹ......ਮਾਮਾ।"

"ਮੈਂ ਤਾਂ ਉਹਨੂੰ ਪਿਆਰ ਕਰਦਾ ਹਾਂ। ਕੀ ਤੁਸੀ ਉਹਨੂੰ ਪਿਆਰ ਕਰਦੇ ਓ!"

ਜ਼ਿਨੇਡਾ ਐਂਟੋਨੋਵਨਾ ਕੁਝ ਪੀਲੀ ਪੈ ਗਈ, ਤੇ ਕਿਸੇ ਅੰਦਰਲੀ ਖਿੱਚ ਕਾਰਣ ਕੁਝ ਦੂਰ ਹੋ ਖੜੋਤੀ।

"ਕੋਲੀਆ, ਪਿਆਰੇ", ਓਹਨੇ ਆਖਿਆ "ਪਾਪਾ ਨੂੰ ਆਖ ਤੇਰੇ ਵਲ ਖ਼ਤ ਲਿਖਦੇ ਰਹਿਣ।"

"ਪਾਪਾ, ਤੁਸੀ ਸਾਨੂੰ ਲਿਖੋਗੇ ਨਾ ?"

"ਹਾਂ, ਤੇ ਤੂੰ ਵੀ ਮੈਨੂੰ ਲਿਖੀਂ, ਕੋਲੀਆ। ਪਰ ਖ਼ਿਆਲ ਰਖੀਂ ਬੜਾ ਬੀਬਾ ਤੇ ਆਗਿਆਕਾਰ ਰਹੀਂ।"

"ਮਾਮਾ, ਤੁਹਾਨੂੰ ਲਿਖਿਆ ਕਰਨਗੇ, ਤੇ ਮੈਂ ਕੁਝ ਵਾਹ ਕੇ ਘਲਿਆ ਕਰਾਂਗਾ।"

"ਚੰਗਾ, ਸਭ ਕੁਝ ਲਈ ਧੰਨਵਾਦ ... ... ਅਸੀਂ ਇਹ ਮੁਆਮਲਾ ਏਥੇ ਹੀ ਛਡਦੇ ਹਾਂ। ਅਛਾ! – ਫੇਰ ਮੈਂ ਜਾਂਦਾ ਹਾਂ, ਗੁਡ-ਬਾਈ, ਜ਼ਿਨੇਡਾ ਐਂਟੋਨੋਵਨਾ", ਤੇ ਪਹਿਲੀ ਵਾਰ ਓਹਨੇ ਸਰਲ, ਤੇ ਖੁਲ੍ਹ ਕੇ ਉਹਦੀਆਂ ਅੱਖਾਂ ਵਿਚ ਤਕਿਆ।

"ਪਰ ਤੁਸੀ ਮਾਮਾ ਨੂੰ ਕਿਉਂ ਨਹੀਂ ਚੁੰਮਦੇ ? ਤੁਸਾਂ ਮੈਨੂੰ

ਚੁੰਮਿਆ ਹੈ, ਪਰ ਮਾਮਾ ਨੂੰ ਨਹੀਂ। ਕਿਉਂ, ਪਾਪਾ ?''

ਬਰਾਸ਼ਹਨੈਂਵ ਨੇ ਉਹਦੇ ਮੋਢਿਆਂ ਦੁਆਲੇ ਬਾਹਵਾਂ ਪਾ ਕੇ ਹੌਲੀ ਜਿਹੀ ਉਹਦੇ ਮਥੇ ਨੂੰ ਆਪਣਿਆਂ ਬੁਲ੍ਹਾਂ ਨਾਲ ਛੁਹਿਆ।

''ਬਹੁਤ ਧੰਨਵਾਦ, ਮੇਰਾ ਦਿਲੀ ਸ਼ੁਕਰੀਆ।''

ਉਹ ਟਰੈਮ ਦੇ ਉਤੇ ਚੜ੍ਹ ਗਿਆ, ਤੇ ਭਾਵੇਂ ਓਹਦੇ ਵਿਚ ਕਾਫ਼ੀ ਵਿਹਲੀਆਂ ਸੀਟਾਂ ਸਨ, ਓਹ ਪੌੜੀਆਂ ਤੇ ਖੜੋਤਾ ਤੇ ਬੜੀ ਦੇਰ ਉਸ ਅਨਜਾਣੀ ਇਸਤ੍ਰੀ ਦੇ ਨਾਜ਼ਕ ਜਿਸਮ ਨੂੰ, ਤੇ ਉਸਦੇ ਨਾਲ ਖੜੋਤੇ ਨਾਜ਼ਕ ਮੁੰਡੇ ਨੂੰ ਤਕਦਾ ਰਿਹਾ।

✱